ਸਾਹਿਤ, ਸਮੀਖਿਆ ਅਤੇ ਸਭਿਆਚਾਰ ਨੂੰ ਸਮਰਪਤ
ਤ੍ਰੈ-ਮਾਸਕ ਪੰਜਾਬੀ ਮੈਗਜ਼ੀਨ

ਪ੍ਰਵਚਨ

ਦੇ 19ਵੇਂ ਵਰ੍ਹੇ ਵਿਚ ਪ੍ਰਵੇਸ਼ ਕਰਨ 'ਤੇ

ਸ਼ੁਭ ਕਾਮਨਾਵਾਂ



ਪ੍ਰੋ. ਡੀ. ਆਰ ਸ਼ਰਮਾ

ਵਲੋਂ


ਸ਼ਰਮਾ ਪਬਲੀਕੇਸ਼ਨਜ਼

118, ਟਾਂਡਾ ਰੋਡ, ਜਲੰਧਰ-144008

79


ISSN:2231-6930

# ਪ੍ਰਵਚਨ




ਅਪ੍ਰੈਲ-ਜੂਨ, 2020 ਮੁੱਲ 75 ਰੁਪਏ, ਪੌਂਡ 4

## ਰਜਨੀਸ਼ ਬਹਾਦਰ ਸਿੰਘ ਦਾ ਆਲੋਚਨਾ ਸੰਸਾਰ




ਰਜਨੀਸ਼ ਬਹਾਦਰ ਸਿੰਘ ਕੁਝ ਵਰ੍ਹਿਆ 'ਚ ਈ ਆਪਣੀ ਵਿਦਵਤਾ ਤੇ ਪ੍ਰਤਿਭਾ ਸਦਕੇ ਪੁਸਤਕ ਸਮੀਖਿਅਕ ਤੇ ਆਲੋਚਕ ਵਜੋਂ ਤੇਜ਼ੀ ਨਾਲ ਉੱਭਰ ਕੇ ਸਥਾਪਤ ਹੋਇਆ ਏ। ਉਹ ਪ੍ਰਤਿਬਧ ਮਾਰਕਸਵਾਦੀ ਆਲੋਚਨਾ ਦੇ ਸਿਧਾਂਤ 'ਤੇ ਚਲਦਾ ਹੋਇਆ ਕਿਸੇ ਵੀ ਵਾਦ ਦੇ ਸਮੇਂ ਨਾਲ ਬਦਲਦੇ ਚਿੰਤਨ ਨੂੰ ਵਾਚਦਾ ਹੈ।

ਏਸ ਤੋਂ ਪਹਿਲਾਂ ਦੇ ਮਾਰਕਸਵਾਦੀ ਆਲੋਚਕ ਪਹਿਲਾਂ ਵਿਸ਼ੇ ਬਾਰੇ ਸੋਚਦੇ ਸੀ ਤੇ ਫਿਰ ਨਿਭਾਵ ਬਾਰੇ। ਓਸ ਰਚਨਾ ਦੇ ਚੰਗਾ ਮਾੜਾ ਸਾਹਿਤ ਹੋਣ ਜਾਂ ਨਾ ਹੋਣ ਦਾ ਦਾਰੋਮਦਾਰ ਲੇਖਕ ਦੀ ਨੀਅਤ ਨੂੰ ਮੰਨਿਆ ਜਾਂਦਾ ਸੀ। ... ਰਜਨੀਸ਼ ਮਾਰਕਸਵਾਦੀ ਤਾਂ ਹੈ ਪਰ ਸਮੇਂ ਦੇ ਚਿੰਤਨ ਦੇ ਨਾਲ ਤੁਰਨਾ ਜਾਣਦਾ ਹੈ। ਉਹਦੇ 'ਚ ਕਈ ਕੰਮਾਂ ਨੂੰ ਇਕੋ ਵਾਰੀ ਹੱਥ ਪਾਓਣ ਤੇ ਨਿਭਾਉਣ ਦੀ ਸਮਰਥਾ ਹੈ। ਆਪਣੀ ਕਮਾਲ ਦੀ ਯਾਦ ਸ਼ਕਤੀ, ਤੀਬਰ ਬੁੱਧੀ-ਵਿਵੇਕ ਕਰ ਕੇ ਉਹਦੇ ਚਿੰਤਨ 'ਚ ਗਹਿਰਾਈ ਪੈਦਾ ਹੁੰਦੀ ਗਈ ਏ। -ਪ੍ਰੇਮ ਪ੍ਰਕਾਸ਼




ਪ੍ਰਕਾਸ਼ਕ: ਚੇਤਨਾ ਪ੍ਰਕਾਸ਼ਨ ਲੁਧਿਆਣਾ
ਸਫੇ: 208 ਕੀਮਤ: 300/-

ਡਾ. ਰਜਨੀਸ਼ ਬਹਾਦਰ ਸਿੰਘ ਪੰਜਾਬੀ ਆਲੋਚਕਾਂ ਦੀ ਉਸ ਤਕਰੀਬਨ ਗੁਆਚ ਰਹੀ ਸ਼੍ਰੇਣੀ ਦਾ ਨੁਮਾਇੰਦਾ ਹੈ ਜੋ ਨਾ ਸਿਰਫ਼ ਸਿਧਾਂਤਕ ਸੂਝ ਦੇ ਧਨੀ ਹਨ, ਬਲਕਿ ਇਸ ਸੂਝ ਨੂੰ ਬਦਲਦੇ ਹਾਲਾਤ ਦੀ ਸਾਣ ਉਤੇ ਲਗਾਤਾਰ ਤਿੱਖਿਆਂ ਕਰਦੇ ਰਹਿਣ ਦੇ ਉਪਰਾਲੇ ਵਿਚ ਵੀ ਰਹਿੰਦੇ ਹਨ। ਆਪਣੇ ਇਨ੍ਹਾਂ ਗੁਣਾਂ ਕਾਰਨ ਹੀ ਇਹ ਸਾਡੀ ਬੋਲੀ ਦਾ ਉਹ ਆਲੋਚਕ ਹੈ ਜਿਸਦੀ ਨਾ ਤਾਂ ਕਦੇ ਦ੍ਰਿਸ਼ਟੀ ਧੁੰਦਲਾਈ ਹੈ ਅਤੇ ਨਾ ਹੀ ਕਦੇ ਉਸਦੇ ਵਿਚਾਰਾਂ ਵਿਚ ਖੜੋਤ ਦਾ ਅਹਿਸਾਸ ਹੋਇਆ ਹੈ। ਹਥਲੀ ਪੁਸਤਕ ਵਿਚ ਡਾ. ਰਜਨੀਸ਼ ਬਹਾਦਰ ਸਿੰਘ ਨੇ ਆਪਣੀ ਆਲੋਚਨਾਤਮਕ ਪ੍ਰਤਿਭਾ ਨੂੰ ਕਹਾਣੀ ਦੀ ਵਿਧਾ ਉਤੇ ਕੇਂਦਰਤ ਕਰਦੇ ਹੋਏ, ਜੇ ਇਕ ਪਾਸੇ ਪੰਜਾਬੀ ਕਹਾਣੀ ਦੀ ਸਮੁੱਚੀ ਇਤਿਹਾਸਕਾਰੀ ਪੇਸ਼ ਕੀਤੀ ਹੈ, ਤਾਂ ਦੂਜੇ ਪਾਸੇ ਇਸ ਦੀਆਂ ਵੱਖੋ-ਵੱਖ ਧਾਰਾਵਾਂ ਦੀ ਵੀ ਨਿਸ਼ਾਨਦੇਹੀ ਕੀਤੀ ਹੈ। ਕਹਾਣੀਆਂ ਵਿਚ ਪਾਤਰਾਂ ਦੀ ਖੁਦਮੁਖਤਾਰੀ ਦਾ ਨਿਵੇਕਲਾ ਪੈਮਾਨਾ ਸਿਰਜ ਕੇ ਉਸਨੇ ਸਾਡੇ ਸਾਹਿਤ ਦੇ ਮੰਨੇ ਕਹਾਣੀਕਾਰਾਂ ਦੀਆਂ ਪਰਮੰਨੀਆਂ ਕਹਾਣੀਆਂ ਦਾ ਵਿਸ਼ਲੇਸ਼ਣਵ ਿਕ ਤਿਾਹੈ ॥ ਇਸਕ ਾਰਨਡ ਾ.ਰ ਜਨੀਸ਼ ਬਹਾਦਰ ਸਿੰਘ ਦੀ ਇਹ ਰਚਨਾ ਨਾ ਸਿਰਫ਼ ਪੰਜਾਬੀ ਕਹਾਣੀ ਦੇ ਖੋਜਾਰਥੀਆਂ, ਸਗੋਂ ਆਮ ਪਾਠਕਾਂ ਦੀ ਵੀ ਦਿਲਚਸਪੀ ਦਾ ਬਾਇਸ ਬਣਨ ਦੀ ਸਮਰੱਥਾ ਰੱਖਦੀ ਹੈ।

-ਸੁਕੀਰਤ

## ਜਸ ਮੰਡ ਦਾ ਰਚਨਾ ਸੰਸਾਰ







ਮਾਸਕੋ ਤੋਂ ਅੰਤਰਰਾਸ਼ਟਰੀ ਕਾਨੂੰਨ ਵਿਚ ਪੀ ਐਚ. ਡੀ. ਪ੍ਰਾਪਤ ਜਸ ਮੰਡ ਦੀ ਪੁਸਤਕ '*ਮਸ਼ਕੂਲੇ*' ਅਸਲ ਵਿਚ ਸੋਵੀਅਤ ਯੂਨੀਅਨ ਤੇ ਪੰਜਾਬੀ ਸਮਾਜ ਦਾ ਮਜ਼ਾਕਾਂ ਰਾਹੀਂ ਕੀਤਾ ਡੂੰਘਾ ਵਿਸ਼ਲੇਸ਼ਣ ਹੈ। ਉਸਦੀ ਅੰਗਰੇਜ਼ੀ ਵਿੱਚ ਲਿਖੀ ਤੇ ਹਿੰਦੀ ਤਰਜਮੇ ਵਿੱਚ ਵੀ ਛਪੀ ਪੁਸਤਕ *'The Secret Of Happiness'* ਖੁਸ਼ੀ ਦੇ ਸੰਕਲਪ ਬਾਰੇ ਗੰਭੀਰ ਖੋਜ ਵੀ ਹੈ, ਤੇ ਸ਼ਖਸੀਅਤ ਉਸਾਰੀ ਦੀ ਰਾਹ-ਦਸੇਰਾ ਵੀ। ਉਸਦੇ ਸਫਰਨਾਮੇ '*ਕਾਲੇ ਸਾਗਰ ਚਿੱਟੇ ਪਰਬਤ*' ਤੇ '*ਰੇਤੀਲੇ ਤੇ ਬਰਫੀਲੇ ਮਾਰੂਥਲ*' ਪੰਜਾਬੀ ਯਾਤਰੂਆਂ ਤੇ ਟ੍ਰੈਕਰਾਂ ਨੂੰ ਘਰ ਬੈਠੇ ਸੈਰ ਕਰਵਾਣ ਦੇ ਨਾਲ-ਨਾਲ ਉਨ੍ਹਾਂ ਨੂੰ ਸੈਰ ਕਰਨ ਲਈ ਉਕਸਾਂਦੇ ਵੀ ਹਨ, ਤੇ ਸੈਰ-ਸਪਾਟੇ ਦੀ ਗਾਈਡ ਦਾ ਕੰਮ ਵੀ ਕਰਦੇ ਹਨ। ਪੰਜ ਦਰਜਨਾਂ ਤੋਂ ਵੱਧ ਦੇਸਾਂ ਦੀ ਸੈਰ ਕਰ ਚੁੱਕੇ ਇਸ ਘੁਮੱਕੜ ਚਿੰਤਕ ਦੀਆਂ ਕਿਰਤਾਂ ਹਰ ਪੰਜਾਬੀ ਨੂੰ ਕੇਵਲ ਪੜ੍ਹਨੀਆਂ ਹੀ ਨਹੀਂ, ਸਗੋਂ ਚਿੱਥਣੀਆਂ ਚਾਹੀਦੀਆਂ ਹਨ।

**- ਡਾ. ਰਜਨੀਸ਼ ਬਹਾਦਰ ਸਿੰਘ**

## ਸੰਤੋਖ ਧਾਲੀਵਾਲ ਦਾ ਗਲਪ ਸੰਸਾਰ



ਸੰਤੋਖ ਧਾਲੀਵਾਲ ਪਰਵਾਸੀ ਜੀਵਨ ਵਰਤਾਰੇ ਨੂੰ ਨਿਰੰਤਰਤਾ ਵਿਚ ਚਿਤਰਣ ਵਾਲਾ ਗਲਪਕਾਰ ਹੈ। ਉਸਨੇ 'ਉਖੜੀਆਂ ਪੈੜਾਂ' ਤੋਂ ਲੈ ਕੇ 'ਰਿਸ਼ਤਿਆਂ ਦੇ ਮਾਰੂਥਲ' (ਨਾਵਲ) ਅਤੇ ਨੱਚਦੇ ਮੋਰਾਂਵਾਲੀ ਚਾਦਰ ਤੋਂ ਲੈ ਕੇ ਪਉੜੀ (ਕਹਾਣੀ ਸੰਗ੍ਰਹਿ) ਤਕ ਕਥਾ-ਵਸਤੂ, ਬਿਰਤਾਂਤਕ ਪੈਟਰਨ ਅਤੇ ਦਿਸ਼ਟੀਗਤ ਪਾਸਾਰਾਂ ਤੋਂ ਵਿਕਾਸ ਕੀਤਾ ਹੈ। ਇਹੀ ਅਹਿਸਾਸ ਉਸਦੇ ਨਾਵਲ ਤੇ ਕਹਾਣੀਆਂ ਪੜ੍ਹ ਕੇ ਹੁੰਦਾ ਹੈ। ਪੰਜਾਬੀ ਗਲਪ ਜਗਤ ਵਿਚ ਉਸਦੀਆਂ ਕਿਰਤਾਂ ਦਾ ਸਵਾਗਤ ਹੈ। **-ਡਾ. ਪਰਮਜੀਤ ਕੌਰ ਸਿੱਧੂ**

'ਪ੍ਰਵਚਨ' ਸਾਹਿਤ, ਸਮੀਖਿਆ ਤੇ ਸੱਭਿਆਚਾਰ ਨੂੰ ਸਮਰਪਿਤ, ਯੂ.ਜੀ.ਸੀ.
ਕੇਅਰ ਲਿਸਟ ਅਨੁਸਾਰ ਪ੍ਰਵਾਨਿਤ ਤ੍ਰੈ-ਮਾਸਿਕ ਪਤ੍ਰਿਕਾ

ਸਾਲ : 19 ਪੁਸਤਕ ਲੜੀ : 79 ਅਪ੍ਰੈਲ-ਜੂਨ, 2020

ਸੰਪਾਦਕ:
ਡਾ. ਰਜਨੀਸ਼ ਬਹਾਦਰ ਸਿੰਘ
9, Raseela Nagar
Adjoining Asharam,
Jalandhar-144002
Mob: 98148-60778
pravachan07@gmail.com
www.pravachan.org
ਸੰਤੋਖ ਸਿੰਘ ਧਾਲੀਵਾਲ
65 Wroxham Drive, Wollation,
Nottingham NG8 2QR, U.K.

ਵਿਸ਼ੇਸ਼ ਸਲਾਹਕਾਰ: ਜਸ ਮੰਡ

ਸਹਿਯੋਗ
ਡਾ. ਕੁਲਵੰਤ ਸਿੰਘ ਸੰਧੂ
ਡਾ. ਜਸਵਿੰਦਰ ਸਿੰਘ
ਬਲਬੀਰ ਪਰਵਾਨਾ
ਡਾ. ਪਰਮਜੀਤ ਕੌਰ ਸਿੱਧੂ
ਵਰਿੰਦਰ ਪਰਿਹਾਰ,
ਡਾ. ਹਰਭਜਨ ਸਿੰਘ ਢਿੱਲੋਂ (ਕੈਲਗਰੀ)

ਚੰਦਿਆਂ ਦਾ ਵੇਰਵਾ:

| | |
|---|---|
| India | Rs. 75 Per Issue |
| | Rs. 300 Per Year |
| | Rs.1500 Per 5 Years |
| U.K. | £4 Per issue |
| | £15 Per Year |
| | £75 Per 5 Years |
| U.S.A./ | $30 Per Year |
| Canada | $30 Per Year |
| | $150 Per 5 Years. |

ਅੰਦਰ ਪੜ੍ਹੋ:

**ਸੰਪਾਦਕੀ**

✶ ਚੁਣੌਤੀਆਂ ਦੇ ਸਨਮੁਖ ਸਮਕਾਲੀ ਪੰਜਾਬੀ ਸਾਹਿਤ/***ਰਜਨੀਸ਼ ਬਹਾਦਰ ਸਿੰਘ****/02*

**ਆਲੋਚਨਾ:**

✶ ਬਸਤੀਵਾਦੀ ਦੌਰ ਦਾ ਸੰਕਟ ਅਤੇ ਭਾਈ ਵੀਰ ਸਿੰਘ ਦੇ ਨਾਵਲ *-**ਡਾ. ਪਰਮਜੀਤ ਕੌਰ ਸਿੱਧੂ** /08*
✶ ਦਰਸ਼ਨ ਧੀਰ ਰਚਿਤ ਨਾਵਲ 'ਅਜਮਾਇਸ਼': ਬਿਰਤਾਂਤਕਾਰੀ *-**ਡਾ. ਧਨਵੰਤ ਕੌਰ**/16*
✶ ਬਲਬੀਰ ਪਰਵਾਨਾ ਰਚਿਤ: ਭੋਗਵਾਦੀ ਬਿਰਤੀ...*-**ਨਵਜੋਤ ਕੌਰ** /25*

**ਕਹਾਣੀਆਂ:**

✶ ਊਧਮ ਸਿੰਘ ਦੀ ਜੱਸੀ *-**ਮਨਮੋਹਨ ਬਾਵਾ** /30*
✶ ਸਾਡੇ ਹਿੱਸੇ ਦਾ ਹਿੰਦੁਸਤਾਨ *- **ਅਤਰਜੀਤ**/42*

**ਰਚਨਾ ਦੀਆਂ ਅੰਤਰੀਵ ਪਰਤਾਂ**: 12

✶ ਸਹਿਜ ਤੋਂ ਸਹਿਜ ਵਾਇਆ ਅਸਹਿਜਤਾ ਦਾ ਬਿਰਤਾਂਤ: ਚਸ਼ਿਮ ਬੁਲਬੁਲ *- **ਰਜਨੀਸ਼ ਬਹਾਦਰ ਸਿੰਘ**/63*

**ਕਵਿਤਾਵਾਂ:**

✶ ਮਦਨ ਵੀਰਾ, ਹਰਵਿੰਦਰ ਭੰਡਾਲ, ਰਾਜਵਿੰਦਰ ਮੀਰ, ਹਰਮੀਤ ਵਿਦਿਆਰਥੀ, ਸਰਬਜੀਤ ਕੌਰ ਜੱਸ, ਨਰਿੰਦਰਪਾਲ ਕੌਰ, ਜੈ ਪਾਲ, ਸੰਤੋਖ ਸਿੰਘ ਸੁੱਖੀ, ਡਾ. ਕੁਲਦੀਪ ਸਿੰਘ ਦੀਪ, ਬਖਤਾਵਰ ਸਿੰਘ ਧਾਲੀਵਾਲ, ਸਤਪਾਲ ਭੀਖੀ /76-89
✲ **ਪੁਸਤਕ ਪੜਚੋਲ**/90
✲ **ਪਾਠਕ ਪ੍ਰਤੀਕਿਰਿਆ**/94

☛ ਸੰਪਾਦਕੀ ਬੋਰਡ ਦਾ ਲੇਖਕ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।
☛ ਨੋਟ: ਚੰਦੇ ਕੇਵਲ ਚੈੱਕ ਜਾਂ ਡਰਾਫਟ ਰਾਹੀਂ ਸੰਪਾਦਕ Rajnish Bahudar Singh ਦੇ ਨਾਂ ਭੇਜੇ ਜਾਣ।
☛ ਪਰਚਾ 'ਪ੍ਰਵਚਨ' ਜਸਵਿੰਦਰ ਸਿੰਘ ਮੰਡ ਨੇ Bright Printing Press, Mohalla Kishanpura, Jalandhar ਤੋਂ ਛਪਵਾ ਕੇ ਪਿੰਡ-ਮੰਡ ਮੌੜ, ਡਾਕਖਾਨਾ: ਕਰਤਾਰਪੁਰ, ਜ਼ਿਲ੍ਹਾ ਜਲੰਧਰ-144801 ਤੋਂ ਪ੍ਰਕਾਸ਼ਤ ਕੀਤਾ।
☛ ਟਾਈਪ ਸੈਟਿੰਗ ਤੇ ਡਿਜ਼ਾਇਨ: 5ਆਬ ਪ੍ਰਕਾਸ਼ਨ, ਦੇਸ਼ ਭਗਤ ਯਾਦਗਾਰ ਬਿਲਡਿੰਗ, ਜਲੰਧਰ, ਫੋਨ: 98140-87063

# ਚੁਣੌਤੀਆਂ ਦੇ ਸਨਮੁਖ ਸਮਕਾਲੀ ਪੰਜਾਬੀ ਸਾਹਿਤ

ਮਨੁੱਖ ਪ੍ਰਕ੍ਰਿਤਕ ਹੋਂਦ ਤੋਂ ਲੈ ਕੇ ਸਮਾਜਿਕ ਹੋਂਦ ਦੇ ਸਫ਼ਰ ਸਮੇਂ ਮੁੱਢ ਤੋਂ ਹੀ ਚੁਣੌਤੀਆਂ ਨੂੰ ਵਿਅਕਤੀ ਅਤੇ ਸਮੂਹ ਪੱਧਰ ਉੱਤੇ ਟੱਕਰਦਾ ਰਿਹਾ ਅਤੇ ਰਸਤੇ ਕਢਦਾ ਰਿਹਾ ਹੈ। ਇਹ ਚੁਣੌਤੀਆਂ ਉਸ ਦੀ ਸੰਵੇਦਨਾ ਨੂੰ ਟੁੰਬਦੀਆਂ ਰਹੀਆਂ ਹਨ। ਚੁਣੌਤੀਆਂ ਸਮੇਂ ਅਤੇ ਉਸ ਉਤੇ ਫਤਿਹ ਪਾ ਕੇ ਦੁਖ ਅਤੇ ਸੁਖ ਦੀਆਂ ਭਾਵਨਾਵਾਂ ਦੀ ਅਭੀਵਿਅਕਤੀ ਕਰਦਾ ਰਿਹਾ ਹੈ। ਇਹ ਦੁੱਖ-ਸੁੱਖ ਦਾ ਪ੍ਰਗਟਾਵਾ ਸੂਖ਼ਮ ਕਲਾਵਾਂ ਦਾ ਅਧਾਰ ਬਣਦਾ ਰਿਹਾ ਹੈ। ਜਦੋਂ ਸ਼ਬਦ ਅਤੇ ਉਸਦੇ ਪ੍ਰਗਟਾਵੇ ਦੇ ਸਾਧਨ ਵਿਕਸਤ ਨਹੀਂ ਹੋਏ ਸਨ ਤਾਂ ਇਨ੍ਹਾਂ ਭਾਵਨਾਵਾਂ ਦਾ ਪ੍ਰਗਟਾਵਾ ਸਰੀਰਕ ਕਿਰਿਆਵਾਂ ਦੇ ਰੂਪ ਵਿਚ ਹੁੰਦਾ ਸੀ। ਖ਼ੁਸ਼ੀ ਵਿਚ ਚੀਕਾਂ ਮਾਰਨ ਤੋਂ ਲੈ ਕੇ ਭੱਜਣ-ਨੱਠਣ ਅਤੇ ਛਾਲਾਂ ਮਾਰਨ ਅਤੇ ਪੱਥਰਾਂ ਦੀ ਤਰਤੀਬ, ਗੁਫਾਵਾਂ ਦੀਆਂ ਕੰਧਾਂ ਉੱਤੇ ਚਿੱਤਰ ਵਾਹਣੇ; ਉਹ ਚਾਹੇ ਉਸਦੇ ਆਪਣੇ, ਜਾਨਵਰਾਂ ਜਾਂ ਫੁੱਲ ਪੱਤੀਆਂ ਦੇ ਹੋਣ। ਇਹ ਸਮਾਜਿਕ ਵਿਵਸਥਾ ਦੇ ਸਥਾਪਿਤ ਹੋਣ ਦੇ ਮੁਢਲੇ ਦੌਰ ਦੀਆਂ ਗੱਲਾਂ ਹਨ। ਸਮਾਜਿਕ ਵਿਵਸਥਾ ਨੇ ਮਨੁੱਖ ਲਈ ਜਿਥੇ ਜੀਵਨ ਨੂੰ ਨਿਯਮਤ ਕੀਤਾ, ਉਥੇ ਵਿਅਕਤੀ ਲਈ ਸਮੱਸਿਆਵਾਂ ਵੀ ਖੜ੍ਹੀਆਂ ਕੀਤੀਆਂ। ਇਨ੍ਹਾਂ ਸਮੱਸਿਆਵਾਂ ਨੇ ਵਿਅਕਤੀ ਦੇ ਸੁਪਨਿਆਂ ਸਾਹਮਣੇ ਚੁਣੌਤੀ ਖੜ੍ਹੀ ਕਰ ਦਿੱਤੀ। ਇਸ ਸੁਪਨੇ ਵਿਚੋਂ ਕਲਪਨਾ ਆਪਣਾ ਸਰੂਪ ਗ੍ਰਹਿਣ ਕਰਦੀ ਹੈ। ਇਹ ਸੁਪਨਾ ਵਿਅਕਤੀ ਤੋਂ ਸਮੂਹਾਂ ਤੱਕ ਫੈਲਦਾ ਹੈ। ਇਸ ਸਮੂਹਿਕ ਚੇਤਨਾ ਵਿਚੋਂ ਸਮਾਜਿਕ ਚੇਤਨਾ ਪੈਦਾ ਹੁੰਦੀ ਹੈ। ਇਹ ਚੇਤਨਾ ਚੁਣੌਤੀਆਂ ਵਿਚੋਂ ਪੈਦਾ ਹੁੰਦੀ ਹੈ। ਇਸ ਵਰਤਾਰੇ ਵਿਚੋਂ ਹੀ ਅੰਤਰਮੁੱਖਤਾ ਅਤੇ ਬਾਹਰਮੁੱਖਤਾ ਸਾਹਿਤ ਦੀਆਂ ਵਿਧਾਵਾਂ ਵਿਚੋਂ ਪ੍ਰਗਟ ਹੁੰਦੀ ਹੈ। ਮੁੱਢਲੇ ਰੂਪ ਵਿਚਲਾ ਸਮੁੱਚਾ ਗਿਆਨ ਪ੍ਰਬੰਧ ਸਾਹਿਤ ਰਾਹੀਂ ਹੀ ਪ੍ਰਗਟ ਹੁੰਦ ਸੀ ਪ੍ਰੰਤੂ ਨਵੇਂ ਪ੍ਰਬੰਧ ਨੇ ਗਿਆਨ ਨੂੰ ਅਨੁਸ਼ਾਸਨਾਂ ਵਿਚ ਵੰਡ ਦਿੱਤਾ; ਇਸ ਤਰ੍ਹਾਂ ਸਾਹਿਤ ਗਿਆਨ ਦਾ ਸੁਤੰਤਰ ਅਨੁਸ਼ਾਸਨ ਪੈਦਾ ਹੋ ਗਿਆ। ਸਾਹਿਤ ਜੀਵਨ ਮੁੱਲਾਂ ਦੇ ਪ੍ਰਤਿਮਾਨ ਸਥਾਪਿਤ ਹੀ ਨਹੀਂ ਕਰਨ ਲੱਗ ਪਿਆ, ਸਗੋਂ ਮਨੁੱਖੀ ਸੰਘਰਸ਼ ਅਤੇ ਉਸ ਵਿੱਚੋਂ ਸੰਭਾਵੀ ਮੁੱਲਾਂ ਦੀ ਨਿਸ਼ਾਨਦੇਹੀ ਵੀ ਕਰਨ ਲੱਗਾ। ਸਾਹਿਤ ਦੇ ਕੇਂਦਰ ਵਿਚਲਾ ਮਨੁੱਖ ਖਲਾਅ ਵਿਚੋਂ ਨਹੀਂ ਸਗੋਂ ਇਕ ਪਰੰਪਰਾ ਵਿਚੋਂ ਉਭਰਦਾ ਰਿਹਾ। ਸਾਹਿਤ ਨਾਲ ਜੁੜੇ ਚਿੰਤਨ ਨੇ ਉਸਦੇ ਸੁਭਾਅ, ਸਰੂਪ ਅਤੇ ਪ੍ਰਯੋਜਨ ਦੀ ਵਿਆਖਿਆ ਸ਼ੁਰੂ ਕਰ ਦਿੱਤੀ। ਇਸ ਤਰ੍ਹਾਂ ਆਧੁਨਿਕ ਸਮੇਂ ਤਕ ਆਉਂਦੇ-ਆਉਂਦੇ ਸਾਹਿਤ ਮਨੁੱਖੀ ਜੀਵਨ ਦੇ ਇਤਿਹਾਸ ਦਾ ਪ੍ਰਮਾਣਿਕ ਦਸਤਾਵੇਜ਼ ਬਣ ਗਿਆ। ਇਸ ਵਿਚੋਂ ਹੀ ਸਾਹਿਤ ਦੀ ਸਥਾਨਕਤਾ ਪੈਦਾ ਹੁੰਦੀ ਹੈ, ਜਿਹੜੀ ਭੂਗੋਲਿਕ ਖਿੱਤੇ ਵਿਚੋਂ ਮਨੁੱਖੀ ਸੁਭਾਅ ਨੂੰ ਰੇਖਾਂਕ੍ਰਿਤ ਕਰਨ ਲੱਗ ਪਈ। ਇਸ ਸੁਭਾਅ ਅਨੁਸਾਰ ਹੀ ਸਮਾਜ ਅਤੇ ਵਿਅਕਤੀ ਚੁਣੌਤੀਆਂ ਨੂੰ ਸਵੀਕਾਰ ਕਰਦੇ ਹਨ ਅਤੇ ਫਿਰ ਸਿਰਜਣਕਾਰੀ ਰਾਹੀਂ ਇਸ ਨੂੰ ਪੇਸ਼ ਕਰਦੇ ਹਨ। ਆਦਿ ਕਾਲ ਵਿਚ ਸਮਾਜਿਕ ਵਿਵਸਥਾ ਦੇ ਪੜਾਅ ਮਹਾਂ-ਕਾਵਿ ਦਾ ਆਧਾਰ ਬਣਦੇ ਰਹੇ ਹਨ। ਭਾਰਤੀ ਜੀਵਨ ਜਾਚ ਦਾ ਇਕ ਕੇਂਦਰੀ ਨੁਕਤਾ ਸੀ ਅਤੇ ਦੂਜਾ ਇਲਾਕਾਈ, ਇਸ ਤਰ੍ਹਾਂ ਕੇਂਦਰ ਅਤੇ ਖੇਤਰਾਂ ਵਿਚਕਾਰ ਸਾਂਝ ਅਤੇ ਵਿਲੱਖਣਤਾ ਦਾ ਰਿਸ਼ਤਾ ਬਣਿਆ ਰਿਹਾ ਹੈ। ਮੱਧ ਕਾਲ ਤੋਂ ਲੈ ਕੇ ਆਧੁਨਿਕ ਕਾਲ ਤਕ ਸਾਹਿਤ ਦੀਆਂ ਚੁਣੌਤੀਆਂ ਨੂੰ ਸਵੀਕਾਰਨ ਅਤੇ ਉਨ੍ਹਾਂ ਨੂੰ ਸਿਰਜਣਕਾਰੀ ਦਾ ਅਧਾਰ ਬਣਾਉਣ ਦੀ ਇਕ ਨਿੱਗਰ ਪਰੰਪਰਾ ਰਹੀ ਹੈ। ਇਸ ਪਰੰਪਰਾ ਦੇ ਵੱਡੇ ਸਰੋਕਾਰ ਸਮਾਜਿਕ ਸਮਨਵੇਂ 'ਚ ਰਹੇ ਹਨ। ਮੱਧ ਕਾਲ ਸਮੇਂ ਭਗਤੀ ਲਹਿਰ ਨੇ

ਦੱਖਣ ਤੋਂ ਸ਼ੁਰੂ ਹੋ ਕੇ ਉੱਤਰ ਤੱਕ ਧਾਰਮਿਕ ਮੁਹਾਵਰੇ ਰਾਹੀਂ ਵਿਅਕਤੀ ਦੀ ਆਜ਼ਾਦੀ ਦੇ ਵੱਡੇ ਮਸਲਿਆਂ ਨੂੰ ਸਿਰਜਣਕਾਰੀ ਦਾ ਅਧਾਰ ਬਣਾਇਆ। ਪ੍ਰੋਹਿਤ ਸ਼੍ਰੇਣੀ ਦੀ ਪਿਛਾਖੜੀ ਸੋਚ ਉੱਤੇ ਸਭ ਤੋਂ ਵੱਡੇ ਹਮਲੇ ਭਗਤੀ ਲਹਿਰ ਦੇ ਸਮੇਂ ਹੋਏ ਹਨ। ਰੱਬ ਅਤੇ ਵਿਅਕਤ ਦੇ ਮੇਲ ਲਈ ਪ੍ਰੋਹਿਤ ਸ਼੍ਰੇਣੀ ਦੇ ਦਖਲ ਨੂੰ ਭਗਤੀ ਲਹਿਰ ਨੇ ਰੱਦ ਕਰ ਦਿੱਤਾ। ਇਹ ਗੱਲ ਵੱਖਰੀ ਹੈ ਕਿ ਕੁਝ ਸਮੇਂ ਬਾਅਦ ਸਮਾਜਿਕ ਸਮਤਾ ਦਾ ਪ੍ਰਚਾਰ ਕਰਨ ਵਾਲੇ ਭਗਤ ਵੀ ਰੱਬੀ ਦਰਜਾ ਪ੍ਰਾਪਤ ਕਰ ਗਏ, ਉਨ੍ਹਾਂ ਦੀਆਂ ਸਿੱਖਿਆਵਾਂ ਪਿੱਛੇ ਅਤੇ ਉਨ੍ਹਾਂ ਦੀ ਪੂਜਾ ਅੱਗੇ ਆ ਗਈ।

ਭਗਤੀ ਲਹਿਰ ਸਮੇਂ ਹੀ ਪੰਜਾਬੀ ਕੌਮੀਅਤ ਆਪਣਾ ਅਜ਼ਾਦ ਸਰੂਪ ਸਥਾਪਿਤ ਕਰਦੀ ਹੈ। ਇਹ ਚਿੰਤਨ ਨੇ ਪੱਧਰ ਉੱਤੇ ਹੀ ਨਹੀਂ, ਭਾਸ਼ਾ ਦੇ ਪੱਧਰ ਉੱਤੇ ਵੀ ਵਾਪਰਦਾ ਹੈ। ਬਾਰ੍ਹਵੀ ਸ਼ਤਾਬਦੀ ਵਿਚ ਧਰਮ ਦੀ ਸਨਾਤਨੀ ਸੁਰ ਦੀ ਜੜ੍ਹ ਚੇਤਨਾ ਦੇ ਵਿਰੋਧ ਵਿਚ ਪਿਛਾਖੜੀ ਚਿੰਤਨ ਦੀ ਚੁਣੌਤੀ ਨੂੰ ਸਵੀਕਾਰ ਕਰਦੇ, ਇਕ ਨਾਬਰੀ ਸਮਾਜਿਕ ਸਮਤਾ ਦੀ ਵਕਾਲਤ ਕਰਨ ਵਾਲੀ ਸੁਰ ਉਭਰਦੀ ਹੈ। ਮੁੱਢ ਵਿਚ ਇਸ ਸੁਰ ਦਾ ਕੇਂਦਰ ਸੂਫ਼ੀ ਚਿੰਤਨ ਬਣਦਾ ਹੈ। ਇਸ ਚਿੰਤਨ ਦੇ ਕੇਂਦਰ ਮੱਧ ਪੂਰਬ ਏਸ਼ੀਆ ਤੋਂ ਲੈ ਕੇ ਉੱਤਰੀ ਭਾਰਤ ਤਕ ਫੈਲੇ ਹੋਏ ਸਨ। ਗੁਰਬਾਣੀ ਇਸ ਚਿੰਤਨ ਦੀ ਸਭ ਤੋਂ ਮਹੱਤਵਪੂਰਨ ਟੈਕਸਟ ਹੈ। ਪੰਜਾਬ ਸਾਹਿਤ ਲਈ ਮੱਧਕਾਲ ਮਾਨਵੀ ਚੇਤਨਾ ਦੇ ਪਾਸਾਰ ਨੂੰ ਵਿਸ਼ਾਲ ਕਰਨ ਦਾ ਸਭ ਤੋਂ ਵਧੀਆ ਖਿੱਤਾ ਸੀ। ਉਸ ਸਮੇਂ ਚੁਣੌਤੀ ਪਰੋਹਿਤ ਕਾਜੀ ਤੋਂ ਲੈ ਕੇ ਸਟੇਟ ਤੱਕ ਸਭ ਤੋਂ ਸੀ। ਇਸ ਵਿਵਸਥਾ ਦੇ ਵਿਰੋਧ ਵਿਚ ਸਾਹਿਤ ਦੀਆਂ ਸਾਰੀਆਂ ਸੂਫ਼ੀ-ਕਾਵਿ, ਕਿੱਸਾ-ਕਾਵਿ, ਬੀਰ-ਕਾਵਿ ਅਤੇ ਗੁਰਬਾਣੀ ਪਰਿਪਾਟੀਆਂ ਖੜੀਆਂ ਸਨ। ਇਹੀ ਸਮਾਂ ਪੰਜਾਬੀ ਸਾਹਿਤ ਦਾ ਮਹੱਤਵਪੂਰਨ ਪੜਾਅ ਸੀ। ਇਨ੍ਹਾਂ ਵਿਚੋਂ ਦਰਵੇਸ਼, ਆਸ਼ਕ, ਨਾਇਕ ਅਤੇ ਗੁਰਮੁਖ ਦਾ ਸੰਕਲਪ ਪਰੰਪਰਾਗਤ ਮਾਨਵ-ਵਿਰੋਧੀ ਮੁੱਲਾਂ ਦੇ ਵਿਰੋਧ ਦਾ ਸੰਕਲਪ ਉਭਰਦਾ ਸੀ। ਇਹ ਸਾਰੇ ਸੰਕਲਪ ਨਾਬਰੀ ਦੇ ਸੰਕਲਪ ਸਨ। ਉਸ ਦੌਰ ਦਾ ਸਾਹਿਤ ਉਸ ਸਮੇਂ ਦੀਆਂ ਚੁਣੌਤੀਆਂ ਨੂੰ ਸਵੀਕਾਰ ਹੀ ਨਹੀਂ ਕਰ ਰਿਹਾ ਸੀ ਸਗੋਂ ਨਵੇਂ ਜੀਵਨ ਮੁੱਲਾਂ ਦੀ ਸਿਰਜਣਾ ਵੀ ਕਰ ਰਿਹਾ ਸੀ, ਜਿਸ ਨੇ ਅੱਗੇ ਚਲ ਕੇ ਇਸ ਖਿੱਤੇ ਦੀ ਨੁਹਾਰ ਹੀ ਬਦਲ ਦਿੱਤੀ ਸੀ।

ਆਧੁਨਿਕ ਸਮੇਂ ਵਿਚ ਚੁਣੌਤੀਆਂ ਬਦਲ ਗਈਆਂ। ਬਸਤੀਵਾਦ ਦਾ ਦੌਰ ਸ਼ੁਰੂ ਹੋਇਆ। ਮਨੁੱਖੀ ਸੰਵੇਦਨਾ ਨਵੇਂ ਦੌਰ ਵਿਚ ਪ੍ਰਵੇਸ਼ ਕਰ ਗਈ। ਆਧੁਨਿਕ ਪੰਜਾਬੀ ਸਾਹਿਤ ਧਾਰਮਿਕ ਪੁਨਰ-ਸੁਰਜੀਤੀ ਦੀ ਲਹਿਰ ਰਾਹੀਂ ਆਪਣੀ ਵੱਖਰੀ ਪਛਾਣ ਘੜ ਰਿਹਾ ਸੀ। ਧਾਰਮਿਕ ਪੁਨਰ-ਸੁਰਜੀਤੀ ਦਾ ਰੂਪ ਵੱਡੇ ਕੈਨਵਸ ਉੱਤੇ ਪ੍ਰਤਿਰੋਧ ਦਾ ਰੂਪ ਸੀ ਭਾਵੇਂ ਇਨ੍ਹਾਂ ਦੇ ਆਪਸੀ ਸੰਬੰਧਾਂ ਵਿਚ ਸਮੱਸਿਆਵਾਂ ਵੀ ਮੌਜੂਦ ਸਨ। ਇਸ ਦੇ ਸਮਾਨੰਤਰ ਹੀ ਸਮਾਜਿਕ ਸਰੋਕਾਰ ਵੀ ਉਭਰ ਰਹੇ ਸਨ। ਇਸ ਸਮੇਂ ਸਭ ਤੋਂ ਵੱਡੀ ਚੁਣੌਤੀ ਦੇਸ਼ ਦੀ ਅਜ਼ਾਦੀ ਸੀ। ਅਜ਼ਾਦੀ ਦੀ ਚਾਹਤ ਸਾਹਿਤ ਦੀ ਸੁਰ ਬਣ ਰਹੀ ਸੀ। ਪੰਜਾਬੀ ਲੇਖਕ ਦੋ ਪੱਧਰ ਉੱਤੇ ਲੜ ਰਿਹਾ ਸੀ; ਇਕ ਬਰਤਾਨਵੀ ਬਸਤੀਕਾਰ ਦੇ ਵਿਰੋਧ ਵਿਚ ਦੂਜਾ ਭਾਰਤੀ ਸਮਾਜ ਦੀ ਜੜ ਸਾਂਸਕ੍ਰਿਤੀ ਦੇ ਵਿਰੋਧ ਵਿਚ। ਇਸ ਸਮੇਂ ਚੁਣੌਤੀ ਦੋਹਰੀ ਸੀ। ਪ੍ਰੰਤੂ ਸਾਹਿਤ ਦੀ ਹਰ ਵਿਧਾ ਪ੍ਰਤੀਰੋਧ ਦੀ ਧੁਨੀ ਨਾਲ ਭਰੀ ਹੋਈ ਸੀ। ਕੌਮੀ ਮੁਕਤੀ ਅੰਦੋਲਨ ਦੀ ਇਸ ਲਹਿਰ ਵਿਚ ਛੋਟੀ ਸਰਮਾਏਦਾਰੀ, ਛੋਟਾ ਦੁਕਾਨਦਾਰ, ਮੁਲਾਜ਼ਮ, ਵਿਦਿਆਰਥੀ, ਨੌਜਵਾਨ, ਖੇਤ ਮਜ਼ਦੂਰ, ਸਾਰੇ ਸਮਾਜ ਦੇ ਹਿੱਸੇ ਕੌਮੀ ਸਰਮਾਏਦਾਰੀ ਦੀ ਅਗਵਾਈ ਵਿਚ ਲੜ ਰਹੇ ਸਨ। ਦੇਸ਼ ਦੀ ਅਜ਼ਾਦੀ ਤੋਂ ਬਾਅਦ ਦੇਸ਼ ਦੀ ਪੁਨਰ-ਉਸਾਰੀ ਦੇ ਨਾਲ ਜ਼ਮੀਨੀ

ਸੁਧਾਰਾਂ ਨੂੰ ਲੈ ਕੇ ਅੰਦੋਲਨ ਸ਼ੁਰੂ ਹੋਏ। ਕੌਮੀ ਸਰਮਾਏਦਾਰੀ ਦੇ ਵਿਰੋਧ ਵਿਚ ਰਾਜਸੀ ਪੱਧਰ ਉੱਤੇ ਲਹਿਰਾਂ ਚੱਲੀਆਂ। ਛੇਵੇਂ ਦਹਾਕੇ ਵਿਚ ਪਹਿਲੀ ਖੱਬੇ ਪੱਖੀ ਸਰਕਾਰ ਕੇਰਲਾ ਵਿਚ ਬਣੀ। ਦੇਸ਼ ਵਿਚ ਸਾਰਥਿਕ ਰਾਜਨੀਤੀ ਚਲ ਰਹੀ ਸੀ, ਧਰਮ ਅਧਾਰਿਤ ਰਾਜ ਦੀ ਬਣਤਰ ਨਾਲ ਸੰਬੰਧਿਤ ਵਿਚਾਰਧਾਰਾ ਉਸ ਸਮੇਂ ਇਕ ਅਣਗੌਲੀ ਅਵਾਜ਼ ਸੀ। ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿਚ ਅੰਦੋਲਨ ਚਲ ਰਹੇ ਸਨ ਪ੍ਰੰਤੂ ਕੌਮੀ ਸਰਮਾਏਦਾਰੀ ਕਿਸੇ ਵੀ ਵਿਰੋਧੀ ਧਿਰ ਨੂੰ ਗੁਆਂਢੀ ਦੇਸ਼ ਦੇ ਦਲਾਲ ਨਹੀਂ ਗਰਦਾਨਦੀ ਸੀ। ਇਥੋਂ ਤੱਕ ਕਿ ਪੰਜਾਬ ਅਤੇ ਉਤਰ ਪੂਰਬੀ ਰਾਜਾਂ ਵਿਚ ਉਗਰ ਅੰਦੋਲਨ ਵੀ ਚੱਲੇ, ਪ੍ਰੰਤੂ ਵਿਰੋਧੀ ਰਾਜਸੀ ਧਿਰ ਲਈ ਅਜਿਹਾ ਰੌਲਾ ਰਾਜ ਕਰਦੀ ਜਮਾਤ ਵਲੋਂ ਨਹੀਂ ਪਾਇਆ ਗਿਆ। ਉਸ ਦੌਰ ਦਾ ਸਮੁੱਚਾ ਪੰਜਾਬੀ ਸਾਹਿਤ ਸਮਾਜਿਕ ਸਮਤਾ ਨਾਲ ਖੜਾ ਹੋਇਆ।

ਵੀਹਵੀਂ ਸਦੀ ਦੇ ਅੰਤਿਮ ਦਹਾਕੇ ਵਿਚ ਭਾਰਤ ਦੀ ਸਰਮਾਏਦਾਰੀ ਆਰਥਿਕ ਵਿਕਾਸ ਦਾ ਨਵਾਂ ਮਾਡਲ ਲੈ ਕੇ ਆਉਂਦੀ ਹੈ। ਇਹ ਮਾਡਲ ਬਜ਼ਾਰ ਅਧਾਰਿਤ ਆਰਥਿਕਤਾ ਉੱਤੇ ਅਧਾਰਿਤ ਸੀ। ਸਾਹਿਤ ਵਿਚ ਇਸ ਨੂੰ ਵਿਸ਼ਵੀਕਰਨ ਅਤੇ ਉੱਤਰ ਆਧੁਨਿਕਤਾ ਦੇ ਦੌਰ ਵੱਲੋਂ ਪ੍ਰਚਾਰਿਆ ਗਿਆ। ਪੰਜਾਬੀ ਸਾਹਿਤ ਦੀ ਸਿਰਜਣਕਾਰੀ ਵਿਚ ਇਸ ਦਾ ਵਿਰੋਧ ਹੋਇਆ, ਪ੍ਰੰਤੂ ਚਿੰਤਨ ਦੇ ਖੇਤਰ ਵਿਚੋਂ ਅਖੌਤੀ ਦਿੱਲੀ ਚਿੰਤਨ ਦੇ ਸਕੂਲ ਦੇ ਮੌਖਿਕ ਚਿੰਤਕਾਂ ਨੇ ਇਸ ਦਾ ਪ੍ਰਚਾਰ ਕੀਤਾ। ਬਾਕੀ ਉੱਚ ਅਦਾਰਿਆਂ ਵਿਚ ਬੈਠੇ ਪੈਸੇ ਬਟੋਰੂ ਟੋਲਿਆਂ ਨੇ ਉਨ੍ਹਾਂ ਦੀ ਪੈੜ ਚੋਂ ਪੈੜ ਰੱਖੀ। ਸਿਰਜਨਾ ਦੇ ਇਕ ਹਿੱਸੇ ਨੇ ਭੂਮਿਕਾਵਾਂ ਲਿਖਾ ਕੇ ਉੱਤਰ-ਆਧੁਨਿਕਤਾਵਾਦੀ ਬਣਨ ਵਿਚ ਇਕ ਦੂਜੇ ਨੇ ਪੈਰ ਮਿੱਧੇ। ਲੇਖਕ ਦਾ ਅੰਤ, ਇਤਿਹਾਸ ਦਾ ਅੰਤ, ਵਰਗੇ ਜੁੰਮਲੇ ਚਿੰਤਕਾਂ ਦੇ ਮੂੰਹੋਂ ਉਚਰੇ ਜਾਂਦੇ ਰਹੇ। ਅਸਲ ਵਿਚ ਇਹ ਨਿਘਾਰ ਦਾ ਮੁੱਢ ਸੀ। ਉਧਰ ਕੌਮੀ ਸਰਮਾਏਦਾਰੀ ਦੇ ਇਕ ਹਿੱਸੇ ਨੇ ਭ੍ਰਿਸ਼ਟਾਚਾਰ ਸਿਖਰ ਤੇ ਪਹੁੰਚਾ ਦਿੱਤਾ। ਸੱਜ-ਪਿਛਾਖੜੀ ਤਾਕਤਾਂ, ਗੁਜਰਾਤ ਵਿਚ ਰਾਜਨੀਤੀ ਦਾ ਇਕ ਨਵਾਂ ਮਾਡਲ ਉਭਾਰ ਰਹੀਆਂ ਸਨ ਅਤੇ ਇਸ ਨੂੰ ਸਮੁੱਚੇ ਭਾਰਤ ਵਿਚ ਲਾਗੂ ਕਰਨ ਦੀ ਤਿਆਰੀ ਚੱਲ ਰਹੀ ਸੀ। 2014 ਵਿਚ ਭ੍ਰਿਸ਼ਟਾਚਾਰ ਨੂੰ ਮੁੱਦਾ ਬਣਾ ਕੇ ਮੌਕਾਪ੍ਰਸਤ ਖੇਤਰੀ ਪਾਰਟੀਆਂ ਦੀ ਸਹਾਇਤਾ ਨਾਲ ਕੇਂਦਰ ਵਿਚ ਸਰਕਾਰ ਬਣ ਗਈ। ਇਹ ਸਰਕਾਰ ਆਰ.ਐਸ.ਐਸ. ਦੇ ਏਜੰਡੇ ਉੱਤੇ ਕੰਮ ਕਰਨ ਲਗ ਪਈ। ਜਦੋਂ ਹੀ ਲੋਕਾਂ ਦੇ ਮੁੱਦੇ ਉੱਠਣ ਲਗਦੇ, ਨੋਟਬੰਦੀ, ਜੀ.ਐਸ.ਟੀ. ਦੇ ਮੁੱਦੇ ਉਛਲਦੇ ਰਹੇ। ਆਰ.ਐਸ.ਐਸ. ਨੇ ਸਾਰੀਆਂ ਲੋਕਤੰਤਰੀ ਸੰਸਥਾਵਾਂ ਅਤੇ ਪ੍ਰਬੰਧਕੀ ਸੰਸਥਾਵਾਂ ਅੰਦਰ ਘੁਸਪੈਠ ਸ਼ੁਰੂ ਕਰ ਦਿੱਤੀ। ਬਹੁ-ਗਿਣਤੀ ਦੀਆਂ ਧਾਰਮਿਕ ਭਾਵਨਾਵਾਂ ਨੂੰ ਭੜਕਾਉਣ ਲਈ ਇਤਿਹਾਸ ਦੀ ਪੁਨਰ-ਵਿਆਖਿਆ, ਨਵੀਆਂ ਮਿੱਥਾਂ ਘੜਨ; ਖਾਸਕਰ ਮੱਧਕਾਲ ਨੂੰ ਲੈ ਕੇ ਹਿੰਦੂ ਰਾਸ਼ਟਰ ਬਣਾਉਣ ਦੀ ਨੀਤੀ ਨੂੰ ਅਮਲੀ ਜਾਮਾ ਪੁਆਉਣ ਦੀਆਂ ਤਿਆਰੀਆਂ ਹੋਣ ਲੱਗ ਪਈਆਂ। ਮਜ਼ਬੂਤ ਕੇਂਦਰ, ਇਕ ਕੌਮ, ਇਕ ਟੈਕਸ, ਇਕ ਕਾਨੂੰਨ ਦਾ ਰੌਲਾ ਜ਼ੋਰ ਸ਼ੋਰ ਨਾਲ ਪਾਇਆ। 2019 ਵਿਚ ਸੱਜ-ਪਿਛਾਖੜੀ ਪੂਰੀ ਮਜਬੂਰੀ ਨਾਲ ਸਾਹਮਣੇ ਆਏ। ਨਵੀਂ ਪਾਰੀ ਦੀ ਸ਼ੁਰੂਆਤ ਜੰਮੂ ਕਸ਼ਮੀਰ ਵਿਚੋਂ ਆਰਟੀਕਲ 370 ਹਟਾ ਕੇ ਰਾਜਾਂ ਦੀ ਖੁਦਮੁਖਤਿਆਰੀ ਅਤੇ ਘੱਟ ਗਿਣਤੀ ਉੱਤੇ ਜ਼ੋਰਦਾਰ ਹਮਲਾ ਕੀਤਾ। ਵਿਰੋਧ ਦੀ ਹਰ ਅਵਾਜ਼ ਨੂੰ ਦੇਸ਼ ਧਰੋਹ ਨਾਲ ਜੋੜਨਾ ਸ਼ੁਰੂ ਕਰ ਦਿੱਤਾ। ਇਸ ਸਮੇਂ ਅਜ਼ਾਦੀ ਤੋਂ ਬਾਅਦ ਭਾਰਤ ਵਿਚ ਬੇਰੁਜ਼ਗਾਰੀ ਦੀ ਦਰ ਸਭ ਤੋਂ ਉੱਚੇ ਪੱਧਰ ਹੈ। ਬਹੁਤੇ ਸਰਕਾਰੀ ਅਦਾਰੇ ਵੇਚਣ ਉੱਤੇ ਲਾਏ ਹੋਏ ਹਨ, ਵਿਦਿਆ ਦਾ ਭਗਵਾਕਰਨ ਕੀਤਾ ਜਾ ਰਿਹਾ ਹੈ। ਜਿਹੜੀਆਂ

ਯੂਨੀਵਰਸਿਟੀਆਂ ਵਿਚੋਂ ਵਿਰੋਧ ਦੀ ਆਵਾਜ਼ ਉੱਠ ਰਹੀ ਹੈ, ਉਨ੍ਹਾਂ ਨੂੰ ਟੁਕੜੇ-ਟੁਕੜੇ ਗੈਂਗ ਕਹਿ ਕੇ ਭੰਡਿਆ ਹੀ ਨਹੀਂ ਜਾ ਰਿਹਾ, ਉਨ੍ਹਾਂ ਉੱਤੇ ਦੇਸ਼-ਧ੍ਰੋਹੀ ਦੇ ਕੇਸ ਵੀ ਪਾਏ ਜਾ ਰਹੇ ਹਨ।

ਇਸ ਪਾਰੀ ਵਿਚ ਸੱਜ-ਪਿਛਾਖੜੀ ਸਰਕਾਰ ਸੀ.ਏ.ਏ. ਦਾ ਬਿੱਲ ਪਾਰਲੀਮੈਂਟ ਵਿਚ ਪਾਸ ਕਰਾ ਲਿਆ ਜਿਸ ਨੂੰ ਲੈ ਕੇ ਸਭ ਤੋਂ ਵੱਡੀ ਘੱਟ ਗਿਣਤੀ ਅੰਦਰ ਡਰ ਦਾ ਮਾਹੌਲ ਪੈਦਾ ਹੋ ਗਿਆ। ਇਸ ਕਾਨੂੰਨ ਅਨੁਸਾਰ ਪਾਕਿਸਤਾਨ, ਅਫਗਾਨਿਸਤਾਨ ਅਤੇ ਬੰਗਲਾ ਦੇਸ਼ ਵਿਚ ਧਾਰਮਿਕ ਘੱਟ ਗਿਣਤੀ ਹੋਣ ਕਰਕੇ ਪ੍ਰਭਾਵਤ ਹਿੰਦੂ, ਸਿੱਖ, ਪਾਰਸੀ, ਜੈਨ, ਈਸਾਈ ਭਾਰਤ ਵਿਚ ਸ਼ਰਨ ਲੈ ਸਕਣਗੇ। ਇਸ ਕਾਨੂੰਨ ਦਾ ਮੁੱਖ ਵਿਰੋਧ ਰਾਜਸੀ ਪਾਰਟੀਆਂ ਨੇ ਵਿਰੋਧ ਕੀਤਾ। ਇਨ੍ਹਾਂ ਤੋਂ ਬਿਨਾਂ ਵਿਦਿਅਕ ਅਦਾਰਿਆਂ ਅਤੇ ਸਮਾਜ ਸੇਵੀ ਸੰਸਥਾਵਾਂ ਨੇ ਸੜਕਾਂ ਉੱਤੇ ਵਿਰੋਧ ਸ਼ੁਰੂ ਕਰ ਦਿੱਤਾ। ਵਿਰੋਧ ਨੂੰ ਵੇਖਦਿਆਂ ਪ੍ਰਧਾਨ ਮੰਤਰੀ ਅਤੇ ਗ੍ਰਹਿ ਮੰਤਰੀ ਨੂੰ ਆਪਣੇ ਦੌਰੇ ਰੱਦ ਕਰਨੇ ਪਏ। ਦਿੱਲੀ ਦੇ ਸ਼ਾਹੀਨ ਬਾਗ ਵਿਖੇ ਔਰਤਾਂ ਮਹੀਨਿਆਂ ਤੋਂ ਧਰਨੇ ਉੱਤੇ ਬੈਠੀਆਂ ਰਹੀਆਂ। ਅਜਿਹੇ ਧਰਨਿਆਂ ਨੂੰ ਪਾਕਿਸਤਾਨ ਦੀ ਸ਼ਹਿ ਉਤੇ ਹੋਣਾ ਆਪਣੇ ਮੀਡੀਆ ਰਾਹੀਂ ਪ੍ਰਚਾਰਿਆ ਜਾ ਰਿਹਾ ਹੈ। ਗ੍ਰਹਿ ਮੰਤਰੀ ਲੋਕ ਸਭਾ ਵਿਚ ਕਹਿ ਰਿਹਾ ਹੈ ਕਿ ਇਸ ਤੋਂ ਐਨ.ਪੀ.ਆਰ. ਅਤੇ ਬਾਅਦ ਵਿਚ ਐਨ.ਸੀ.ਆਰ. ਆਵੇਗਾ। ਇਸ ਲਈ ਮਹਾਤਮਾ ਗਾਂਧੀ ਦਾ ਗਲਤ ਹਵਾਲਾ ਦਿੱਤਾ ਜਾ ਰਿਹਾ ਹੈ। ਅਸਲ ਵਿਚ ਮਹਾਤਮਾ ਗਾਂਧੀ ਨੇ ਦੇਸ਼ ਵੰਡ ਤੋਂ ਬਾਅਦ ਇਕ ਪ੍ਰਾਰਥਨਾ ਸਭਾ ਵਿਚ ਕਿਹਾ ਸੀ, ਕਿ ਭਾਰਤੀਆਂ ਦਾ ਦਿਲ ਇੰਨਾ ਵੱਡਾ ਹੈ ਕਿ ਗੁਆਂਢੀ ਮੁਲਕ ਵਿਚ ਸਤਾਏ ਜਾ ਰਹੇ ਲੋਕਾਂ ਨੂੰ ਸਨਮਾਨ ਨਾਲ ਰੱਖ ਸਕਦਾ ਹੈ। ਅਸਲ ਵਿਚ ਇਸ ਕਾਨੂੰਨ ਰਾਹੀਂ ਭਾਰਤੀ ਜਨਤਾ ਪਾਰਟੀ ਅਸਾਮ ਦੇ ਬਹੁ ਗਿਣਤੀ ਐਨ.ਸੀ.ਆਰ. ਤੋਂ ਬਾਹਰ ਰਹਿ ਗਏ ਲੋਕਾਂ ਨੂੰ ਸ਼ਰਨਾਰਥੀ ਬਣਾ ਕੇ ਰੱਖਣਾ ਅਤੇ ਘੱਟ ਗਿਣਤੀ ਨੂੰ ਘੁਸਪੈਠੀਏ ਕਰਾਰ ਦੇਣਾ ਚਾਹੁੰਦੀ ਹੈ ਤਾਂ ਜੋ ਅਸਾਮ ਦੇ ਸਮਾਜਿਕ ਤਾਣੇ-ਬਾਣੇ ਨੂੰ ਬਦਲਿਆ ਜਾ ਸਕੇ। ਫਿਰ ਭਾਰਤ ਵਿਚ ਐਨ.ਸੀ.ਆਰ. ਲਾਗੂ ਕਰਕੇ ਫਿਰਕੂ ਪੱਧਰ ਉੱਤੇ ਲੋਕਾਂ ਨੂੰ ਵੰਡਿਆ ਜਾ ਸਕੇ। ਸਮੁੱਚੇ ਭਾਰਤ ਵਿਚ ਰਾਜਸੀ ਪੱਧਰ ਉੱਤੇ ਇਹ ਪ੍ਰਚਾਰਿਆ ਜਾ ਰਿਹਾ ਹੈ ਕਿ ਭਾਰਤ ਵਿਚ ਹੋਰ ਕੋਈ ਆਗੂ ਹੀ ਨਹੀਂ। ਫਾਸੀਵਾਦ ਪਹਿਲਾਂ ਇਕ ਬੰਦੇ ਨੂੰ ਸਥਾਪਿਤ ਕਰਦਾ ਹੈ ਅਤੇ ਫਿਰ ਉਸ ਬਾਰੇ ਮਿੱਥਾਂ ਘੜਦਾ ਹੈ। ਸਰਕਾਰੀ ਸੰਸਥਾਵਾਂ ਉੱਤੇ ਕਬਜ਼ਾ ਕਰਕੇ ਲੋਕਾਂ ਦੇ ਵਿਰੋਧ ਨੂੰ ਦਬਾਉਂਦਾ ਹੈ ਅਤੇ ਸਰਕਾਰ ਦੇ ਵਿਰੋਧ ਨੂੰ ਦੇਸ਼ ਵਿਰੋਧ ਐਲਾਨ ਦਿੱਤਾ ਜਾਂਦਾ ਹੈ। ਅੰਨ੍ਹਾ ਰਾਸ਼ਟਰਵਾਦ ਪੈਦਾ ਕੀਤਾ ਜਾਂਦਾ ਹੈ। ਭਾਰਤ ਵਿਚ ਇਹੀ ਸਥਿਤੀ ਚਲ ਰਹੀ ਹੈ। ਪੂਰੀਆਂ ਸਰਕਾਰੀ ਏਜੰਸੀਆਂ ਵਿਰੋਧ ਕਰਨ ਵਾਲਿਆਂ ਦੇ ਪਿੱਛੇ ਲਾਈਆਂ ਜਾ ਰਹੀਆਂ ਹਨ। ਪੰਜਾਬ ਵਿਚ ਇਹ ਧਿਰ ਬਹੁਤ ਕਮਜ਼ੋਰ ਹੈ, ਸਿਰਫ਼ ਖੇਤਰੀ ਪਾਰਟੀ ਦੇ ਸਹਾਰੇ ਹੀ ਅੱਗੇ ਵਧ ਸਕਦੀ ਹੈ। ਇਸ ਲਈ ਘੱਟ ਗਿਣਤੀਆਂ ਵਿਚੋਂ ਇਕ ਘੱਟ ਗਿਣਤੀ ਨੂੰ ਨਾਲ ਲਾ ਕੇ ਦੂਜੇ ਉੱਤੇ ਹਮਲਾ ਕਰਨ ਦੀ ਨੀਤੀ ਚੱਲਦੀ ਹੈ। ਪੰਜਾਬ ਵਿਚ ਇਹੀ ਚੱਲ ਰਿਹਾ ਹੈ।

ਸਾਹਿਤ ਦੀ ਸਿਰਜਣਕਾਰੀ ਤਾਂ ਵਰਤਮਾਨ ਸਥਿਤੀ ਵਿਚੋਂ ਹੀ ਆਪਣੀ ਹੋਂਦ ਗ੍ਰਹਿਣ ਕਰਦੀ ਹੈ। ਵਰਤਮਾਨ ਸਥਿਤੀ ਵਿਚ ਹੋ ਕੀ ਰਿਹਾ, ਇਸ ਪਾਸੇ ਧਿਆਨ ਦੇਣ ਦੀ ਲੋੜ ਹੈ। ਸਭ ਤੋਂ ਪਹਿਲਾਂ ਭਾਰਤ ਦੀ ਆਮ ਤੌਰ ਤੇ ਪੰਜਾਬ ਦੀ ਖਾਸ ਤੌਰ ਤੇ ਸੰਵਾਦਮੁਖੀ ਪਰੰਪਰਾ ਉੱਤੇ ਹਮਲਾ ਹੋ ਰਿਹਾ ਹੈ। ਭਾਰਤ ਦੁਨੀਆਂ ਦਾ ਅਜਿਹਾ ਖਿੱਤਾ ਹੈ ਜਿਥੇ ਕਈ ਧਰਮ, ਕਈ ਨਸਲਾਂ, ਕਈ ਜਾਤੀਆਂ, ਕਈ ਕਬੀਲੇ ਅਤੇ ਕਈ ਵਿਚਾਰਧਾਰਾਵਾਂ ਸਹਿਹੋਂਦ ਨਾਲ ਰਹਿੰਦੀਆਂ ਰਹੀਆਂ

ਹਨ। ਇਹ ਟਕਰਾਅ ਕਈ ਵਾਰੀ ਉਗਰ ਰੂਪ ਵੀ ਧਾਰਨ ਕਰ ਲੈਂਦੇ ਸਨ ਪ੍ਰੰਤੂ ਵਿਰੋਧੀ ਆਵਾਜ਼ ਉਠਦੀ ਰਹਿੰਦੀ ਸੀ। ਉਂਜ ਸੰਵਾਦ ਵਿਚੋਂ ਇਕ ਸਾਂਝ ਵੀ ਬਣਦੀ ਸੀ। ਭਗਤੀ ਲਹਿਰ, ਸੂਫੀ ਅਤੇ ਸਿੱਖ ਧਰਮ ਇਸ ਦੀਆਂ ਪ੍ਰਮੁੱਖ ਉਦਾਹਰਣਾਂ ਹਨ। ਗੰਗਾ ਜਮਨਾ ਅਤੇ ਦਜਲਾ ਫਰਾਤ ਦਾ ਸਾਂਝਾ ਚਿੰਤਨ ਅਤੇ ਉਸ ਚੋਂ ਉਭਰੀ ਜੀਵਨ ਜਾਚ ਲੋਕਾਂ ਵਿਚ ਪ੍ਰਵਾਨ ਚੜ੍ਹੀ ਹੈ। ਦੱਖਣ ਵਿਚ ਉਦੋਂ ਭਗਤੀ-ਲਹਿਰ, ਰਾਮ-ਕਾਵਿ, ਕ੍ਰਿਸ਼ਨ-ਕਾਵਿ ਭਾਰਤੀ ਸਾਹਿਤ ਦੀਆਂ ਸਾਰੀਆਂ ਭਾਸ਼ਾਵਾਂ ਦੇ ਸਾਹਿਤ ਦਾ ਅਧਾਰ ਬਣਦੇ ਰਹੇ ਹਨ। ਹੁਣ ਇਸ ਪਰੰਪਰਾ ਉੱਤੇ ਹਮਲੇ ਹੋ ਰਹੇ। ਅਸਹਿਣਸ਼ੀਲਤਾ ਦਾ ਬੋਲਬਾਲਾ ਹੈ। ਭੀੜ ਤੰਤਰ ਭਾਰੂ ਹੋ ਰਿਹਾ ਹੈ। ਹਰ ਘਟਨਾ ਦਾ ਧਾਰਮਿਕ ਪੱਖ ਵੇਖਿਆ ਜਾ ਰਿਹਾ ਹੈ। ਭਾਰਤੀ ਸੰਵਿਧਾਨ ਦੀ ਮੂਲ ਭਾਵਨਾ ਨੂੰ ਖਤਮ ਕੀਤਾ ਜਾ ਰਿਹਾ ਹੈ। ਜਿਹੜੀ ਵਿਚਾਰਧਾਰਾ ਰਾਜ ਕਰਦੀ ਪਾਰਟੀ ਦਾ ਅਧਾਰ ਹੈ ਉਸ ਨੇ ਪੰਜ ਦਹਾਕਿਆਂ ਤਕ ਭਾਰਤੀ ਝੰਡੇ, ਰਾਸ਼ਟਰੀ ਗੀਤ ਨੂੰ ਮਾਨਤਾ ਨਹੀਂ ਦਿੱਤੀ। ਭਾਰਤੀ ਸੰਵਿਧਾਨ ਤੋਂ ਜ਼ਿਆਦਾ ਮਨੂੰਸਿਮਰਤੀ ਦੀ ਧਾਰਨਾ ਉੱਤੇ ਵਿਸ਼ਵਾਸ਼ ਕਰਦੀ ਰਹੀ ਅਤੇ ਧਰਮ-ਨਿਰਪੱਖਤਾ ਦਾ ਸਖ਼ਤ ਵਿਰੋਧ ਕਰਦੀ ਰਹੀ। ਇਹ ਹੁਣ ਇਸੇ ਏਜੰਡੇ ਉੱਤੇ ਕੰਮ ਕਰ ਰਹੇ ਹਨ। ਸਾਰੀਆਂ ਲੋਕਤੰਤਰੀ ਅਤੇ ਪ੍ਰਬੰਧਕੀ ਅਦਾਰਿਆਂ ਦਾ ਭਗਵਾਕਰਨ ਕਰਨ ਦੀ ਨੀਤੀ ਉੱਤੇ ਚਲ ਰਹੇ ਹਨ। ਅਜਿਹੀਆਂ ਚੁਣੌਤੀਆਂ ਵਿਚੋਂ ਨਿਕਲ ਕੀ ਰਿਹਾ ? ਅਜਿਹੀਆਂ ਚੁਣੌਤੀਆਂ ਦੇ ਸਨਮੁਖ ਪੰਜਾਬੀ ਕਵਿਤਾ ਗੁੰਮ ਹੋ ਰਹੀ, ਭਾਸ਼ਾ ਤੇ ਰੁਦਨ ਅਤੇ ਕੁਝ ਘਟਨਾਵਾਂ ਉੱਤੇ ਟਿੱਪਣੀ ਮਾਤਰ ਹੈ। ਬਹੁਤੀ ਕਵਿਤਾ ਫੇਸਬੁਕੀ ਹੈ। ਕਵੀ ਦਾ ਜੈਂਡਰ ਵੇਖ ਕੇ ਟਿੱਪਣੀਆਂ ਅਤੇ ਪਸੰਦ ਕਰਨ ਵਾਲਿਆਂ ਦੀ ਹੇੜ ਲੱਗ ਜਾਂਦੀ ਹੈ। ਬਹੁਤੀ ਕਵਿਤਾ ਮਾੜੀ ਵਾਰਤਕ ਹੀ ਹੁੰਦੀ ਹੈ। ਕਦੇ-ਕਦੇ ਕੋਈ ਗ਼ਜ਼ਲ ਅਤੇ ਕਵਿਤਾ ਚੁਣੌਤੀਆਂ ਨੂੰ ਸੰਬੋਧਨ ਹੋ ਰਹੀ ਲਗਦੀ ਹੈ। ਅਜਿਹੀ ਕਵਿਤਾ ਥੋੜ੍ਹੀ ਹੈ। ਉਹ ਬਹੁਤੇ ਕਵੀ ਇਸ ਪੀੜ੍ਹੀ ਤੋਂ ਪਹਿਲਾਂ ਦੇ ਹਨ। ਇਨ੍ਹਾਂ ਵਿਚੋਂ ਬਹੁਤਿਆਂ ਦਾ ਸਬੰਧ ਪ੍ਰਗਤੀਵਾਦੀ ਧਾਰਾ ਨਾਲ ਹੈ। ਉੱਤਰ-ਆਧੁਨਿਕਵਾਦੀਆਂ ਦੇ ਚੇਲੇ ਬਾਲਕੇ ਜ਼ਿੰਦਗੀ ਦੇ ਜਸ਼ਨ ਨਾਲ ਭਾਸ਼ਾ ਨਾਲ ਅਠਖੇਲੀਆਂ ਕਰਦੇ ਨਜ਼ਰ ਆਉਂਦੇ ਹਨ। ਉਂਝ ਕਵਿਤਾ ਲਿਖੀ ਬਹੁਤ ਜਾ ਰਹੀ ਹੈ। ਇਹ ਬਹੁਤਾ ਲਿਖਣ ਦੀ ਇਕ ਬਿਮਾਰੀ ਨਜ਼ਰ ਆਉਣ ਲਗ ਪਈ ਹੈ। ਕਹਾਣੀ ਅਜੇ ਵੀ ਚੌਥੀ ਪੀੜ੍ਹੀ ਦੇ ਦੁਆਲੇ ਹੀ ਘੁੰਮ ਰਹੀ ਹੈ। ਕਿਸਾਨੀ ਦੇ ਸੰਕਟ, ਪੁਰਾਤਨ ਕਿੱਤਿਆਂ ਦੀ ਵਡਿਆਈ, ਔਰਤ ਮਰਦ ਸਬੰਧ, ਨਾਰੀ ਹੋਂਦ ਦੇ ਮਸਲੇ, ਦਲਿਤ ਦੇ ਪਰੰਪਰਾਗਤ ਮਸਲੇ। ਹਾਸ਼ੀਆਗਤ ਧਿਰਾਂ ਦੀ ਪੀੜਾ ਦੇ ਨਵੇਂ ਪਰਿਪੇਖ ਅਜੇ ਕਿਤੇ-ਕਿਤੇ ਹੀ ਨਜ਼ਰ ਆਉਂਦੇ ਹਨ। ਨਵੀਆਂ ਚੁਣੌਤੀਆਂ ਨੂੰ ਜਾਂ ਕਹਾਣੀਕਾਰ ਫੜ ਨਹੀਂ ਰਹੇ ਜਾਂ ਫਿਰ ਉਨ੍ਹਾਂ ਦੇ ਗੇੜ ਵਿਚ ਨਵੀਆਂ ਚੁਣੌਤੀਆਂ ਆ ਨਹੀਂ ਰਹੀਆਂ। ਨਵੇਂ ਸਿਰੇ ਤੋਂ ਨਸਲ ਜਾਤ ਦੇ ਮਸਲੇ, ਗੈਰ-ਰਾਜਸੀਕਰਨ ਨਵੇਂ ਪ੍ਰਬੰਧ ਦੁਆਰਾ ਘੜੀ ਜਾ ਰਹੀ ਨੈਤਿਕਤਾ ਕਿਤੇ-ਕਿਤੇ ਵੇਖਣ ਨੂੰ ਮਿਲਦੀ ਹੈ। ਗਲਪੀ ਤਰਕ ਦਾ ਜਿਹੜਾ ਸਹਿਜ ਰੂਪ ਕਹਾਣੀ ਦੀ ਮੁੱਖ ਚੂਲ ਸੀ ਉਹ ਕਹਾਣੀ ਤੋਂ ਦੂਰ ਹੁੰਦਾ ਜਾ ਰਿਹਾ ਹੈ। ਪੰਜਵੀਂ ਪੀੜ੍ਹੀ ਨਵੀਆਂ ਚੁਣੌਤੀਆਂ ਦੇ ਸਨਮੁੱਖ ਸ਼ਿੱਦਤੀ ਰੂਪ ਵਿਚ ਨਹੀਂ ਆ ਰਹੀ। ਵਿਅਕਤੀਵਾਦ ਇੰਨਾ ਭਾਰੂ ਹੈ ਕਿ ਉਸ ਨੇ ਮਨੁੱਖ ਵਿਚੋਂ ਜਿਹੜੀ ਸ਼ਿੱਦਤ ਨਾਲ ਮਨੁੱਖਤਾ ਖਤਮ ਕੀਤੀ ਹੈ ਉਹ ਅਜੇ ਪੰਜਵੀਂ ਪੀੜ੍ਹੀ ਤੋਂ ਦੂਰ ਹੈ। ਉਹ ਨਵੀਂ ਤਕਨੀਕ ਨਾਲ ਜੁੜੀ ਭਾਸ਼ਾ ਨੂੰ ਤਾਂ ਫੜ ਰਹੀ ਹੈ ਪ੍ਰੰਤੂ ਉਸ ਦੁਆਰਾ ਆਈ ਸੁਭਾਅ ਅਤੇ ਵਿਹਾਰ ਦੀ ਤਬਦੀਲੀ ਪੰਜਾਬੀ ਕਹਾਣੀ ਲਈ ਚੁਣੌਤੀ ਹੈ।

ਪੰਜਾਬੀ ਨਾਵਲ ਨਵੇਂ ਆਰਥਿਕ ਮਾਡਲ ਵਿਚੋਂ ਉਭਰੇ ਵਿਅਕਤੀ ਅਤੇ ਨਵੀਆਂ

ਚੁਣੌਤੀਆਂ ਨੂੰ ਇਕਾ ਦੁੱਕਾ ਰੂਪ ਵਿਚ ਪਕੜ ਰਿਹਾ ਹੈ। ਇਸ ਮਾਡਲ ਵਿਚ ਜ਼ਿਆਦਾ ਕਾਰਪੋਰੇਟ ਦੀ ਦਖਲ-ਅੰਦਾਜ਼ੀ ਹੋਈ ਹੈ ਅਤੇ ਨਵੇਂ ਮਨੁੱਖ ਦੀ ਪਛਾਣ ਦੇ ਬਦਲਵੇਂ ਕਾਰਕ ਪੰਜਾਬੀ ਨਾਵਲ ਵਿਚੋਂ ਉਭਰ ਰਹੇ ਹਨ। ਇਤਿਹਾਸ ਨਾਲ ਜੁੜੇ ਮੁੱਦੇ ਅਤੇ ਇਤਿਹਾਸਕ ਵਿਅਕਤੀਆਂ ਦੇ ਬਿੰਬ ਦਾ ਤਰਕਯੁਕਤ ਰੂਪ ਕੁਝ ਨਾਵਲਕਾਰ ਬਲਬੀਰ ਪਰਵਾਨਾ, ਪਰਮਜੀਤ ਜੱਜ, ਮਨਮੋਹਨ ਬਾਵਾ ਅਤੇ ਮਹਿੰਦਰਪਾਲ ਧਾਲੀਵਾਲ ਫੜ ਰਹੇ ਹਨ। ਸਭ ਤੋਂ ਵੱਡਾ ਸੰਕਟ ਪੰਜਾਬੀ ਚਿੰਤਨ ਦਾ ਬਣਿਆ ਹੋਇਆ ਹੈ। ਵਿਦਿਅਕ ਅਦਾਰਿਆਂ ਵਿਚ ਬੈਠੇ ਉਂਗਲੀਆਂ 'ਤੇ ਗਿਣੇ ਜਾਣ ਵਾਲੇ ਲੋਕ ਅਲੋਚਨਾ ਨੂੰ ਸਮਕਾਲੀ ਸੰਕਟਾਂ ਦੇ ਪਰਿਪੇਖ ਵਿਚ ਰੱਖ ਕੇ ਸੰਬੋਧਿਤ ਹੋ ਰਹੇ ਹਨ। ਬਹੁਤੇ ਪੈਸੇ ਲੈ ਕੇ ਇਕ ਦੂਜੇ ਦਾ ਉਧਾਰ ਤਾਰਦੇ ਸਾਹਿਤਕ ਸੰਸਥਾਵਾਂ ਦੇ ਰਾਹੀਂ ਸੱਤਾ ਦੀ ਦਲਾਲੀ ਕਰਦੇ ਹਨ। ਕਹਾਣੀ ਆਲੋਚਕ ਚਾਰ ਪੰਜ ਕਹਾਣੀਆਂ ਦੀ ਕਹਾਣੀ ਸੁਣਾ ਕੇ, ਚਿੰਤਨ ਵਹੀਨ ਗੱਲਾਂ ਕਰਕੇ ਸ਼ਾਮ ਲਈ ਜੁਗਾੜ ਕਰ ਲੈਂਦਾ ਹੈ। ਲੇਖਕ ਦਾ ਨਾਂ ਲਿਆ ਜਾਣਾ ਹੀ ਵੱਡੀ ਪ੍ਰਾਪਤੀ ਸਮਝੀ ਜਾਂਦੀ ਹੈ। ਨਾਵਲਾਂ ਲਈ ਤਾਂ ਟੈਕਸਟ ਦਾ ਭਾਰ ਤੋਲ ਕੇ ਉਸਨੂੰ ਮਹਾਂਕਾਵਿਕ ਨਾਵਲ ਕਹਿਣ ਤੋਂ ਗੁਰੇਜ਼ ਨਹੀਂ ਕੀਤਾ ਜਾਂਦਾ। ਕਈ ਆਲੋਚਕਾਂ ਲਈ ਪੜ੍ਹਿਆ ਹਰ ਨਾਵਲ ਹੀ ਵਿਲੱਖਣ ਹੈ। ਅਜਿਹੀ ਆਲੋਚਨਾ ਦਾ ਸਮਕਾਲੀ ਚਿੰਤਨ ਨਾਲ ਕੋਈ ਸਬੰਧ ਨਹੀਂ। ਸੁਣਿਆ ਹੁਣ ਤਾਂ ਦੀਨ ਦਿਆਲ ਉਪਾਧਿਆਏ ਉਤੇ ਵੀ ਪੰਜਾਬੀ ਵਿਚ ਆਲੋਚਨਾ ਦੀਆਂ ਪੁਸਤਕਾਂ ਤਿਆਰ ਹੋ ਰਹੀਆਂ ਹਨ। ਸਾਹਿਤ ਨਾਲ ਜੁੜੇ ਅਦਾਰੇ ਵੀ ਭਗਵੇਕਰਨ ਦੀ ਮਾਰ ਹੇਠ ਆ ਰਹੇ ਹਨ। ਕੁਝ ਕੁ ਅਜੇ ਵੀ ਉਹੀ ਪ੍ਰਗਤੀਵਾਦੀ ਭਾਵੇਂ ਉਹ ਕਿਸੇ ਰੰਗ ਦੇ ਹੋਣ, ਇੱਕਾ ਦੁੱਕਾ ਲੋਕ ਚਿੰਤਨੀ ਸੰਵਾਦ ਰਚਾ ਰਹੇ ਹਨ। ਅਜੇ ਵੀ ਜੇ ਸਿਰਫ਼ ਆਸ ਬਚੀ ਹੈ ਤਾਂ ਉਨ੍ਹਾਂ ਕੁਝ ਕੁ ਚਿੰਤਕਾਂ ਤੋਂ ਹੀ ਹੈ।

**-ਰਜਨੀਸ਼ ਬਹਾਦਰ ਸਿੰਘ**


ਚਰਚਿਤ ਵਾਰਤਕਕਾਰ ਤੇ ਕਹਾਣੀਕਾਰ

ਸੁਕੀਰਤ ਦਾ ਸਫ਼ਰਨਾਮਾ

ਕਿੰਨੇ ਪਰਬਤਾਂ ਤੋਂ ਪਾਰ

ਇਨ੍ਹਾਂ ਸੰਸਮਰਣਾਂ 'ਚ ਉਹ ਸਾਰੀਆਂ ਖੂਬੀਆਂ ਹਨ, ਜੋ ਹੋਣੀਆਂ ਚਾਹੀਦੀਆਂ ਹਨ। ਸਾਥੀਆਂ-ਦੋਸਤਾਂ ਦੇ ਸੁਭਾਅ, ਸਥਾਨਾਂ ਬਾਰੇ ਇਤਿਹਾਸਕ-ਮਿਥਿਹਾਸਕ ਅਤੇ ਭੂਗੋਲਕ ਵੇਰਵੇ, ਗਲੀਆਂ, ਬਜ਼ਾਰਾਂ, ਰੈਸਤੋਰਾਨਾਂ, ਪਾਣੀ ਜਾਂ ਹਵਾਈ ਜਹਾਜ਼ਾਂ, ਪਰਬਤਾਂ, ਪ੍ਰਕਿਰਤੀ ਦੇ ਵੇਰਵੇ ਬੜੀ ਸੂਝ ਨਾਲ ਦਿੱਤੇ ਗਏ ਹਨ। ਕਿਤੇ ਕੋਈ ਗੈਰ-ਜ਼ਰੂਰੀ ਖਲਾਰ ਨਹੀਂ ਅਤੇ ਜੋ ਜ਼ਰੂਰੀ ਹੈ, ਉਸ ਨੂੰ ਵੀ ਨਹੀਂ ਛੱਡਿਆ ਗਿਆ। ਕਿਤੇ-ਕਿਤੇ ਲੇਖਕ ਦੀਆਂ ਰਾਜਨੀਤਕ, ਦਾਰਸ਼ਨਿਕ ਟਿੱਪਣੀਆਂ ਇਨ੍ਹਾਂ ਸੰਸਮਰਣਾਂ 'ਚ ਰੂਹ ਪੈਦਾ ਕਰਦੀਆਂ ਹਨ। -ਮਨਮੋਹਨ ਬਾਵਾ

ਆਲੋਚਨਾ:

# ਬਸਤੀਵਾਦੀ ਦੌਰ ਦਾ ਸੰਕਟ ਅਤੇ ਭਾਈ ਵੀਰ ਸਿੰਘ ਦੇ ਨਾਵਲ

**ਡਾ. ਪਰਮਜੀਤ ਕੌਰ ਸਿੱਧੂ**

ਨਾਵਲ ਅਧੁਨਿਕ ਦੌਰ ਦੀ ਸਭ ਤੋਂ ਸਮਰੱਥ ਵਿਧਾ ਹੈ ਜਿਸਦੀ ਉਪਜ ਦੇ ਕਾਰਨ ਸਨਅਤੀਕਰਨ ਦੀ ਪ੍ਰਕ੍ਰਿਆ ਵਿੱਚ ਪਏ ਹਨ। ਸਨਅਤੀਕਰਨ ਦੀ ਇਹ ਪ੍ਰਕ੍ਰਿਆ ਵੱਖ-ਵੱਖ ਸਮਾਜਾਂ ਵਿੱਚ ਵੱਖ-ਵੱਖ ਸਮੇਂ ਵਾਪਰੀ। ਯੂਰਪ ਵਿੱਚ ਸਨਅਤੀਕਰਨ ਪਹਿਲਾਂ ਆਇਆ ਅਤੇ ਏਸ਼ੀਆ ਵਿੱਚ ਇਹ ਪ੍ਰਕ੍ਰਿਆ 17ਵੀਂ ਸ਼ਤਾਬਦੀ ਵਿੱਚ ਵਾਪਰਦੀ ਹੈ। 17ਵੀਂ ਸ਼ਤਾਬਦੀ ਵਿੱਚ ਜਦੋਂ ਉਦਯੋਗੀਕਰਨ ਦੇ ਸਿੱਟੇ ਵਜੋਂ ਵਿਕਸਤ ਯੂਰਪੀਅਨ ਮੁਲਕਾਂ ਵਿੱਚ ਤਿਆਰ ਮਾਲ ਵਾਧੂ ਮਾਤਰਾ ਵਿੱਚ ਹੋਣ ਲੱਗਾ ਤਾਂ ਇਹ ਮੁਲਕ ਮੰਡੀਆਂ ਦੀ ਭਾਲ ਵਿੱਚ ਅਵਿਕਸਤ ਮੁਲਕਾਂ ਵੱਲ ਨੂੰ ਮੁੜੇ। ਇਸ ਸਥਿਤੀ ਵਿੱਚੋਂ ਬਸਤੀਵਾਦ ਆਪਣਾ ਆਕਾਰ ਗ੍ਰਹਿਣ ਕਰਦਾ ਹੈ। ਇਸ ਤਰ੍ਹਾਂ ਬਸਤੀਵਾਦੀ ਵਰਤਾਰਾ ਮੰਡੀ ਦੀ ਲੋੜ ਵਿੱਚੋਂ ਪੈਦਾ ਹੋਇਆ। ਬਸਤੀਵਾਦ ਨਿੱਜੀ ਸਵਾਰਥਾਂ ਉੱਪਰ ਉਸਰਿਆ ਅਜਿਹਾ ਢਾਂਚਾ ਹੈ, ਜਿਸ ਵਿੱਚ ਬਸਤੀਕਾਰ ਦੇ ਆਰਥਿਕ ਹਿੱਤ ਵਿਸ਼ੇਸ਼ ਮਹੱਤਵ ਰੱਖਦੇ ਹਨ। ਦੂਜੇ ਸ਼ਬਦਾਂ ਵਿੱਚ ਬਸਤੀਵਾਦ ਸਾਮਰਾਜਵਾਦ ਦਾ ਹੀ ਬਦਲਿਆ ਰੂਪ ਹੈ। ਐਡਵਰਡ ਸਈਅਦ ਆਪਣੀ ਪੁਸਤਕ 'Orientalism' ਵਿੱਚ ਲਿਖਦਾ ਹੈ:

ਬੁਨਿਆਦੀ ਤੌਰ 'ਤੇ ਸਾਮਰਾਜਵਾਦ ਦਾ ਮਤਲਬ ਹੈ, ਉਸ ਭੂਗੋਲਿਕ ਖੇਤਰ ਬਾਰੇ ਸੋਚਣਾ, ਉਸਨੂੰ ਆਬਾਦ ਕਰਨਾ ਅਤੇ ਕਾਬੂ ਵਿੱਚ ਲੈਣਾ, ਜਿਹੜਾ ਸਾਮਰਾਜੀ ਤਾਕਤ ਦੀ ਮਲਕੀਅਤ ਵਿੱਚ ਨਹੀਂ ਹੈ, ਜੋ ਦੂਰ ਹੈ ਅਤੇ ਜਿਸ ਉੱਪਰ 'ਹੋਰ' ਲੋਕ ਰਹਿੰਦੇ ਹਨ ਅਤੇ ਮਲਕੀਅਤ ਯਾਫ਼ਤਾ ਹਨ।[1]

ਬਸਤੀਵਾਦ ਵੀ ਇੱਕ ਸ਼ਕਤੀਸ਼ਾਲੀ ਨਿਜ਼ਾਮ ਦੁਆਰਾ ਆਪਣੇ ਅਧੀਨ ਖੇਤਰ ਨੂੰ ਪੂਰੀ ਤਰ੍ਹਾਂ ਆਪਣੇ ਕਾਬੂ ਵਿੱਚ ਕਰਨ ਦੀ ਪ੍ਰਕ੍ਰਿਆ ਹੈ। ਇਸ ਬਸਤੀਵਾਦ ਦਾ ਆਰੰਭ ਆਰਥਿਕ ਪੱਖੋਂ ਵਿਕਸਤ ਯੂਰਪੀਨ ਮੁਲਕਾਂ ਦੁਆਰਾ ਸਨਅਤੀਕਰਨ ਤੋਂ ਬਾਅਦ ਆਪਣੇ ਸਾਮਰਾਜ ਨੂੰ ਵਿਸਥਾਰਨ ਦੀ ਰੁਚੀ ਵਿੱਚੋਂ ਹੋਇਆ। ਬਸਤੀਵਾਦ ਅਤੇ ਸਾਮਰਾਜਵਾਦ ਅੰਤਰ-ਸੰਬੰਧਤ ਵਰਤਾਰੇ ਹਨ। ਇਹਨਾਂ ਬਸਤੀਕਾਰਾਂ ਵਿੱਚ ਮੁੱਖ ਤੌਰ 'ਤੇ ਫ਼ਰਾਂਸੀਸੀ, ਡੱਚ, ਪੁਰਤਗਾਲੀ ਅਤੇ ਬਰਤਾਨੀਆ ਸ਼ਾਮਲ ਸਨ। ਵਿਕਸਤ ਮੁਲਕਾਂ ਦੇ ਇਹਨਾਂ ਬਸਤੀਕਾਰਾਂ ਨੇ ਪਹਿਲਾਂ ਵਪਾਰੀਆਂ ਦੇ ਰੂਪ ਵਿੱਚ ਅਵਿਕਸਤ ਦੇਸ਼ਾਂ ਦੇ ਰਾਜਿਆਂ ਤੋਂ ਵਪਾਰ ਲਈ ਖੁੱਲ੍ਹ ਲਈ ਅਤੇ ਬਾਅਦ ਵਿੱਚ ਉਸ ਖੁੱਲ੍ਹ ਦਾ ਵਿਸਥਾਰ ਕਰਨ ਲਈ ਅਵਿਕਸਤ ਦੇਸ਼ਾਂ ਉੱਪਰ ਆਪਣਾ ਸੰਪੂਰਨ ਅਧਿਕਾਰ ਪ੍ਰਾਪਤ ਕਰਨ ਵੱਲ ਯਤਨ ਆਰੰਭੇ। ਏਸ਼ੀਆ ਵਿੱਚ ਸਭ ਤੋਂ ਵੱਡੀ ਮੰਡੀ ਭਾਰਤ ਸੀ। ਇਸ ਲਈ ਇਹਨਾਂ ਦੇਸ਼ਾਂ ਦੇ ਵਪਾਰੀਆਂ ਨੇ ਭਾਰਤ ਨੂੰ ਆਪਣੀਆਂ ਵਪਾਰਕ ਸਰਗਰਮੀਆਂ ਦਾ ਕੇਂਦਰ ਬਣਾਇਆ। ਭਾਰਤ ਵਿੱਚ 17ਵੀਂ ਸ਼ਤਾਬਦੀ ਵਿੱਚ ਅੰਗਰੇਜ਼ ਤਤਕਾਲੀਨ ਮੁਗਲ ਬਾਦਸ਼ਾਹ ਜਹਾਂਗੀਰ ਦੀ ਮਨਜ਼ੂਰੀ ਨਾਲ ਪਹਿਲਾਂ ਵਪਾਰੀਆਂ ਦੇ ਰੂਪ ਵਿੱਚ ਪ੍ਰਵੇਸ਼ ਪਾਉਂਦੇ

---

*ਪੰਜਾਬੀ ਵਿਭਾਗ, ਕੁਰਕਸ਼ੇਤਰ ਯੂਨੀਵਰਸਿਟੀ, ਕੁਰਕਸ਼ੇਤਰ*

ਹਨ ਅਤੇ ਹੌਲੀ-ਹੌਲੀ ਇੱਥੇ ਆਪਣਾ ਸ਼ਾਸ਼ਨ ਸਥਾਪਤ ਕਰ ਲੈਂਦੇ ਹਨ। ਇਸ ਤਰ੍ਹਾਂ ਵਪਾਰਕ ਖੁੱਲ੍ਹ ਤੋਂ ਸ਼ੁਰੂ ਹੋਇਆ ਇਹ ਵਰਤਾਰਾ ਬਸਤੀਵਾਦ ਦੇ ਰੂਪ ਵਿੱਚ ਉੱਭਰਦਾ ਹੈ। ਹੌਲੀ-ਹੌਲੀ ਇਸ ਵਰਤਾਰੇ ਦੇ ਸੰਕਟ ਤੇਜ਼ ਹੁੰਦੇ ਗਏ ਅਤੇ ਬਸਤੀਵਾਦ ਦੇ ਵਿਰੋਧ ਵਿੱਚ ਲੋਕ ਸੰਘਰਸ਼ ਤੇਜ਼ ਹੋਣ ਲੱਗੇ। ਭਾਰਤ ਵਿੱਚ ਇਹ ਵਰਤਾਰਾ ਵੱਡੇ ਪੱਧਰ ਉੱਤੇ ਫੈਲਿਆ। ਬਾਅਦ ਵਿੱਚ ਲੋਕ ਸੰਘਰਸ਼ਾਂ ਨੇ ਬਸਤੀਵਾਦ ਤੋਂ ਮੁਕਤੀ ਦਾ ਰਾਹ ਤਲਾਸ਼ਿਆ। ਇਸ ਮੁਕਤੀ ਦੇ ਰਾਹ ਨਾਲ ਜੁੜੇ ਹੋਏ ਵੱਖ-ਵੱਖ ਪਾਸਾਰ ਲੋਕ ਜੀਵਨ ਤੋਂ ਲੈ ਕੇ ਵੱਖ-ਵੱਖ ਕਲਾਵਾਂ ਵਿੱਚ ਉੱਭਰਦੇ ਰਹੇ ਹਨ। ਭਾਈ ਵੀਰ ਸਿੰਘ ਦੇ ਨਾਵਲਾਂ ਨੂੰ ਇਸੇ ਪਰਿਪੇਖ ਵਿੱਚ ਸਮਝਣ ਦੀ ਮੇਰੀ ਕੋਸ਼ਿਸ਼ ਰਹੇਗੀ।

ਅੰਗਰੇਜ਼ਾਂ ਨੇ ਭਾਰਤ ਵਿੱਚ ਆ ਕੇ ਪਹਿਲਾਂ ਇੱਥੇ ਪ੍ਰਚੱਲਿਤ ਕੁਝ ਪ੍ਰਬੰਧਕੀ ਬਣਤਰਾਂ ਨੂੰ ਤੋੜ ਕੇ, ਕਾਨੂੰਨ ਦਾ ਰਾਜ ਕਾਇਮ ਕੀਤਾ ਅਤੇ ਕੁਝ ਬਣਤਰਾਂ ਨੂੰ ਆਪਣੇ ਹਿੱਤਾਂ ਲਈ ਵਰਤਿਆ। ਬਸਤੀਕਾਰਾਂ ਨੇ ਮੁੱਢਲੇ ਰੂਪ ਵਿੱਚ ਆਪਣੇ ਵਿਸਥਾਰ ਲਈ ਇੱਕ ਪੁਰਖੀ ਰਾਜ ਦੇ ਵਿਰੁੱਧ ਹਮਲਾ ਕੀਤਾ ਅਤੇ ਉਹਨਾਂ ਸਾਰੀਆਂ ਬਣਤਰਾਂ ਨੂੰ ਨਿਸ਼ਾਨਾ ਬਣਾਇਆ, ਜਿਹੜੀਆਂ ਇੱਕ ਪੁਰਖੀ ਰਾਜ ਵਿੱਚ ਆਮ ਜਨਤਾ ਦੇ ਸ਼ੋਸ਼ਣ ਦੀਆਂ ਪ੍ਰਮੁੱਖ ਕਾਰਕ ਸਨ। ਭਾਰਤ ਵਿੱਚ ਇਹ ਵਿਸਥਾਰ ਦੱਖਣ ਤੋਂ ਉੱਤਰ ਵੱਲ ਨੂੰ ਹੋਇਆ। ਪੰਜਾਬ ਭਾਰਤ ਦੀ ਆਖਰੀ ਰਿਆਸਤ ਸੀ ਜਿਹੜੀ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ 1849 ਵਿੱਚ ਅੰਗਰੇਜ਼ ਸਾਮਰਾਜ ਦਾ ਹਿੱਸਾ ਬਣਦੀ ਹੈ। ਅਸਲ ਵਿੱਚ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਸਿੱਖ ਰਾਜ ਦੇ ਅੰਦਰੂਨੀ ਅੰਤਰ-ਵਿਰੋਧਾਂ ਕਾਰਨ ਇਹ ਲੰਮਾ ਸਮਾਂ ਬਸਤੀਵਾਦ ਦੇ ਪ੍ਰਭਾਵਾਂ ਤੋਂ ਮੁਕਤ ਨਾ ਰਹਿ ਸਕਿਆ ਅਤੇ 1849 ਵਿੱਚ ਸਿੱਖ ਰਾਜ ਦੀਆਂ ਫੌਜਾਂ ਦੀ ਹਾਰ ਨਾਲ ਪੰਜਾਬ ਅੰਗਰੇਜ਼ ਬਸਤੀ ਦਾ ਹਿੱਸਾ ਬਣ ਕੇ ਸੰਸਾਰ ਮੰਡੀ ਨਾਲ ਜੁੜ ਗਿਆ।

ਬਸਤੀਵਾਦ ਦੀ ਪ੍ਰਕ੍ਰਿਆ ਅਧੀਨ ਭਾਵੇਂ ਬਸਤੀਕਾਰਾਂ ਦੇ ਆਰਥਿਕ ਹਿੱਤ ਵਿਸ਼ੇਸ਼ ਤੌਰ 'ਤੇ ਅਗਰਭੂਮੀ ਵਿੱਚ ਹੁੰਦੇ ਹਨ, ਪਰ ਇਹ ਸਮਾਜਿਕ, ਧਾਰਮਿਕ, ਰਾਜਨੀਤਿਕ ਅਤੇ ਸਭਿਆਚਾਰਕ ਖੇਤਰਾਂ ਵਿੱਚ ਵੀ ਬਸਤੀਆਂ ਦੇ ਲੋਕਾਂ ਨੂੰ ਪ੍ਰਭਾਵਿਤ ਕਰਨ ਅਤੇ ਆਪਣੇ ਇਸ ਪ੍ਰਭਾਵ ਨੂੰ ਨਿਆਂਯੁਕਤ ਠਹਿਰਾਉਣ ਵੱਲ ਯਤਨਸ਼ੀਲ ਹੁੰਦਾ ਹੈ। ਆਪਣੀ ਇਸ ਰੁਚੀ ਦੀ ਪੂਰਤੀ ਲਈ ਉਹ ਬਸਤੀਆਂ ਦੇ ਲੋਕਾਂ ਨੂੰ ਕੁਝ ਸਹੂਲਤਾਂ ਵੀ ਮੁਹੱਈਆ ਕਰਾਉਂਦਾ ਹੈ। ਇਹ ਸਹੂਲਤਾਂ ਲੁਪਤ ਰੂਪ ਵਿੱਚ ਬਸਤੀਕਾਰਾਂ ਨੂੰ ਹੋਰ ਮਜ਼ਬੂਤ ਬਣਾ ਰਹੀਆਂ ਹੁੰਦੀਆਂ ਹਨ ਅਤੇ ਬਸਤੀ ਦੇ ਲੋਕਾਂ ਵਿੱਚ ਇਹ ਭਰਮ ਸਿਰਜ ਰਹੀਆਂ ਹੁੰਦੀਆਂ ਹਨ ਜਿਵੇਂ ਬਸਤੀਕਾਰ ਉਹਨਾਂ ਦੀ ਭਲਾਈ ਅਤੇ ਵਿਕਾਸ ਲਈ ਇਹ ਸਭ ਕਰ ਰਿਹਾ ਹੈ। ਬਸਤੀਕਾਰਾਂ ਦੀ ਇਹ ਰੁਚੀ ਅਸਿੱਧੇ ਢੰਗ ਨਾਲ ਬਸਤੀ ਦੇ ਲੋਕਾਂ ਦੇ ਜੀਵਨ ਵਿਹਾਰ, ਉੱਥੋਂ ਦੇ ਧਰਮ ਅਤੇ ਸਭਿਆਚਾਰ ਵਿੱਚ ਲੁਪਤ ਦਖ਼ਲ ਅੰਦਾਜ਼ੀ ਸਾਬਿਤ ਹੁੰਦੀ ਹੈ। ਬਸਤੀਕਾਰਾਂ ਦੀ ਇਸ ਰੁਚੀ ਬਾਰੇ ਪਰਮਿੰਦਰ ਸਿੰਘ ਲਿਖਦਾ ਹੈ:

ਬਸਤੀਕਾਰ ਆਪਣੇ ਆਪ ਨੂੰ ਵਿਕਸਤ ਪ੍ਰਬੰਧ ਦੇ ਧਾਰਕ, ਮਾਲਕ ਅਤੇ ਪ੍ਰਚਾਰਕ ਵਜੋਂ ਪੇਸ਼ ਕਰਦਿਆਂ ਆਬਾਦੀਆਂ ਦਾ 'ਵਿਕਾਸ' ਅਤੇ 'ਰਹਿਨੁਮਾਈ' ਕਰਨ ਦੀ ਮਨਸ਼ਾ ਰੱਖਦੇ ਹਨ। ਉਹ ਆਪਣੇ ਆਧੁਨਿਕ ਗਿਆਨ ਅਤੇ ਵਿਵੇਕ ਨਾਲ ਮੁਕਾਮੀ ਲੋਕਾਂ ਦੇ 'ਪੱਛੜੇਪਨ' ਨੂੰ ਦੂਰ ਕਰਨਾ ਨਿਹਾਇਤ ਜ਼ਰੂਰੀ ਸਮਝਦੇ ਹਨ। ਇਸ ਤਰ੍ਹਾਂ ਆਬਾਦਕਾਰ ਦੁਆਰਾ ਆਪਣੇ ਅਧੀਨ ਖੇਤਰਾਂ ਵਿੱਚ ਆਪਣੀ ਤਰਜ਼-ਏ-ਜ਼ਿੰਦਗੀ ਨੂੰ ਸਥਾਪਤ ਕਰਕੇ ਮੁਕਾਮੀ ਸਮਾਜ ਵਿੱਚ ਖਲਲ ਪੈਦਾ ਕਰ ਦਿੱਤਾ ਜਾਂਦਾ ਹੈ।[2]

ਬਸਤੀਵਾਦੀ ਤਾਕਤ ਬਸਤੀਆਂ ਦੇ ਮੂਲ ਲੋਕਾਂ ਦੇ ਸਭਿਆਚਾਰ ਨੂੰ ਦਬਾਉਂਦੀ ਵੀ ਹੈ ਅਤੇ ਵਿਗਾੜਦੀ ਵੀ ਹੈ। ਇਹ ਕੰਮ ਪ੍ਰਚਾਰ ਰਾਹੀਂ ਵੀ ਕੀਤਾ ਜਾਂਦਾ ਹੈ ਅਤੇ ਲੋਕਾਂ ਨੂੰ ਭਰਮਾ ਕੇ ਵੀ। ਅੰਗਰੇਜ਼ ਜਦੋਂ ਬਾਕੀ ਭਾਰਤ ਦੇ ਨਾਲ-ਨਾਲ ਪੰਜਾਬ ਨੂੰ ਵੀ ਆਪਣੀ ਬਸਤੀ ਦਾ ਹਿੱਸਾ ਬਣਾ ਲੈਂਦੇ ਹਨ ਤਾਂ ਆਪਣਾ ਸ਼ਾਸ਼ਨ ਸਥਾਪਤ ਕਰਨ ਤੋਂ ਬਾਅਦ ਇੱਥੋਂ ਦੇ ਲੋਕਾਂ ਨੂੰ ਆਪਣੇ ਧਰਮ ਅਤੇ ਸਭਿਆਚਾਰ ਵੱਲ ਪ੍ਰੇਰਿਤ ਕਰਨ ਦੇ ਯਤਨਾਂ ਅਧੀਨ ਵਿੱਦਿਆ, ਸਾਹਿਤ, ਕਲਾ ਅਤੇ ਕੁਝ ਕਲਿਆਣਕਾਰੀ ਕੰਮਾਂ ਵੱਲ ਧਿਆਨ ਦਿੰਦੇ ਹਨ। ਇਸ ਰੁਚੀ ਅਧੀਨ ਉਹ ਜਿੱਥੇ ਸੜਕਾਂ, ਨਹਿਰਾਂ ਤੇ ਰੇਲਾਂ ਦਾ ਜਾਲ ਵਿਛਾਉਂਦੇ ਹਨ, ਬਾਰਾਂ ਆਬਾਦ ਕਰਾਉਂਦੇ ਹਨ, ਡਾਕ-ਤਾਰ ਵਰਗੀਆਂ ਸਹੂਲਤਾਂ ਮੁਹੱਈਆ ਕਰਾਉਂਦੇ ਹਨ, ਉੱਥੇ ਸਾਹਿਤ ਅਤੇ ਪ੍ਰਚਾਰ ਦੇ ਮਾਧਿਅਮ ਰਾਹੀਂ ਇਸਾਈ ਧਰਮ ਅਤੇ ਸਭਿਆਚਾਰ ਨੂੰ ਇੱਥੋਂ ਦੇ ਧਰਮਾਂ ਅਤੇ ਸਭਿਆਚਾਰਾਂ ਤੋਂ ਉੱਤਮ ਦਰਸਾ ਕੇ ਲੋਕਾਂ ਨੂੰ ਇਸਾਈ ਮਤ ਗ੍ਰਹਿਣ ਕਰਨ ਲਈ ਪ੍ਰੇਰਿਤ ਕਰਦੇ ਹਨ। ਅਜਿਹਾ ਕਰਦਿਆਂ ਅੰਗਰੇਜ਼ਾਂ ਨੇ ਪੰਜਾਬ ਦੇ ਲੋਕਾਂ ਵਿੱਚ ਇਹ ਭਰਮ ਪੈਦਾ ਕੀਤਾ ਕਿ ਅੰਗਰੇਜ਼ਾਂ ਦਾ ਰਾਜ ਇੱਕ ਪੁਰਖੀ ਰਾਜ ਤੋਂ ਹਰ ਪੱਖੋਂ ਬਿਹਤਰ ਹੈ। ਅੰਗਰੇਜ਼ਾਂ ਨੇ ਪੰਜਾਬ ਵਿੱਚ ਇੱਕ ਅਜਿਹਾ ਵਰਗ ਪੈਦਾ ਕਰ ਲਿਆ, ਜਿਹੜਾ ਵਰਗ ਬਸਤੀਕਾਰਾਂ ਦੇ ਸਭਿਆਚਾਰ ਤੇ ਜੀਵਨ ਜਾਚ ਤੋਂ ਪ੍ਰਭਾਵਿਤ ਸੀ। ਪੱਛਮੀ ਜੀਵਨ ਜਾਚ ਤੋਂ ਪ੍ਰਭਾਵਿਤ ਇਹ ਉੱਪਰਲਾ ਮੱਧ ਵਰਗ ਛੇਤੀ ਬਰਤਾਨਵੀ ਰਾਜ ਦੀਆਂ ਬਰਕਤਾਂ ਦੇ ਗੁਣ-ਗਾਣ ਕਰਨ ਲੱਗਾ। ਇਸ ਤਰ੍ਹਾਂ ਉੱਨੀਵੀਂ ਸਦੀ ਦੇ ਅੰਤ ਤੱਕ ਛੋਟੇ-ਮੋਟੇ ਯਤਨਾਂ ਤੋਂ ਬਿਨਾਂ ਸਿੱਖ ਸਰਦਾਰ ਅਤੇ ਕਿਸਾਨੀ ਦਾ ਵੱਡਾ ਹਿੱਸਾ ਅੰਗਰੇਜ਼ਾਂ ਦੀ ਗੁਲਾਮੀ ਨੂੰ ਸਵੀਕਾਰ ਕਰ ਚੁੱਕਾ ਸੀ। ਸੰਤ ਸਿੰਘ ਸੇਖੋਂ ਇਸ ਇਸ ਸਥਿਤੀ ਬਾਰੇ ਆਪਣੀ ਪ੍ਰਤੀਕ੍ਰਿਆ ਦਿੰਦਿਆਂ ਲਿਖਦਾ ਹੈ:

ਪੰਜਾਬ ਵਿੱਚ ਸਿੱਖ ਪੰਜਾਬੀ ਰਾਜ ਖੁੱਸ ਕੇ ਅੰਗਰੇਜ਼ੀ ਰਾਜ ਸਥਾਪਤ ਹੋਏ ਨੂੰ ਪੰਜਾਹ ਵਰ੍ਹੇ ਹੋ ਚੁੱਕੇ ਸਨ। ਇਹਨਾਂ ਪੰਜਾਬ ਵਰ੍ਹਿਆਂ ਵਿੱਚ ਪੰਜਾਬ ਦਾ ਮੂੰਹ ਮੱਥਾ ਚੋਖਾ ਬਦਲ ਚੁੱਕਾ ਸੀ। ਸਿੱਖਾਂ ਵੱਲੋਂ ਰਾਜ ਤੇ ਗੌਰਵ ਪ੍ਰਾਪਤ ਕਰਨ ਦੇ ਦੋ-ਤਿੰਨ ਨੀਮ ਦਿਲ ਜਿਹੇ ਯਤਨ 1857 ਵਿੱਚ, ਮਹਾਂਰਾਣੀ ਜਿੰਦਾਂ ਵੱਲੋਂ 1870-73 ਵਿੱਚ ਨਾਮਧਾਰੀ ਸੰਪਰਦਾਇ ਵੱਲੋਂ 1880-90 ਵਿੱਚ ਮਹਾਰਾਜਾ ਦਲੀਪ ਸਿੰਘ ਵੱਲੋਂ ਸਮੂਹ ਪੰਜਾਬੀ ਜਨਤਾ ਹੀ ਨਹੀਂ ਸਿੱਖਾਂ ਵੱਲੋਂ ਵੀ ਉਦਾਸੀਨਤਾ ਤੇ ਬੇਪਰਵਾਹੀ ਤੋਂ ਵੀ ਵੱਧ ਸਗੋਂ ਵਿਰੋਧ ਦੇ ਕਾਰਣ ਬੁਰੀ ਤਰ੍ਹਾਂ ਅਸਫ਼ਲ ਹੋ ਚੁੱਕੇ ਸਨ। ਵਾਸਤਵ ਵਿੱਚ ਸਿੱਖ ਸਰਦਾਰ ਤੇ ਸਿੱਖ ਵਪਾਰੀ, ਕਿਰਸਾਨ, ਜਨਤਾ ਸਾਰੇ ਅੰਗਰੇਜ਼ੀ ਰਾਜ ਪ੍ਰਬੰਧ ਨਾਲ ਸੰਤੁਸ਼ਟ ਸਨ।[3]

ਅੰਗਰੇਜ਼ਾਂ ਨੇ ਪੰਜਾਬੀ ਸਮਾਜ ਦੇ ਇੱਕ ਤਬਕੇ ਨੂੰ ਕੁਝ ਸਹੂਲਤਾਂ ਦੇ ਕੇ ਆਪਣੇ ਨਾਲ ਜੋੜ ਲਿਆ ਸੀ। ਉਹਨਾਂ ਨੇ ਵੱਖ-ਵੱਖ ਧਰਮਾਂ ਅਤੇ ਜਾਤੀਆਂ ਦੇ ਲੋਕਾਂ ਪ੍ਰਤੀ ਬਹਾਦਰ ਤੇ ਵਫ਼ਾਦਾਰ ਹੋਣ ਦੀਆਂ ਮਿੱਥਾਂ ਬਣਾਈਆਂ। ਜਾਤਾਂ ਧਰਮਾਂ ਆਦਿ ਦੇ ਨਾਂ 'ਤੇ ਫੌਜੀ ਰਜਮੈਂਟਾਂ ਬਣਾਈਆ ਅਤੇ ਇਹਨਾਂ ਅੰਦਰ ਵਫ਼ਾਦਾਰੀ ਲਈ ਮੁਕਾਬਲੇ ਦੀ ਭਾਵਨਾ ਪੈਦਾ ਕੀਤੀ। ਆਮ ਲੋਕਾਂ ਦੇ ਮਨ ਅੰਦਰ ਅੰਗਰੇਜ਼ਾਂ ਦੇ ਕੁਸ਼ਲ ਪ੍ਰਬੰਧਕ ਹੋਣ ਦੀ ਭਾਵਨਾ ਪੈਦਾ ਕਰਨ ਲਈ ਨਵੀਂ ਕਿਸਮ ਦਾ ਰਾਜ ਪ੍ਰਬੰਧ, ਨਿਆਂ ਵਿਵਸਥਾ ਅਤੇ ਪੁਲਿਸ ਤੰਤਰ ਦੀ ਸਥਾਪਨਾ ਕੀਤੀ ਗਈ। ਪਰ ਇਸ ਸਭ ਦੇ ਬਾਵਜੂਦ ਪੰਜਾਬ ਦੇ ਆਮ ਲੋਕਾਂ ਅੰਦਰ ਗੁਲਾਮੀ ਦਾ ਅਹਿਸਾਸ ਅਤੇ ਅੰਗਰੇਜ਼ਾਂ ਪ੍ਰਤੀ ਓਪਰੇ ਹੋਣ ਦੀ ਭਾਵਨਾ ਪੈਦਾ ਹੋ ਰਹੀ ਸੀ। ਵੱਖ-ਵੱਖ ਸੰਸਥਾਵਾਂ ਵਿੱਚ ਕੰਮ ਕਰਦੇ ਭਾਰਤੀਆਂ ਤੇ ਅੰਗਰੇਜ਼ਾਂ ਵਿੱਚ ਵਿਤਕਰਾ ਕੀਤਾ ਜਾਂਦਾ ਸੀ। ਇੱਥੋਂ ਦੀ ਸਥਾਨਕ

ਰਜਵਾੜਾਸ਼ਾਹੀ ਨੂੰ ਅੰਗਰੇਜ਼ ਆਪਣੇ ਹਿੱਤਾਂ ਲਈ ਵਰਤ ਰਹੇ ਸਨ। ਇਹ ਰਜਵਾੜਾਸ਼ਾਹੀ ਆਮ ਜਨਤਾ ਉੱਤੇ ਜ਼ੁਲਮ ਕਰਦੇ ਸਨ ਅਤੇ ਅੰਗਰੇਜ਼ ਉਹਨਾਂ ਦੀ ਪਿੱਠ ਪੂਰਦੇ ਸਨ। ਇਸ ਨਾਲ ਬਸਤੀਵਾਦੀ ਪ੍ਰਬੰਧ ਵਿੱਚ ਆਪਣੀ ਕਿਸਮ ਦੇ ਸੰਕਟ ਪੈਦਾ ਹੋਣੇ ਸ਼ੁਰੂ ਹੋਏ। ਇਹਨਾਂ ਸੰਕਟਾਂ ਨਾਲ ਨਜਿੱਠਣ ਲਈ ਅੰਗਰੇਜ਼ ਬਸਤੀਕਾਰਾਂ ਨੇ ਨਵੇਂ ਹੱਥਕੰਡੇ ਵਰਤਣੇ ਸ਼ੁਰੂ ਕੀਤੇ।

ਅੰਗਰੇਜ਼ ਰਾਜ ਦਾ ਹਿੱਸਾ ਬਣਨ ਤੋਂ ਬਾਅਦ ਪੰਜਾਬ ਦੇ ਉੱਪਰਲੇ ਵਰਗ ਵਿੱਚ ਖੁਸ਼ਹਾਲੀ ਆਈ, ਪ੍ਰੰਤੂ ਆਮ ਜਨਤਾ ਵਿੱਚ ਅਸੰਤੋਸ਼ ਦੀ ਭਾਵਨਾ ਸੀ। ਬਸਤੀਵਾਦ ਦੇ ਮੁੱਢਲੇ ਦੌਰ ਵਿੱਚ ਭਾਵੇਂ ਲੋਕਾਂ ਨੂੰ ਵਿਕਾਸ ਦਾ ਅਹਿਸਾਸ ਹੋ ਰਿਹਾ ਸੀ, ਪਰ ਹੌਲੀ-ਹੌਲੀ ਇਸ ਅਖੌਤੀ ਵਿਕਾਸ ਕਾਰਨ ਪੈਦਾ ਹੋਏ ਸਮਾਜਕ ਪਾੜੇ ਨੇ ਨਵੇਂ ਸੰਕਟ ਪੈਦਾ ਕੀਤੇ। ਅੰਗਰੇਜ਼ਾਂ ਨੇ ਜਿੱਥੇ ਸਥਾਨਕ ਰਜਵਾੜਾਸ਼ਾਹੀ ਨੂੰ ਆਪਣੇ ਹਿੱਤਾਂ ਲਈ ਵਰਤਿਆ, ਉੱਥੇ ਭਾਰਤੀ ਸਮਾਜ ਦੇ ਅੰਤਰ-ਵਿਰੋਧਾਂ ਦਾ ਫਾਇਦਾ ਆਪਣੇ ਧਰਮ ਪ੍ਰਚਾਰ ਲਈ ਚੁੱਕਿਆ। ਇਸ ਸਥਿਤੀ ਨੇ ਇਸਾਈ ਮਿਸ਼ਨਰੀਆਂ ਦੁਆਰਾ ਕੀਤੇ ਜਾ ਰਹੇ ਈਸਾਈ ਧਰਮ ਦੇ ਪ੍ਰਚਾਰ ਲਈ ਨਵੀਂ ਸਪੇਸ ਪੈਦਾ ਕੀਤੀ। ਅੰਗਰੇਜ਼ਾਂ ਨੇ ਧਰਮ ਦੇ ਨਾਲ-ਨਾਲ ਭਾਰਤੀਆਂ ਦੇ ਜਾਤੀ ਪ੍ਰਬੰਧ ਅਤੇ ਉਸਦੇ ਅੰਤਰ-ਵਿਰੋਧਾਂ ਨੂੰ ਆਪਣੇ ਧਰਮ ਦੇ ਪ੍ਰਚਾਰ ਅਤੇ ਲੋਕਾਂ ਨੂੰ ਆਪਸ ਵਿੱਚ ਲੜਾਉਣ ਲਈ ਮੁੱਖ ਟੂਲ ਵਜੋਂ ਵਰਤਿਆ। ਇਸ ਕਾਰਜ ਲਈ ਉਹਨਾਂ ਨੇ ਪ੍ਰੈਸ ਲਾਈ, ਛਾਪਾਖਾਨਾ ਲਾਇਆ। ਬਾਈਬਲ ਅਤੇ ਹੋਰ ਧਾਰਮਿਕ ਪੁਸਤਕਾਂ ਦੇ ਅਨੁਵਾਦ ਦੇ ਨਾਲ-ਨਾਲ ਈਸਾਈ ਧਰਮ ਨੂੰ ਵਡਿਆਉਂਦੀਆਂ ਸਾਹਿਤਕ ਕਿਰਤਾਂ ਲੋਕਾਂ ਵਿੱਚ ਵੰਡੀਆਂ। ਆਪਣੇ ਧਰਮ ਦੇ ਪ੍ਰਚਾਰ ਲਈ ਉਹਨਾਂ ਪੰਜਾਬੀ ਭਾਸ਼ਾ ਦੀ ਵਰਤੋਂ ਕੀਤੀ। ਸਾਹਿਤ ਦੇ ਖੇਤਰ ਵਿੱਚ ਉਹਨਾਂ ਨੇ ਭਰਤੀ ਬਿਰਤਾਂਤ ਪਰੰਪਰਾ ਦੀ ਮਾਨਸਿਕਤਾ ਨੂੰ ਵਰਤਦੇ ਹੋਏ ਜਾਨ ਬਨੀਅਨ ਦੇ ਨਾਵਲ ਮਸੀਹੀ ਮੁਸਾਫ਼ਰ ਦੀ ਯਾਤਰਾ (1859) ਅਤੇ ਬੰਗਾਲੀ ਜੀਵਨ 'ਤੇ ਆਧਾਰਤ ਨਾਵਲ ਜਯੋਤਿਰੁਦਯ (1882) ਪ੍ਰਕਾਸ਼ਿਤ ਕੀਤਾ। ਮਸੀਹੀ ਮੁਸਾਫ਼ਰ ਦੀ ਯਾਤਰਾ (1859) ਅਧਿਆਤਮਕ ਅਤੇ ਜਯੋਤਿਰੁਦਯ (1882) ਵਿਵਹਾਰਕ ਜੀਵਨ ਦੀਆਂ ਸਮੱਸਿਆਵਾਂ ਨੂੰ ਸੰਬੋਧਿਤ ਨਾਵਲ ਹਨ। ਇਹਨਾਂ ਨਾਵਲਾਂ ਵਿੱਚ ਪ੍ਰਮੁੱਖ ਰੂਪ ਵਿੱਚ ਭਾਰਤ ਦੇ ਪਰੰਪਰਾਗਤ ਧਰਮਾਂ ਨਾਲ ਜੁੜੇ ਹੋਏ ਅੰਧ ਵਿਸ਼ਵਾਸਾਂ ਉੱਤੇ ਹਮਲਾ ਕਰਦੇ ਹੋਏ ਇਸਾਈ ਧਰਮ ਦੀ ਸਰਵਉੱਚਤਾ ਸਥਾਪਿਤ ਕਰਨ ਦੀ ਕੋਸ਼ਿਸ਼ ਕੀਤੀ ਗਈ। ਦੂਜੇ ਪਾਸੇ ਇਸਾਈ ਮਿਸ਼ਨਰੀਆਂ ਦੁਆਰਾ ਕੀਤੇ ਜਾ ਰਹੇ ਧਰਮ ਪ੍ਰਚਾਰ ਅਤੇ ਈਸਾਈ ਮਤ ਧਾਰਨ ਕਰਨ ਵਾਲਿਆਂ ਨੂੰ ਦਿੱਤੀਆਂ ਜਾ ਸਹੂਲਤਾਂ ਕਾਰਨ ਭਾਰਤੀ ਵਰਣ ਵਿਵਸਥਾ ਵਿੱਚ ਹੇਠਲੇ ਤਬਕੇ ਦੇ ਲੋਕਾਂ ਨੇ ਇਸਾਈ ਧਰਮ ਅੰਗੀਕਾਰ ਕਰਨਾ ਸ਼ੁਰੂ ਕਰ ਦਿੱਤਾ ਸੀ। ਸੱਤਾ ਦਾ ਧਰਮ ਹੋਣ ਕਾਰਨ ਇਹ ਲੋਕਾਂ ਅੰਦਰ ਆਪਣਾ ਰਾਜ ਹੋਣ ਦਾ ਭਰਮ ਪੈਦਾ ਕਰ ਰਿਹਾ ਸੀ। ਇਸ ਸੰਕਟ ਨੂੰ ਹੌਲੀ-ਹੌਲੀ ਪੰਜਾਬ ਦੇ ਲੋਕਾਂ ਨੇ ਮਹਿਸੂਸ ਕਰਨਾ ਸ਼ੁਰੂ ਕਰ ਦਿੱਤਾ। ਈਸਾਈ ਮਿਸ਼ਨਰੀਆਂ ਦੇ ਪ੍ਰਭਾਵ ਅਤੇ ਧਰਮ ਪਰਿਵਰਤਨ ਦੀਆਂ ਘਟਨਾਵਾਂ ਤੋਂ ਭੈਭੀਤ ਹਿੰਦੂ, ਸਿੱਖ ਅਤੇ ਮੁਸਲਮਾਨ ਸੰਸਥਾਵਾਂ ਆਪਣੇ-ਆਪਣੇ ਧਰਮਾਂ ਦੇ ਉੱਥਾਨ ਵਿੱਚ ਲੱਗ ਗਈਆਂ। ਇਸ ਸਥਿਤੀ ਵਿੱਚੋਂ ਭਾਰਤ ਦੇ ਪਰੰਪਰਾਗਤ ਧਰਮਾਂ ਦੇ ਆਗੂਆਂ ਨੇ ਆਪਣੇ ਧਰਮਾਂ ਉੱਪਰ ਬਸਤੀਕਾਰਾਂ ਦੇ ਇਸ ਹਮਲੇ ਵਿਰੁੱਧ ਆਪਣੇ ਆਪਣੇ ਧਰਮ ਪ੍ਰਤੀ ਲੋਕਾਂ ਦਾ ਵਿਸ਼ਵਾਸ ਪੈਦਾ ਕਰਨ ਲਈ ਸਰਗਰਮੀਆਂ ਆਰੰਭ ਕਰ ਦਿੱਤੀਆਂ। ਇਸੇ ਪ੍ਰਸਥਿਤੀ ਵਿੱਚੋਂ ਪੰਜਾਬ ਵਿੱਚ ਧਾਰਮਿਕ ਪੁਨਰ-ਸੁਰਜੀਤੀ ਦੀ ਲਹਿਰ ਪੈਦਾ ਹੋਈ। ਹਿੰਦੂ ਧਰਮ ਦੇ ਬਚਾਓ ਲਈ ਆਰੀਆ ਸਮਾਜੀ ਲਹਿਰ, ਮੁਸਲਮਾਨਾਂ ਵਿੱਚ ਅਹਿਮਦੀਆ ਲਹਿਰ ਅਤੇ ਸਿੱਖਾਂ ਧਰਮ

ਦੇ ਆਗੂਆਂ ਨੇ ਆਪਣੇ ਧਰਮ ਪ੍ਰਤੀ ਰੱਖਿਆਤਮਕ ਪੈਂਤੜਾ ਅਪਣਾਉਂਦਿਆਂ ਸਿੰਘ ਸਭਾ ਲਹਿਰ ਦੀ ਸਥਾਪਨਾ ਕੀਤੀ। ਡਾ. ਰਜਨੀਸ਼ ਬਹਾਦਰ ਇਸ ਸਥਿਤੀ ਬਾਰੇ ਟਿੱਪਣੀ ਕਰਦਿਆਂ ਲਿਖਦਾ ਹੈ:

ਅੰਗਰੇਜ਼ ਬਸਤੀਵਾਦੀਆਂ ਦੀ ਧਰਮ ਪ੍ਰਚਾਰ ਵਿੱਚ ਰੁਚੀ ਨੇ ਪੰਜਾਬੀ ਸਮਾਜ ਦੇ ਸਮਾਜਿਕ ਤੌਰ ਉੱਤੇ ਪਿਛਾਂਹ ਧੱਕੇ ਹੋਏ ਹਿੱਸੇ ਉੱਤੇ ਪ੍ਰਭਾਵ ਪਾਇਆ। ਇਸ ਤਰ੍ਹਾਂ ਬਾਕੀ ਭਾਰਤ ਦੀ ਤਰ੍ਹਾਂ ਪੰਜਾਬ ਵਿੱਚ ਵੀ ਧਰਮ ਪਰਿਵਰਤਨ ਦਾ ਮੁੱਢ ਬੱਝ ਗਿਆ। ਇਸੇ ਸਥਿਤੀ ਵਿੱਚੋਂ ਸਿੰਘ ਸਭਾ ਲਹਿਰ, ਆਰੀਆ ਸਮਾਜੀ ਲਹਿਰ ਤੇ ਮੁਸਲਿਮ ਲੀਗ ਵਰਗੀਆਂ ਸੰਸਥਾਵਾਂ ਆਪਣੇ ਆਪਣੇ ਧਰਮ ਦੀ ਰੱਖਿਆ ਲਈ ਸਰਗਰਮ ਹੋ ਗਈਆਂ।[4]

ਇਸ ਧਾਰਮਿਕ ਪੁਨਰ-ਸੁਰਜੀਤੀ ਦੀ ਲਹਿਰ ਨਾਲ ਜੁੜੇ ਹੋਏ ਲੋਕ ਮੁੱਖ ਤੌਰ 'ਤੇ ਸ਼ਹਿਰੀ ਮੱਧਵਰਗ ਨਾਲ ਸੰਬੰਧਤ ਸਨ। ਇਹ ਲੋਕ ਆਪਣੇ ਧਰਮ ਦਾ ਪ੍ਰਚਾਰ ਤਾਂ ਕਰਦੇ ਸਨ, ਪਰ ਮੁੱਢਲੇ ਰੂਪ ਵਿੱਚ ਅੰਗਰੇਜ਼ਾਂ ਨਾਲ ਤਿੱਖੇ ਵਿਰੋਧ ਤੋਂ ਬਚਦੇ ਰਹੇ। ਇਹਨਾਂ ਬੁੱਧੀਜੀਵੀਆਂ ਨੇ ਇਸ ਧਾਰਮਿਕ ਸੰਕਟ ਵਿੱਚ ਆਪਣੇ ਵਿਰਸੇ ਨੂੰ ਫਰੋਲਿਆ, ਆਪਣੇ ਧਰਮ ਦੀਆਂ ਗੌਰਵਮਈ ਪਰੰਪਰਾਵਾਂ ਤੋਂ ਲੋਕਾਂ ਨੂੰ ਜਾਣੂ ਕਰਾਇਆ ਅਤੇ ਧਾਰਮਿਕ ਪੁਨਰ ਸੁਰਜੀਤੀ ਦੀ ਲਹਿਰ ਖੜੀ ਕੀਤੀ। ਭਾਈ ਵੀਰ ਸਿੰਘ ਸਿੰਘ ਸਭਾ ਲਹਿਰ ਦੀ ਉਪਜ ਸੀ ਜਿਸਨੇ ਆਪਣੀਆਂ ਰਚਨਾਵਾਂ ਰਾਹੀਂ ਸਿੱਖ ਧਰਮ ਦੇ ਪ੍ਰਚਾਰ ਹਿੱਤ ਸਿੱਖ ਵਿਰਸੇ ਦੀ ਮਹਾਨਤਾ ਨੂੰ ਸਿੰਘ ਸਭਾ ਲਹਿਰ ਦੇ ਦ੍ਰਿਸ਼ਟੀਕੋਣ ਤੋਂ ਪੇਸ਼ ਕੀਤਾ।

ਭਾਈ ਵੀਰ ਸਿੰਘ ਨੇ ਸਾਹਿਤ ਦੇ ਲੱਗਭੱਗ ਹਰ ਰੂਪ ਨੂੰ ਸਿੰਘ ਸਭਾ ਲਹਿਰ ਦੇ ਆਸ਼ਿਆਂ ਦੇ ਪ੍ਰਚਾਰ ਹਿੱਤ ਵਰਤਿਆ। ਕਵਿਤਾ ਦੇ ਖੇਤਰ ਵਿੱਚ ਉਸਨੇ ਨਵੀਂ ਕਵਿਤਾ ਦਾ ਮੁੱਢ ਬੰਨਿਆ ਜਿਸ ਵਿੱਚ ਸਮਾਜਿਕ ਸਰੋਕਾਰਾਂ ਤੇ ਪ੍ਰਕ੍ਰਿਤੀ ਦੇ ਬਿੰਬ ਨੂੰ ਗੁਰਮਤਿ ਸਿਧਾਂਤਾਂ ਨਾਲ ਜੋੜਿਆ। ਭਾਈ ਵੀਰ ਸਿੰਘ ਦੀ ਸਭ ਤੋਂ ਮਹੱਤਵਪੂਰਨ ਦੇਣ ਪੰਜਾਬੀ ਵਿੱਚ ਇੱਕ ਨਵੇਂ ਸਾਹਿਤ ਰੂਪ ਨਾਵਲ ਦਾ ਮੁੱਢ ਬੱਝਣ ਵਿੱਚ ਹੈ। ਇਸ ਨਵੇਂ ਤੇ ਵਿਸ਼ਾਲ ਸਾਹਿਤ ਰੂਪ ਨੂੰ ਉਹ ਆਪਣੇ ਵਿਰਸੇ ਦੀ ਮਹਾਨਤਾ ਸਿੱਧ ਕਰਨ ਲਈ ਵਰਤਦਾ ਹੈ। ਇਸ ਤਰ੍ਹਾਂ ਭਾਈ ਵੀਰ ਸਿੰਘ ਪੰਜਾਬੀ ਵਿੱਚ ਮੌਲਿਕ ਨਾਵਲ ਲਿਖਣ ਵਾਲਾ ਪਹਿਲਾ ਨਾਵਲਕਾਰ ਹੈ। ਭਾਈ ਵੀਰ ਸਿੰਘ ਦੀ ਇਸ ਦੇਣ ਦਾ ਨੋਟਿਸ ਲੈਂਦਿਆਂ ਸੰਤ ਸਿੰਘ ਸੇਖੋਂ ਲਿਖਦਾ ਹੈ:

ਕੁਝ ਪਾਠ ਪੁਸਤਕਾਂ ਲਿਖਣ ਅਤੇ ਖਾਲਸਾ ਸਮਾਚਾਰ ਦਾ ਆਰੰਭ ਕਰਨ ਤੋਂ ਪਹਿਲਾਂ ਭਾਈ ਵੀਰ ਸਿੰਘ ਨੇ 1898 ਵਿੱਚ ਇੱਕ ਛੋਟਾ ਜਿਹਾ ਉਪਨਿਆਸ 'ਸੁੰਦਰੀ' ਨਾਮੀ ਪ੍ਰਕਾਸ਼ਿਤ ਕੀਤਾ। ਪੰਜਾਬੀ ਸਾਹਿਤ ਵਿੱਚ ਇਹ ਛੋਟਾ ਜਿਹਾ ਉਪਨਿਆਸ ਇੱਕ ਵੱਡੀ ਮਹੱਤਤਾ ਵਾਲਾ ਮੀਲ ਪੱਥਰ ਹੈ। ਸ਼ਾਇਦ ਪੰਜਾਬੀ ਸਾਹਿਤ ਦਾ ਇਹ ਪਹਿਲਾ ਉਪਨਿਆਸ ਹੈ।[5]

ਭਾਈ ਵੀਰ ਸਿੰਘ ਦੁਆਰਾ ਲਿਖੇ ਇਸ ਪਹਿਲੇ ਮੌਲਿਕ ਨਾਵਲ ਵਿੱਚ ਵਸਤੂਗਤ ਵਿਸ਼ੇਸ਼ਤਾ, ਬਿਰਤਾਂਤਕ ਤਰੀਕਾਕਾਰ ਅਤੇ ਦ੍ਰਿਸ਼ਟੀਗਤ ਪਾਸਾਰਾਂ ਦੇ ਸੰਤੁਲਨ ਵਿੱਚ ਕਮੀ ਦੇ ਬਾਵਜੂਦ ਨਾਵਲੀ ਬਿਰਤਾਂਤ ਵਾਲੇ ਅੰਸ਼ ਮੌਜੂਦ ਹਨ। ਆਪਣੇ ਨਾਵਲਾਂ ਸੁੰਦਰੀ, ਸਤਵੰਤ ਕੌਰ, ਬਿਜੈ ਸਿੰਘ, ਸੁਭਾਗ ਜੀ ਦਾ ਸੁਧਾਰ ਹੱਥੀਂ ਬਾਬਾ ਨੌਧ ਸਿੰਘ ਵਿੱਚ ਉਹ ਸਿੱਖ ਧਰਮ, ਸਿੱਖ ਸਮਾਜ ਅਤੇ ਸਿੱਖ ਇਤਿਹਾਸ ਨੂੰ ਆਪਣੇ ਗਲਪੀ ਬਿੰਬ ਦਾ ਆਧਾਰ ਬਣਾਉਂਦਾ ਹੈ। ਭਾਈ ਵੀਰ ਸਿੰਘ ਨੂੰ ਵਿਰਸੇ ਵਿੱਚ ਜਿਹੜੇ ਦੋ ਅਨੁਵਾਦਤ ਨਾਵਲ ਮਿਲੇ ਸਨ, ਉਹਨਾਂ ਦੇ ਕੇਂਦਰ ਵਿੱਚ ਭਾਰਤੀ ਧਰਮਾਂ ਨਾਲ ਜੁੜੇ ਹੋਏ ਅੰਧ ਵਿਸ਼ਵਾਸ ਦਾ ਨਿਖੇਧਾਤਮਕ ਰੂਪ ਪੇਸ਼

ਕੀਤਾ ਗਿਆ ਸੀ ਅਤੇ ਨਾਵਲਾਂ ਨੂੰ ਵਿਚਾਰਧਾਰਕ ਗੁਲਾਈ ਦਿੰਦੇ ਹੋਏ ਇਸਾਈ ਧਰਮ ਨੂੰ ਅਗਾਂਹਵਧੂ ਕਹਿ ਕੇ ਪ੍ਰਚਾਰਿਆ ਗਿਆ ਸੀ। ਇਹਨਾਂ ਨਾਵਲਾਂ ਵਿਚਲੇ ਵਿਚਾਰਧਾਰਕ ਸੂਤਰਾਂ ਨੂੰ ਟੱਕਰ ਦੇਣ ਲਈ ਭਾਈ ਵੀਰ ਸਿੰਘ ਅਠਾਰਵੀਂ ਸ਼ਤਾਬਦੀ ਦੇ ਗੌਰਵਮਈ ਸਿੱਖ ਇਤਿਹਾਸ ਨੂੰ ਆਪਣੇ ਗਲਪੀ ਬਿੰਬ ਦੀ ਆਧਾਰ ਬਣਾਉਂਦਾ ਹੈ। ਆਪਣੇ ਇਹਨਾਂ ਨਾਵਲਾਂ ਵਿੱਚ ਭਾਈ ਵੀਰ ਸਿੰਘ ਪਾਤਰਾਂ ਦੇ ਵਿਵਹਾਰ ਨੂੰ ਉਹਨਾਂ ਦੇ ਧਰਮ ਨਾਲ ਜੋੜ ਕੇ ਪੇਸ਼ ਕਰਦਾ ਹੈ, ਜਿਸ ਵਿੱਚ ਉਹ ਮੁਗਲ਼ਾਂ ਨੂੰ ਜ਼ਾਲਮ ਤੇ ਕਾਮੀ, ਹਿੰਦੂਆਂ ਨੂੰ ਡਰਪੋਕ ਅਤੇ ਸਿੱਖਾਂ ਨੂੰ ਜਤ-ਸਤ ਦੇ ਪੱਕੇ ਅਤੇ ਸੂਰਮਗਤੀ ਦੇ ਪ੍ਰਤੀਕ ਬਣਾ ਕੇ ਪੇਸ਼ ਕਰਦਾ ਹੈ। ਭਾਈ ਵੀਰ ਸਿੰਘ ਇਤਿਹਾਸਕ ਘਟਨਾਵਾਂ ਲੈ ਕੇ ਆਦਰਸ਼ਕ ਪਾਤਰਾਂ ਰਾਹੀਂ ਆਪਣੇ ਨਾਵਲਾਂ ਦੀ ਉਸਾਰੀ ਕਰਦਾ ਹੈ। ਇਸ ਨਾਵਲੀ ਉਸਾਰੀ ਵਿੱਚੋਂ ਹੀ ਭਾਈ ਵੀਰ ਸਿੰਘ ਦੀ ਗਲਪੀ ਦ੍ਰਿਸ਼ਟੀ ਉਭਰਦੀ ਹੈ।

ਜਿਸ ਸਮੇਂ ਭਾਈ ਵੀਰ ਸਿੰਘ ਆਪਣੀ ਨਾਵਲੀ ਸਿਰਜਣਾ ਸ਼ੁਰੂ ਕਰਦਾ ਹੈ, ਜਿਸ ਤਰ੍ਹਾਂ ਅਸੀਂ ਉੱਪਰ ਚਰਚਾ ਕਰ ਆਏ ਹਾਂ, ਉਹ ਸਮਾਂ ਸਥਾਨਕ ਧਰਮਾਂ ਅਤੇ ਸਭਿਆਚਾਰਾਂ ਲਈ ਸੰਕਟ ਦਾ ਸਮਾਂ ਸੀ। ਅੰਗਰੇਜ਼ ਇੱਕ ਪਾਸੇ ਲੋਕਾਂ ਨੂੰ ਮਾਨਸਿਕ ਤੌਰ ਤੇ ਗੁਲਾਮ ਬਣਾਉਣ ਦੇ ਮਨਸੂਬਿਆਂ ਅਧੀਨ ਇੱਥੋਂ ਦੀ ਸੰਸਕ੍ਰਿਤੀ ਅਤੇ ਧਰਮ 'ਤੇ ਹਮਲਾ ਕਰ ਰਹੇ ਸਨ, ਦੂਜੇ ਪਾਸੇ ਇੱਥੋਂ ਦੀਆਂ ਸਥਾਨਕ ਕੌਮਾਂ ਅਤੇ ਜਾਤਾਂ ਵਿਚ ਪਾੜਾ ਵਧਾ ਰਹੇ ਸਨ। ਇਸ ਕੰਮ ਲਈ ਉਹ ਧਰਮ ਆਧਾਰਤ ਕੌਮਾਂ ਅਤੇ ਜਾਤਾਂ ਨੂੰ ਵਡਿਆ ਰਹੇ ਸਨ। ਪਰੰਪਰਾਗਤ ਧਰਮਾਂ ਉੱਤੇ ਮਾਰੀ ਸੱਟ ਨੇ ਸਥਾਨਕ ਧਰਮਾਂ ਦੇ ਆਗੂਆਂ ਅੰਦਰ ਜੋ ਚੇਤਨਾ ਪੈਦਾ ਕੀਤੀ, ਉਸ ਚੇਤਨਾ ਅਧੀਨ ਈਸਾਈ ਧਰਮ ਦੇ ਵਿਰੁੱਧ ਤਾਂ ਲਾਮਬੰਦੀ ਘੱਟ ਹੋਈ, ਆਪਣੇ ਧਰਮ ਦੀ ਵਡਿਆਈ ਕਰਦਿਆਂ ਭਾਰਤ ਦੇ ਪਰੰਪਰਾਗਤ ਧਰਮਾਂ ਅੰਦਰ ਇੱਕ ਦੂਜੇ ਨੂੰ ਨਿੰਦਣ ਦਾ ਵਰਤਾਰਾ ਭਾਰੂ ਹੋ ਗਿਆ। ਇਸ ਵਰਤਾਰੇ ਵਿੱਚ ਆਪਣੇ ਆਪਣੇ ਧਰਮ ਪ੍ਰਤੀ ਪੈਦਾ ਹੋਈ ਬੇਮੁਖਤਾ ਦਾ ਹੇਰਵਾ ਭਾਰੂ ਸੀ। ਇਸੇ ਸਥਿਤੀ ਵਿੱਚੋਂ ਭਾਈ ਵੀਰ ਸਿੰਘ ਦੇ ਨਾਵਲ ਆਪਣੀ ਹੋਂਦ ਗ੍ਰਹਿਣ ਕਰਦੇ ਹਨ। ਇਹਨਾਂ ਨਾਵਲਾਂ ਵਿੱਚ ਸਿੱਖ ਸੰਘਰਸ਼ ਨੂੰ ਤਾਂ ਚਿੱਤਰਿਆ ਗਿਆ ਹੈ, ਪ੍ਰੰਤੂ ਇਸ ਸੰਘਰਸ਼ ਵਿੱਚੋਂ ਕਿਸਾਨੀ ਗਾਇਬ ਹੈ। ਇਹ ਕਿਸਾਨੀ ਅਸਲ ਵਿੱਚ ਸਿੱਖ ਸੰਘਰਸ਼ ਦੀ ਰੀੜ ਦੀ ਹੱਡੀ ਰਹੀ ਹੈ। ਨਾਵਲ ਸੁੰਦਰੀ ਵਿੱਚ ਦੇ ਪਾਤਰਾਂ ਦੀ ਚੋਣ ਸਮੇਂ ਵੀ ਨਾਵਲਕਾਰ ਸਿੱਖ ਪਾਤਰ ਕਿਸਾਨੀ ਦੀ ਥਾਂ ਖੱਤਰੀ ਸਮਾਜ ਵਿੱਚੋਂ ਲੈ ਰਿਹਾ ਹੈ। ਇਸ ਨਾਵਲ ਦੇ ਪਾਤਰ ਵਿਧਾਨ ਬਾਰੇ ਗੱਲ ਕਰਦਿਆਂ ਡਾ. ਰਜਨੀਸ਼ ਬਹਾਦਰ ਦੀ ਟਿੱਪਣੀ ਭਾਵਪੂਰਤ ਜਾਪਦੀ ਹੈ:

ਇਸ ਨਾਵਲ ਦੇ ਵਸਤੂਗਤ ਜਗਤ ਵਿੱਚ ਉਹ ਤਿੰਨ ਧਿਰਾਂ ਚੁਣਦਾ ਹੈ। ਇੱਕ ਧਿਰ ਰਾਜ ਸੱਤਾ ਨਾਲ ਜੁੜੀ ਹੋਈ ਹੈ, ਉਹ ਜ਼ੁਲਮ ਦੀ ਪ੍ਰਤੀਕ ਹੈ। ਉਹ ਮੁਗਲ ਹਨ, ਉਹਨਾਂ ਦਾ ਧਰਮ ਇਸਲਾਮ ਹੈ। ਦੂਜੇ ਪਾਸੇ ਹਿੰਦੂ ਹਨ, ਉਹ ਮਜ਼ਲੂਮ ਤੇ ਡਰਪੋਕ ਹਨ। ਇਹ ਸਾਰੇ ਪਾਤਰ ਵਪਾਰੀ ਵਰਗ ਵਿੱਚੋਂ ਹਨ। ਇਹਨਾਂ ਵਿੱਚੋਂ ਵੀ ਕਿਸਾਨੀ ਗਾਇਬ ਹੈ। ਸਿੱਖ ਜਿਹੜੇ ਲੜ ਰਹੇ ਹਨ, ਉਹਨਾਂ ਵਿੱਚ ਪ੍ਰਮੁੱਖ ਪਾਤਰ ਖੱਤਰੀ ਸਮਾਜ ਵਿੱਚੋਂ ਹਨ।[6]

ਭਾਈ ਵੀਰ ਸਿੰਘ ਦੇ ਇਸ ਨਾਵਲੀ ਬਿਰਤਾਂਤ ਦਾ ਵੱਡਾ ਹਿੱਸਾ ਸੰਘਰਸ਼ ਵਿੱਚਲੀਆਂ ਧਿਰਾਂ ਦੀ ਨਿਸ਼ਾਨਦੇਹੀ ਕਰਦਾ ਹੈ। ਸੁਰਸਤੀ ਦਾ ਸੁੰਦਰੀ ਅਤੇ ਸੁੰਦਰ ਕੌਰ ਬਣਨਾ ਅਤੇ ਸਿੱਖੀ ਜੀਵਨ ਜਾਚ ਅਪਣਾਉਣਾ ਭਾਈ ਵੀਰ ਸਿੰਘ ਦੀ ਗਲਪੀ ਦ੍ਰਿਸ਼ਟੀ ਦਾ ਵਾਹਕ ਹੈ, ਜਿਸ ਪਿੱਛੇ ਸਿੰਘ ਸਭਾ ਦੀ ਦ੍ਰਿਸ਼ਟੀ ਕਾਰਜਸ਼ੀਲ ਹੈ। ਸਮੁੱਚਾ ਨਾਵਲ ਸੁੰਦਰੀ ਦੇ ਜੀਵਨ ਬਿਰਤਾਂਤ ਉੱਤੇ ਆਧਾਰਤ ਹੈ ਅਤੇ ਸੁੰਦਰੀ ਦੇ ਸੰਕਟ ਵਿੱਚੋਂ ਨਾਵਲ ਦਾ ਸੰਕਟ ਰੂਪਮਾਨ ਹੁੰਦਾ ਹੈ।

ਸੰਕਟ ਵਿੱਚੋਂ ਸੁੰਦਰੀ ਦਾ ਆਦਰਸ਼ੀਕ੍ਰਿਤ ਰੂਪ ਸਾਹਮਣੇ ਆਉਂਦਾ ਹੈ। ਸੁੰਦਰੀ ਦਾ ਇਹ ਆਦਰਸ਼ਕ ਚਰਿੱਤਰ ਵਿਅਕਤੀਗਤ ਗੁਣਾਂ ਦੀ ਥਾਂ ਖਾਸ ਧਰਮ ਦੀ ਪ੍ਰੇਰਣਾ ਵਿੱਚੋਂ ਆਪਣੀ ਹੋਂਦ ਗ੍ਰਹਿਣ ਕਰਦਾ ਹੈ। ਇਹ ਧਰਮ ਸਿੱਖ ਧਰਮ ਹੈ। ਸੁਰਸਤੀ ਸੁੰਦਰੀ ਬਣਨ ਤੋਂ ਬਾਅਦ ਹਰ ਮੁਸੀਬਤ ਵਿੱਚੋਂ ਜੇਤੂ ਹੋ ਕੇ ਨਿਕਲਦੀ ਹੈ। ਸੁੰਦਰੀ ਨੂੰ ਚੜ੍ਹਦੀ ਕਲਾ ਵਿੱਚ ਦਿਖਾਉਣਾ ਭਾਈ ਵੀਰ ਸਿੰਘ ਦੁਆਰਾ ਸਿੰਘ ਸਭਾ ਲਹਿਰ ਦੇ ਆਸ਼ੇ ਅਨੁਸਾਰ ਗੁਰਮਤਿ ਸਿਧਾਂਤ ਨਾਲ ਜੁੜਿਆ ਹੋਇਆ ਹੈ। ਨਾਵਲ ਦਾ ਅੰਤ ਬਹੁਤ ਪ੍ਰਭਾਵੀ ਅਤੇ ਦੁੱਖਦਾਈ ਹੈ। ਸੁੰਦਰੀ ਦੀ ਮੌਤ ਅਤੇ ਉਸ ਦੇ ਗਮ ਵਿੱਚ ਧਰਮ ਕੌਰ ਦੀ ਮੌਤ ਨਾਵਲੀ ਬਿਰਤਾਂਤ ਦਾ ਹਿੱਸਾ ਬਣਦੇ ਹਨ। ਭਾਈ ਵੀਰ ਸਿੰਘ ਨਾਵਲੀ ਬਿਰਤਾਂਤ ਨੂੰ ਗੁਲਾਈ ਦਿੰਦਾ ਹੋਇਆ ਨਾਵਲ ਦੇ ਅੰਤ ਵਿੱਚ ਸੰਘਰਸ਼ ਵੱਲ ਤੁਰਨ ਦੀ ਸੇਧ ਦਿੰਦਾ ਹੈ:

ਬਲਵੰਤ ਸਿੰਘ ਭਾਵੇਂ ਵੈਰਾਗ ਵਿੱਚ ਨਿਹਿਤ ਹੋ ਕੇ ਏਕਾਂਤ ਭਜਨ ਕਰਨਾ ਚਾਹੁੰਦਾ ਸੀ ਪਰ ਸਿੰਘਾਂ ਨੇ ਉਸਨੂੰ ਜਾਣ ਨਾ ਦਿੱਤਾ ਕਿ ਵਿਹਾਰ ਪ੍ਰਮਾਰਥ ਦੋਵੇਂ ਨਿਭਾਉਣੇ ਚਾਹੀਦੇ ਹਨ, ਅੰਦਰ ਦਾ ਤਿਆਗ ਕਰਨਾ ਹੈ, ਨਾਮ ਨਾਲ ਲਿਵ ਰੱਖਣੀ ਹੈ, ਕ੍ਰਿਯਾ ਵਿੱਚ ਵਸਦਿਆਂ ਅਤੇ ਕੰਮ ਕਰਦਿਆਂ ਨਿਰਲੇਪ ਰਹਿਣਾ ਹੈ। ਉੱਧਰੋਂ ਦੁਰਾਨੀ ਦੇ ਫੇਰ ਚੜ੍ਹ ਕੇ ਆਉਣ ਦੀਆਂ ਸੂੰਹਾਂ ਮਿਲ ਰਹੀਆਂ ਸਨ, ਇਸ ਕਰਕੇ ਬਲਵੰਤ ਸਿੰਘ "ਕਰਮ ਕਰਤ ਹੋਵੈ ਨਿਹਕਰਮ" ਦੇ ਹੁਕਮ ਮੂਜਬ ਪੰਥ ਸੇਵਾ ਪਰ ਤਤਪਰ ਹੀ ਰਿਹਾ।[7]

ਇਸ ਤਰ੍ਹਾਂ ਭਾਈ ਵੀਰ ਸਿੰਘ ਨਾਵਲ ਨੂੰ ਆਪਣੀ ਪੂਰਵ ਨਿਰਧਾਰਤ ਸੋਚ ਅਨੁਸਾਰ ਵਿਉਂਤਦਾ ਹੈ। ਇਹ ਸੋਚ ਉਸ ਦੀਆਂ ਸਮਕਾਲੀ ਪ੍ਰਸਥਿਤੀਆਂ ਦੀ ਉਪਜ ਸੀ। ਭਾਈ ਵੀਰ ਸਿੰਘ ਦੀ ਇਸੇ ਗਲਪੀ ਦ੍ਰਿਸ਼ਟੀ ਦਾ ਪਾਸਾਰ ਉਸਦੇ ਆਗਲੇ ਨਾਵਲ ਸਤਵੰਤ ਕੌਰ, ਅਤੇ ਬਿਜੈ ਸਿੰਘ ਹਨ। ਇਹ ਤਿੰਨੇ ਨਾਵਲ ਧਰਮ ਪ੍ਰਚਾਰ ਹਿੱਤ ਲਿਖੇ ਹੋਣ ਕਾਰਨ ਇਹਨਾਂ ਨਾਵਲਾਂ ਦੇ ਪਾਤਰਾਂ ਦਾ ਵਿਵਹਾਰ/ ਸੰਘਰਸ਼ ਪੂਰਵ ਨਿਸ਼ਚਿਤ ਧਾਰਨਾਵਾਂ ਦੇ ਪਰਿਪੇਖ ਵਿੱਚ ਵਿਕਸਤ ਹੁੰਦਾ ਹੈ। ਇਹਨਾਂ ਨਾਵਲਾਂ ਵਿੱਚ ਬਾਕੀ ਸਮਾਜ ਲੱਗਭੱਗ ਗੁੰਮ ਹੈ। ਮੁੱਖ ਪਾਤਰ ਅਤੇ ਉਹਨਾ ਦੀਆਂ ਸੰਘਰਸ਼ੀ ਘਟਨਾਵਾਂ ਦੁਆਲੇ ਪੂਰਾ ਬਿਰਤਾਂਤ ਚੱਲਦਾ ਹੈ। ਚੌਥੇ ਨਾਵਲ ਸੁਭਾਗ ਜੀ ਦਾ ਸੁਧਾਰ ਹੱਥੀਂ ਬਾਬਾ ਨੌਧ ਸਿੰਘ ਤੱਕ ਪਹੁੰਚ ਕੇ ਭਾਈ ਵੀਰ ਸਿੰਘ ਦੀ ਨਾਵਲੀ ਚੇਤਨਾ ਦਾ ਵਿਸਥਾਰ ਹੁੰਦਾ ਹੈ। ਇਸ ਨਾਵਲ ਵਿੱਚ ਪਹਿਲੀ ਵਾਰ ਭਾਈ ਵੀਰ ਸਿੰਘ ਧਾਰਮਿਕ ਮਸਲਿਆਂ ਦੇ ਨਾਲ-ਨਾਲ ਸਮਾਜਿਕ ਸਮੱਸਿਆਵਾਂ ਨੂੰ ਵੀ ਲੈਂਦਾ ਹੈ। ਉਸ ਦੌਰ ਦਾ ਕਿਸਾਨੀ ਸੰਕਟ ਪਹਿਲੀ ਵਾਰ ਇਸ ਨਾਵਲ ਵਿੱਚ ਆਕਾਰ ਤੇ ਵਿਸਥਾਰ ਗ੍ਰਹਿਣ ਕਰਦਾ ਹੈ। ਇਸ ਤਰ੍ਹਾਂ ਭਾਈ ਵੀਰ ਸਿੰਘ ਨਾਵਲ ਰਾਹੀਂ ਪੰਜਾਬੀ ਨਾਵਲਕਾਰੀ ਦੇ ਇਤਿਹਾਸ ਵਿੱਚ ਨਵਾਂ ਮੁੱਢ ਬੰਨਦਾ ਹੈ।

ਭਾਈ ਵੀਰ ਸਿੰਘ ਦੇ ਨਾਵਲ ਭਾਵੇਂ ਪੂਰਵ ਮਿੱਥਤ ਉਦੇਸ਼ ਅਧੀਨ ਇੱਕ ਖਾਸ ਧਰਮ ਅਤੇ ਫਿਰਕੇ ਦੇ ਇਤਿਹਾਸ ਦੀ ਪੁਨਰ ਵਿਆਖਿਆ ਕਰਦੇ ਹੋਏ ਕੌਮ ਦੀ ਪੁਨਰ-ਸੁਰਜੀਤੀ ਲਈ ਯਤਨ ਸਨ, ਪਰ ਇਸ ਨਾਵਲ ਨਿਗਾਰੀ ਦੇ ਸਿੱਟੇ ਵਜੋਂ ਪੰਜਾਬੀ ਵਿੱਚ ਇੱਕ ਨਵਾਂ ਪਾਠਕ ਵਰਗ ਪੈਦਾ ਹੁੰਦਾ ਹੈ। ਇਸ ਪਾਠਕ ਵਰਗ ਨੂੰ ਭਾਈ ਵੀਰ ਸਿੰਘ ਆਪਣੇ ਧਾਰਮਿਕ ਤੇ ਇਤਿਹਾਸਕ ਵਿਰਸੇ ਨਾਲ ਜੋੜਦਾ ਹੈ। ਇਸ ਲਈ ਉਹ ਜਿਸ ਸਾਹਿਤਕ ਵਿਧਾ ਦੀ ਵਰਤੋਂ ਕਰਦਾ ਹੈ, ਉਹ ਸਾਹਿਤਕ ਵਿਧਾ ਆਪਣੇ ਲਈ ਇੱਕ ਵੱਖਰਾ ਪਾਠਕ ਵਰਗ ਲੈ ਕੇ ਆਉਂਦੀ ਹੈ। ਆਪਣੀ ਨਾਵਲ ਸਿਰਜਣਕਾਰੀ ਦੇ ਮਾਧਿਅਮ ਰਾਹੀਂ ਧਾਰਮਿਕ ਮੁਹਾਵਰਾ ਵਰਤਦੇ ਹੋਏ

ਭਾਈ ਵੀਰ ਸਿੰਘ ਇੱਕ ਨਵਾਂ ਪਾਠਕ ਵਰਗ ਪੈਦਾ ਕਰਦਾ ਹੈ ਜਿਹੜਾ ਆਪਣੇ ਧਾਰਮਿਕ ਵਿਰਸੇ ਤੇ ਮਾਣ ਕਰਕੇ ਸਵੈ ਪ੍ਰਤੀ ਚੇਤੰਨ ਹੁੰਦਾ ਹੋਇਆ ਅਵਚੇਤਨੀ ਤੌਰ 'ਤੇ ਆਪਣੀ ਆਜ਼ਾਦੀ ਲਈ ਤਾਂਘਦਾ ਹੈ।

ਭਾਈ ਵੀਰ ਸਿੰਘ ਦੇ ਨਾਵਲਾਂ ਨੂੰ ਪੜਦਿਆਂ ਸਮਾਜਕ ਸਮਤਾ ਦੀ ਥਾਂ ਵੱਖਰਤਾਵਾਂ ਅਤੇ ਵਿਰੋਧਾਂ ਦਾ ਅਹਿਸਾਸ ਹੁੰਦਾ ਹੈ, ਜਿਸ ਵਿੱਚੋਂ ਧਾਰਮਿਕ ਵਖਰੇਵੇਂ ਦਾ ਅਹਿਸਾਸ ਓਪਰੇ ਰੂਪ ਵਿੱਚ ਨਜ਼ਰ ਆਉਂਦਾ ਹੈ। ਪਾਠਕ ਮੁੱਢਲੇ ਰੂਪ ਵਿੱਚ ਇਸ ਓਪਰੇ ਚਿੱਤਰ ਨੂੰ ਹੀ ਗ੍ਰਹਿਣ ਕਰਦਾ ਹੈ। ਭਾਈ ਵੀਰ ਸਿੰਘ ਆਪਣੇ ਇਹਨਾਂ ਨਾਵਲਾਂ ਰਾਹੀਂ ਪੰਜਾਬੀ ਭਾਸ਼ਾ ਦਾ ਪ੍ਰਚਾਰ ਕਰਦਾ ਹੈ। ਉਸ ਦੇ ਇਸ ਪ੍ਰਭਾਵ ਅਧੀਨ ਪੰਜਾਬੀ ਵਿੱਚ ਧਰਮਮੂਲਕ ਪ੍ਰਵਿਰਤੀ ਨਾਲ ਜੁੜੇ ਹੋਏ ਨਾਵਲਾਂ ਦਾ ਮੁੱਢ ਬੱਝਦਾ ਹੈ। ਇਹ ਪਰੰਪਰਾ ਚਰਨ ਸਿੰਘ ਸ਼ਹੀਦ, ਮੋਹਨ ਸਿੰਘ ਵੈਦ, ਅਮਰ ਸਿੰਘ ਰਾਹੀਂ ਹੁੰਦੀ ਹੋਈ ਮਾਸਟਰ ਤਾਰਾ ਸਿੰਘ ਤੱਕ ਪਹੁੰਚਦੀ ਹੈ, ਜਿਸ ਪਿੱਛੇ ਪੰਜਾਬੀ ਦਾ ਪੂਰੀ ਸਦੀ ਦੇ ਨਾਵਲ ਦਾ ਇਤਿਹਾਸ ਬਣਦਾ ਹੈ। ਇਸ ਤਰ੍ਹਾਂ ਭਾਈ ਵੀਰ ਸਿੰਘ ਨਵੀਂ ਚੇਤਨਾ ਦਾ ਸੰਚਾਰ ਕਰਦਾ ਨਜ਼ਰ ਆਉਂਦਾ ਹੈ।

ਭਾਈ ਵੀਰ ਸਿੰਘ ਪ੍ਰਮੁੱਖ ਰੂਪ ਵਿੱਚ ਸਿੱਖ ਸਰਮਾਏਦਾਰੀ ਦਾ ਪ੍ਰਤੀਨਿਧ ਸੀ। ਉਹ ਪੰਜਾਬ ਦੇ ਸਿੱਖ ਵਿਰਸੇ ਨੂੰ ਆਪਣੇ ਦ੍ਰਿਸ਼ਟੀਗਤ ਪਾਸਾਰਾਂ ਦਾ ਆਧਾਰ ਬਣਾਉਂਦਾ ਹੈ ਅਤੇ ਅਸਿੱਧੇ ਰੂਪ ਵਿੱਚ ਇਸ ਗੱਲ ਦਾ ਪ੍ਰਚਾਰ ਕਰਦਾ ਹੈ ਕਿ ਸਮਾਜ ਵਿੱਚ ਵਿਆਪਕ ਸੰਕਟਾਂ ਦੇ ਕਾਰਨ ਧਰਮ ਅਤੇ ਇਤਿਹਾਸ ਤੋਂ ਬੇਮੁੱਖਤਾ ਵਿੱਚ ਦਰਜ ਹਨ। ਇੱਥੇ ਉਹ ਸਿੱਧੇ ਰੂਪ ਵਿੱਚ ਅੰਗਰੇਜ਼ ਬਸਤੀਕਾਰਾਂ ਨਾਲ ਟਕਰਾਉ ਤੋਂ ਬਚਦਾ ਹੈ। ਇਸੇ ਲਈ ਉਹ ਬਸਤੀਵਾਦ ਨਾਲ ਜੁੜੇ ਹੋਏ ਸੰਕਟਾਂ ਨੂੰ ਸੰਘਰਸ਼ ਦੀ ਥਾਂ ਧਰਮ ਨਾਲ ਜੋੜ ਕੇ ਵੇਖਦਾ ਹੈ। ਵੀਹਵੀਂ ਸ਼ਤਾਬਦੀ ਦਾ ਮੁੱਢਲਾ ਦੌਰ ਅੰਗਰੇਜ਼ ਸਾਮਰਾਜ ਵਿਰੁੱਧ ਸੰਘਰਸ਼ਾਂ ਦਾ ਦੌਰ ਸੀ। ਇਸ ਦੌਰ ਵਿੱਚ ਗਦਰੀ ਲਹਿਰ, ਕੂਕਾ ਲਹਿਰ ਅਤੇ ਜਲ੍ਹਿਆਂ ਵਾਲਾ ਕਾਂਡ ਵਾਪਰ ਚੁੱਕਾ ਸੀ। ਅੰਗਰੇਜ਼ ਸਾਮਰਾਜ ਦੇ ਵਿਰੋਧ ਵਿੱਚ ਇੱਕ ਵੱਡਾ ਮੁਹਾਜ਼ ਬਣ ਚੁੱਕਾ ਸੀ। ਭਾਈ ਵੀਰ ਸਿੰਘ ਆਪਣੇ ਧਰਮ ਅਤੇ ਵਿਰਸੇ ਪ੍ਰਤੀ ਲੋਕਾਂ ਨੂੰ ਚੇਤੰਨ ਕਰਾਉਣ ਲਈ ਤਾਂ ਕਦਮ ਚੁੱਕਦਾ ਹੈ, ਪ੍ਰੰਤੂ ਇਹਨਾਂ ਸੰਘਰਸ਼ਾਂ ਨੂੰ ਸੰਬੋਧਿਤ ਨਹੀਂ ਹੁੰਦਾ। ਇਸ ਤਰ੍ਹਾਂ ਉਸ ਦੌਰ ਦੇ ਬਸਤੀਕਾਰਾਂ ਦੇ ਸੰਕਟਾਂ ਨੂੰ ਚਿੱਤਰਣ ਅਤੇ ਆਜ਼ਾਦੀ ਵੱਲ ਲੋਕਾਂ ਨੂੰ ਤੋਰਨ ਵਾਲੇ ਕਾਫ਼ਲੇ ਵਿੱਚ ਭਾਈ ਵੀਰ ਸਿੰਘ ਪਿੱਛੇ ਨਜ਼ਰ ਆਉਂਦਾ ਹੈ।

## ਹਵਾਲੇ ਤੇ ਟਿੱਪਣੀਆਂ


1. Edward W. Said, orientalism, P. viii
2. ਪਰਮਿੰਦਰ ਸਿੰਘ, ਬਸਤੀਵਾਦੀ ਸਰੋਕਾਰ ਅਤੇ ਪੰਜਾਬੀ ਨਾਵਲ, ਪੰਨਾ 113
3. ਸੰਤ ਸਿੰਘ ਸੇਖੋਂ, ਭਾਈ ਵੀਰ ਸਿੰਘ ਤੇ ਉਹਨਾਂ ਦੀ ਰਚਨਾ, ਪੰਨਾ 18
4. ਡਾ. ਰਜਨੀਸ਼ ਬਹਾਦਰ ਸਿੰਘ, "ਪੰਜਾਬੀ ਨਾਵਲ ਦੀ ਪਹਿਲੀ ਪੈੜ : ਸੁੰਦਰੀ", ਪ੍ਰਵਚਨ, ਅਪ੍ਰੈਲ-ਜੂਨ, 2017, ਪੰਨਾ 26
5. ਸੰਤ ਸਿੰਘ ਸੇਖੋਂ, ਭਾਈ ਵੀਰ ਸਿੰਘ ਤੇ ਉਹਨਾਂ ਦੀ ਰਚਨਾ, ਪੰਨਾ 27
6. ਡਾ. ਰਜਨੀਸ਼ ਬਹਾਦਰ ਸਿੰਘ, "ਪੰਜਾਬੀ ਨਾਵਲ ਦੀ ਪਹਿਲੀ ਪੈੜ : ਸੁੰਦਰੀ", ਪ੍ਰਵਚਨ, ਅਪ੍ਰੈਲ-ਜੂਨ, 2017, ਪੰਨਾ 32
7. ਭਾਈ ਵੀਰ ਸਿੰਘ, ਸੁੰਦਰੀ, 48ਵਾਂ ਐਡੀਸ਼ਨ, ਪੰਨਾ 11

# ਦਰਸ਼ਨ ਧੀਰ ਰਚਿਤ ਨਾਵਲ 'ਅਜਮਾਇਸ਼':ਦੇਸ਼ ਵੰਡ ਦੀਆਂ ਯਾਦਾਂ ਅਤੇ ਯਾਦ-ਦੱਹਾਨੀਆਂ ਦੀ ਬਿਰਤਾਂਤਕਾਰੀ

**ਡਾ. ਧਨਵੰਤ ਕੌਰ**

'ਅਜਮਾਇਸ਼'ਦਰਸ਼ਨ ਧੀਰ ਦਾ ਚੌਦਵਾਂ ਨਾਵਲ ਹੈ। ਦੇਸ਼ ਕਾਲ ਵਿਚ ਜਿਊਂਦੇ, ਜੂਝਦੇ, ਬਿਗਸਦੇ, ਬਿਨਸਦੇ ਜਾਂ ਜੇ ਵਧੇਰੇ ਨਿਸ਼ਚਿਤ ਰੂਪ ਵਿਚ ਕਹਿਣਾ ਹੋਵੇ ਤਾਂ ਸਮੇਂ ਸਥਾਨ ਦੇ ਵਿਭਿੰਨ ਪ੍ਰਕਰਣਾਂ ਦੀਆਂ ਕੁਠਾਲੀ ਵਿਚ ਪਈਆਂ ਪੰਜਾਬੀ ਸ਼ਨਾਖਤਾਂ ਦੀ ਵਾਸਤਵਿਕਤਾ ਦੇ ਨਿੱਕੇ ਵੱਡੇ ਪ੍ਰਸੰਗਾਂ ਤੇ ਸੰਦਰਭਾਂ ਨੂੰ ਚਿਤਰਣ ਲਈ ਉਸ ਨੇ ਗਲਪੀ ਵਿਧਾਵਾਂ ਨੂੰ ਬਾਖ਼ੂਬੀ ਵਰਤਿਆ ਹੈ। ਹੁਣ ਤਕ ਦੇ ਲਗਭਗ ਪੰਜ ਦਹਾਕਿਆਂ ਦੇ ਕਲਮੀ ਸਫਰ ਵਿਚ ਉਸਨੇ ਚੌਦਾਂ ਨਾਵਲ ਅਤੇ ਛੇ ਕਹਾਣੀ ਸੰਗ੍ਰਹਿ ਰਚ ਕੇ ਆਪਣੀ ਵੱਖਰੀ ਪਛਾਣ ਹੀ ਨਹੀਂ ਬਣਾਈ, ਆਪਣੀ ਰਚਨਾ ਦ੍ਰਿਸ਼ਟੀ ਅਤੇ ਆਪਣੇ ਰਚਨਾ ਪ੍ਰਯੋਜਨ ਦੇ ਨਿਵੇਕਲੇ ਤੇ ਵਾਜਬ ਹੋਣ ਦਾ ਪ੍ਰਮਾਣ ਵੀ ਦਿੱਤਾ ਹੈ।

ਦਰਸ਼ਨ ਧੀਰ ਦੀ ਸਾਹਿਤ ਸੰਵੇਦਨਾ ਦਾ ਮੁੱਖ ਧੁਰਾ ਪੰਜਾਬੀਆਂ ਦਾ ਪਰਵਾਸੀ ਜੀਵਨ ਰਿਹਾ ਹੈ। ਪਰਵਾਸੀ ਪੰਜਾਬੀਆਂ ਦੇ ਮੁਢਲੇ ਐਡਵੈਂਚਰਾਂ/ਅਨੁਭਵਾਂ/ਵੰਗਾਰਾਂ ਤੋਂ ਲੈ ਕੇ ਲਗਭਗ ਤਿੰਨ ਪੀੜ੍ਹੀਆਂ ਤਕ ਦੇ ਪਰਵਾਸ ਦੌਰਾਨ ਤਬਦੀਲ/ਘੜ ਹੋ ਰਹੀਆਂ ਪੰਜਾਬੀ ਸ਼ਨਾਖਤਾਂ 'ਤੇ ਉਸਨੇ ਇਸ ਕਦਰ ਫੋਕਸ ਕੀਤਾ ਹੈ ਕਿ ਇਨ੍ਹਾਂ ਪੈੜਾਂ ਦੇ ਆਧਾਰ ਤੇ ਬਰਤਾਨੀਆ ਵਿਚ ਪੰਜਾਬੀ ਪਰਵਾਸ ਦੀ ਪਹਿਲੀ ਪੀੜ੍ਹੀ ਦਾ ਸਭਿਆਚਾਰਕ ਇਤਿਹਾਸ ਰਚਿਆ ਜਾ ਸਕਦਾ ਹੈ। ਪਿਛਲੇ ਕੁਝ ਸਾਲਾਂ ਵਿਚ ਉਸਦੇ ਬਿਰਤਾਂਤਕ ਮੂਡ ਨੇ ਪੰਜਾਬੀ ਸ਼ਨਾਖਤਾਂ ਦੇ ਅਤੀਤ ਅਤੇ ਵਰਤਮਾਨ ਨੂੰ ਮੂਲਵਾਸ ਦੇ ਹਵਾਲੇ ਨਾਲ ਪ੍ਰਗਟਾਉਣ ਵਿਚ ਦਿਲਚਸਪੀ ਲਈ ਹੈ। ਹਥਲਾ ਨਾਵਲ 'ਅਜਮਾਇਸ਼' ਇਸੇ ਮੂਡ ਦੀ ਲਗਾਤਾਰਤਾ ਦਾ ਅਗਲਾ ਘਟਕ ਹੈ।

ਦਰਸ਼ਨ ਧੀਰ ਦੇ ਹੋਰਨਾਂ ਨਾਵਲਾਂ ਵਾਂਗ 'ਅਜਮਾਇਸ਼' ਨਾਵਲ ਦੀ ਕੈਨਵਸ ਵੱਡੀ ਹੈ ਅਤੇ ਰੇਂਜ ਵਿਸ਼ਾਲ ਹੈ। ਇਸ ਨਾਵਲ ਦਾ ਬਿਰਤਾਂਤ ਘੱਟੋ ਘੱਟ ਇਕ ਸਦੀ ਦੇ ਪੰਜਾਬ ਦੇ ਇਤਿਹਾਸ ਨੂੰ ਆਪਣੇ ਕਲੇਵਰ ਵਿਚ ਲੈਂਦਾ ਹੈ। ਇਸ ਵਿਚਲੀ ਕਹਾਣੀ-ਰੇਖਾ ਦਾ ਆਦਿ ਬਿੰਦੂ ਲੱਭੀਏ ਤਾਂ ਇਹ ਬਸਤੀਵਾਦ ਦਾ ਉਹ ਦੌਰ ਹੈ ਜਦੋਂ ਅੰਗਰੇਜ਼ੀ ਸਾਮਰਾਜ ਪੰਜਾਬ ਦੇ ਆਰਥਿਕ ਸਰੋਤਾਂ/ ਸਾਧਨਾਂ/ਵਸੀਲਿਆਂ ਨੂੰ ਆਪਣੇ ਵਡੇਰੇ ਲਾਭ ਹਿੱਤ ਸਾਧਣ ਲਈ ਨਹਿਰਾਂ ਕਢਦਾ, ਬਾਰਾਂ ਵਸਾਉਂਦਾ ਹੈ। ਪੰਜਾਬ ਦਾ ਮਿਹਨਤੀ-ਉਦਮੀ ਕਿਸਾਨ ਉਜਾੜਾਂ-ਬੀਆਬਾਨਾਂ, ਸਾਂ ਸਾਂ ਕਰਦੇ ਜੰਗਲਾਂ, ਜਿਨ੍ਹਾਂ ਵਿਚ ਸੱਪ ਫੁੰਕਾਰਦੇ, ਗਿੱਦੜ ਮਿਆਂਕਦੇ ਅਤੇ ਹੋਰ ਜੰਗਲੀ ਜਾਨਵਰ ਆਪਣਾ ਕਹਿਰ ਵਰਤਾਉਣ ਲਈ ਤਿਆਰ ਰਹਿੰਦੇ ਹਨ, ਨੂੰ ਜਾਨ ਤਲੀ ਤੇ ਧਰ ਕੇ ਸਖਤ ਮਿਹਨਤ ਨਾਲ ਆਬਾਦ ਕਰਦਾ ਹੈ। ਇਸ ਆਬਾਦਕਾਰੀ ਵਿਚ ਪੰਜਾਬੀ ਕਿਸਾਨ, ਸਿੱਖ ਮੁਸਲਮਾਨ ਦੋਵੇਂ, ਆਪਣੀ ਹਿੰਮਤ ਹੌਸਲੇ ਨਾਲ ਰਲਮਿਲ ਕੇ ਮੁਸੀਬਤਾਂ ਝਾਗਦੇ, ਜੀਵਨ ਰੁਖ ਸਿਰ ਕਰਨ ਦਾ ਆਹਰ ਕਰਦੇ, ਬਿਨਾਂ ਕਿਸੇ ਭੇਦ ਭਾਵ ਦੇ ਰਹਿੰਦੇ ਹਨ। ਸ਼ਾਹ ਮੁਹੰਮਦ ਦੇ ਸ਼ਬਦਾਂ ਵਿਚ

---

*ਪੰਜਾਬੀ ਯੂਨੀਵਰਸਿਟੀ, ਪਟਿਆਲਾ।*

'ਰਾਜ਼ੀ ਬਾਜ਼ੀ' ਵਸਦੇ ਹਨ। ਇਸ ਨਾਵਲ ਦੇ ਨਾਇਕ ਹਜ਼ਾਰਾ ਸਿੰਘ ਦਾ ਬਾਪ ਪਾਖਰ ਸਿੰਘ ਅਤੇ ਫਤਹਿ ਅਲੀ ਖਾਨ ਤੇ ਸ਼ਾਹ ਮੁਹੰਮਦ ਦਾ ਬਾਪ ਬਾਰ ਵਿਚਲੇ ਇਸੇ ਈਥੋਸ ਵਿਚ ਪੱਗਵੱਟ ਭਰਾ ਬਣਦੇ ਹਨ। ਫਤਿਹ ਅਲੀ ਹੁਰਾਂ ਦੀ ਨਹਿਰ ਦੇ ਪਾਣੀ ਦੀ ਵਾਰੀ ਤੋਂ ਹੋਈ ਲੜਾਈ ਵਿਚ ਹਜ਼ਾਰਾ ਸਿੰਘ ਆਪਣੇ ਸ਼ਰੀਕੇ ਭਾਈਚਾਰੇ ਨਾਲ ਮਦਦ ਕਰਨ ਜਾਂਦਾ ਹੈ। ਫਤਹਿ ਅਲੀ ਮਾਰਿਆ ਜਾਂਦਾ ਹੈ, ਹਜ਼ਾਰਾ ਸਿੰਘ ਦੀ ਵੱਖੀ ਚੀਰੀ ਜਾਂਦੀ ਹੈ ਪਰ ਉਨ੍ਹਾਂ ਦੇ ਪਰਿਵਾਰਾਂ ਦੀ ਸਾਂਝ ਹਮੇਸ਼ਾ ਹਮੇਸ਼ਾ ਲਈ ਪੱਕੀ ਹੋ ਜਾਂਦੀ ਹੈ।

ਨਾਵਲੀ ਬਿਰਤਾਂਤ ਦੀ ਇਤਿਹਾਸਕ ਕੜੀ ਵਿਚ ਅਗਲਾ ਅਧਿਆਇ 1947 ਦਾ ਖੁਲ੍ਹਦਾ ਹੈ। ਫਤਹਿ ਅਲੀ ਦਾ ਛੋਟਾ ਭਰਾ ਸ਼ਾਹ ਮੁਹੰਮਦ, ਪੁੱਤਰ, ਭਤੀਜਾ ਮਿਹਰ ਦੀਨ, ਕਾਮਰੇਡ ਨਸੀਬ ਹੁਸੈਨ ਵੰਡ ਵੇਲੇ ਹਜ਼ਾਰਾ ਸਿੰਘ ਦੇ ਪਰਿਵਾਰ ਨੂੰ ਬਚਾਉਣ ਲਈ ਸਿਰਤੋੜ ਯਤਨ ਕਰਦੇ ਹਨ ਪਰ ਜਨੂੰਨੀ ਹਨੇਰੀ ਵਿਚ ਅਸਫਲ ਹੁੰਦੇ ਹਨ। ਪੰਜਾਬ ਵਿਚੋਂ ਉਜੜ ਕੇ ਇਧਰੋਂ ਉਧਰ ਤੇ ਉਧਰੋਂ ਇਧਰ ਨੂੰ ਭਜੇ ਬਹੁਤ ਸਾਰੇ ਹੋਰਨਾਂ ਵਾਂਗ ਹਜ਼ਾਰਾ ਸਿੰਘ ਨੂੰ ਵੀ ਅੱਧੇ-ਅਧੂਰੇ ਪਰਿਵਾਰ ਨਾਲ ਇਧਰ ਆਉਣਾ ਪੈਂਦਾ ਹੈ। ਦੋਵੇਂ ਪਾਸੇ ਆਪਣੀ ਭੋਏਂ ਤੋਂ ਉਖੜੇ ਪੰਜਾਬੀ, ਪਨਾਹਗੀਰਾਂ ਦੀ ਹੋਣੀ ਹੰਢਾਉਂਦੇ, ਆਪਣਿਆਂ ਜੀਆਂ ਨੂੰ ਭਾਲਦੇ, ਮੁੜ ਵੱਸਣ ਦੀ ਚਾਰਾਜੋਈ ਕਰਦੇ ਹਨ। ਜੀਆਂ ਨੂੰ ਲੱਭਦਿਆਂ ਤੇ ਜਾਇਦਾਦਾਂ ਦੁਬਾਰਾ ਹਾਸਿਲ ਕਰਦਿਆਂ ਜਿਹੜੇ ਦੁਖ ਨੁਕਸਾਨ ਉਨ੍ਹਾਂ ਨੇ ਸਹੇ, ਉਨ੍ਹਾਂ ਦੀ ਕੋਈ ਭਰਪਾਈ ਨਹੀਂ ਹੋ ਸਕਦੀ।

ਕਹਾਣੀ ਬਿਨਾਂ ਰੁਕੇ ਅੱਗੇ ਤੁਰਦੀ ਹੈ। ਜ਼ਮੀਨਾਂ ਅਲਾਟ ਹੁੰਦੀਆਂ ਹਨ, ਨਵੇਂ ਸਿਰਿਓਂ ਸੰਘਰਸ਼ ਸ਼ੁਰੂ ਹੁੰਦਾ ਹੈ ਤੇ ਪੰਜਾਬੀ ਬੰਦਾ ਬੀਤੇ ਤੇ ਝੂਰਨ ਦੀ ਥਾਂ ਅੱਗੇ ਦੇਖਦਾ ਹੈ। 1965-66 ਵਿਚ ਮੁਰੱਬੇਬੰਦੀ ਹੁੰਦੀ ਹੈ। ਪੰਜਾਬ ਹਰੇ ਇਨਕਲਾਬ ਦੀ ਪ੍ਰਯੋਗਸ਼ਾਲਾ ਬਣਦਾ ਹੈ। ਹਰਾ ਇਨਕਲਾਬ ਥੋੜ੍ਹਿਆਂ ਨੂੰ ਤਾਰਦਾ ਤੇ ਬਹੁਤਿਆਂ ਨੂੰ ਡੋਬਦਾ ਹੈ। ਜਿਨ੍ਹਾਂ ਕੋਲ ਵਾਹੁਣ ਬੀਜਣ ਲਈ ਵਾਧੂ ਭੋਏਂ ਹੈ, ਉਨ੍ਹਾਂ ਦੀਆਂ ਪੌਂਅਬਾਰਾਂ ਹੋ ਜਾਂਦੀਆਂ ਹਨ ਪਰ ਹਮਾਤੜ ਗੀਸੋ ਗੀਸੀ ਕਰਜ਼ਾਈ ਹੁੰਦੇ ਹਨ, ਕੁਰਕੀਆਂ ਕਰਵਾਉਂਦੇ ਹਨ। ਧਨੀ ਕਿਸਾਨੀ ਹੋਰ ਧਨੀ ਹੀ ਨਹੀਂ ਹੋ ਜਾਂਦੀ, ਸਿਆਸੀ ਤਾਕਤ ਦੀ ਲਾਲਸਾ, ਦਿਖਾਵਾ ਪੰਜਾਬੀਅਤ ਦੇ ਲਛਣਾਂ ਵਿਚ ਇਕ ਪ੍ਰਤਿਮਾਨ ਵਜੋਂ ਸ਼ਾਮਲ ਹੋਣ ਲਗਦਾ ਹੈ/ਸਵੀਕ੍ਰਿਤੀ ਪਾਉਂਦਾ ਹੈ।

ਇਤਿਹਾਸਕ ਯਥਾਰਥ ਵਜੋਂ ਗੁਆਂਢੀ ਦੇਸ਼ ਪਾਕਿਸਤਾਨ ਨਾਲ ਹੋਈਆਂ ਦੋ ਜੰਗਾਂ ਇਸ ਨਾਵਲ ਦੇ ਵੇਰਵਿਆਂ ਦਾ ਅਗਲਾ ਬਿਰਤਾਂਤ ਬਣਦੀਆਂ ਹਨ ਅਤੇ ਅੱਗੋਂ ਪੰਜਾਬ ਸੰਕਟ ਵਿਚ ਘਿਰਦੀ ਪੰਜਾਬੀ ਲੋਕਾਈ- ਸਾਕਾ ਨੀਲਾ ਤਾਰਾ ਵੇਲੇ ਇਕ ਵਾਰ ਫਿਰ ਰਾਜਨੀਤਕ ਚਾਲਾਂ ਦੇ ਮੂੰਹ ਆਈ ਮਹਿਸੂਸ ਕਰਦੀ ਹੈ। ਪਹਿਲਾਂ ਵੰਡ ਵੇਲੇ ਹਿੰਦੂ-ਸਿੱਖ ਇਕ ਧਿਰ ਬਣੇ ਸਨ। ਹੁਣ ਉਨ੍ਹਾਂ ਨੂੰ ਵੀ ਪਾੜਨ ਦੀ ਕੂਟਨੀਤਕ ਚਾਲ ਚਲੀ ਜਾਂਦੀ ਹੈ ਤਾਂ ਪੰਜਾਬੀਆਂ ਨੂੰ ਇਕ ਵਾਰ ਫਿਰ ਸਮਝ ਨਹੀਂ ਆਉਂਦੀ ਕਿ ਇਸ ਨਾਲ ਕਿਵੇ ਨਜਿੱਠਣ। ਕਹਾਣੀ ਰੇਖਾ ਦੇ ਅਗਲੇਰੇ ਪੜਾਵਾਂ ਵਿਚ ਪੰਜਾਬੀ ਸਮਾਜ ਬਸਤੀਵਾਦ ਦੀਆਂ ਨੀਤੀਆਂ/ਪ੍ਰਭਾਵਾਂ ਵਿਚੋਂ ਲੰਘ, ਅਛੋਪਲੇ ਹੀ ਨਵਬਸਤੀਵਾਦ ਦੀ ਪਕੜ ਵਿਚ ਆ ਜਾਂਦਾ ਹੈ। ਇਲੈਕਟ੍ਰੋਨਿਕ ਮੀਡੀਆ, ਸੋਸ਼ਲ ਮੀਡੀਆ, ਵਿਅਕਤੀਵਾਦ, ਪੂੰਜੀਵਾਦ, ਆਪਣੇ ਸਾਧਨ, ਆਪਣੇ ਸ੍ਰੋਤ, ਆਪਣੀ ਸਮਰਥਾ ਨਿਰੋਲ ਆਪਣੇ ਲਈ ਵਰਤਣ ਦੀ ਸਵਾਰਥੀ ਨੀਤੀ, ਕਾਹਲ, ਲਾਲਸਾ, ਭੋਖੜਾ, ਰਾਜਨੀਤੀ ਦਾ ਪੂੰਜੀਕਰਣ, ਭ੍ਰਿਸ਼ਟਾਚਾਰ, ਸਿਫਾਰਸ਼ਾਂ ਅਤੇ ਨਸ਼ਿਆਂ ਵਲ ਧਕੇਲ ਦਿੱਤੇ ਗਏ ਪੰਜਾਬ ਦੀ ਬਹੁਪਸਾਰੀ

ਵਰਤਮਾਨਤਾ-ਇਹ ਇਤਿਹਾਸਕ ਕਾਲਿਕ/ਫੈਲਾਓ/ਰੇਂਜ ਹੈ ਇਸ ਨਾਵਲ ਦੇ ਬਿਰਤਾਂਤ ਦੀ।

ਸਮੱਸਿਆਕਾਰੀ ਦੇ ਲਿਹਾਜ਼ ਨਾਲ ਦੇਖੀਏ ਤਾਂ ਇਸ ਨਾਵਲ ਦੇ ਕੇਂਦਰ ਵਿਚ 1947 ਦੀ ਭਾਰਤ-ਪਾਕਿ ਵੰਡ ਹੈ। ਲੋਕ ਆਪਣੇ ਬੀਤੇ ਨੂੰ ਯਾਦ ਕਿਵੇਂ ਕਰਦੇ ਹਨ ?ਆਪਣੇ ਅਤੀਤ ਬਾਰੇ ਕਿਹੋ ਜਿਹੀਆਂ ਕਹਾਣੀਆਂ ਕਹਿੰਦੇ ਹਨ ? ਇਤਿਹਾਸ ਨੂੰ ਕਿਵੇਂ ਭੋਗਦੇ/ਬਿਰਤਾਂਤਦੇ ਹਨ ? ਆਧੁਨਿਕ ਇਤਿਹਾਸਕਾਰਾਂ/ਸਮਾਜ ਵਿਗਿਆਨੀਆਂ/ਮਨੋਵਿਗਿਆਨੀਆਂ ਨੇ ਅਜੋਕੇ ਬਹੁ ਸਭਿਆਚਾਰੀ ਸਮਾਜਾਂ ਵਿਚ ਮਨੁੱਖੀ ਸਨਾਖ਼ਤਾਂ ਦਾ ਵਿਹਾਰ/ਰਵੱਈਆ ਜਾਨਣ ਲਈ ਵਿਭਿੰਨ ਮਨੁਖੀ ਸਮੂਹਾਂ ਦੀਆਂ ਅਜਿਹੀਆਂ ਯਾਦਾਂ/ਸਿਮਰਤੀਆਂ/ਬੀਤੇ ਦੀਆਂ ਕਹਾਣੀਆਂ ਵਲ ਤਵੱਜੋ ਦਿੱਤੀ ਹੈ। ਇਸੇ ਪ੍ਰਸੰਗ ਵਿਚੋਂ ਹੀ ਇਤਿਹਾਸਕ ਸਦਮਿਆਂ ਦਾ ਸੰਕਲਪ ਪਰਿਭਾਸ਼ਿਤ ਹੋਇਆ। ਅਜਿਹੀ ਘਟਨਾ ਜਿਸ ਵਿਚ ਕਿਸੇ ਲੋਕ ਸਮੂਹ/ਕੌਮ ਦਾ ਬੇਪਨਾਹ ਜਜ਼ਬਾਤੀ ਨੁਕਸਾਨ ਹੋਇਆ ਹੋਵੇ, ਅਜਿਹੀ ਘਟਨਾ ਜਿਸਨੇ ਕਿਸੇ ਬੰਦੇ ਦਾ ਆਪਣੇ ਮੂਲ ਸਥਾਨ ਨਾਲ ਰਿਸ਼ਤਾ ਤਹਿਸ਼ ਨਹਿਸ਼ ਕਰ ਦਿੱਤਾ ਹੋਵੇ, ਅਜਿਹੀ ਘਟਨਾ ਜਿਸਨੂੰ ਯਾਦ ਕਰਦਿਆਂ, ਪ੍ਰਤਖਦਿਆਂ ਉਸ ਕੌਮ/ਲੋਕ ਸਮੂਹ ਦੀ ਅਗਲੇਰੀਆਂ ਪੀੜ੍ਹੀਆਂ ਵੀ ਜਜ਼ਬਾਤੀ ਮਹਿਸੂਸ ਕਰਨ, ਉਸ ਲੋਕ ਸਮੂਹ ਦੇ ਸਮੂਹਿਕ ਅਵਚੇਤਨ ਵਿਚ ਡੂੰਘੇ ਧਸੇ ਇਤਿਹਾਸਕ ਸਦਮੇ ਵਜੋਂ ਸੰਕਲਪਿਤ ਕੀਤੀ ਜਾਂਦੀ ਹੈ।

ਜੇ ਪੰਜਾਬੀਆਂ ਦੇ ਨਿਕਟ ਇਤਿਹਾਸ ਵਿਚ ਵੇਖੀਏ ਤਾਂ ਜਲ੍ਹਿਆਂ ਵਾਲੇ ਬਾਗ ਦਾ ਸਾਕਾ, ਕਾਮਾਗਾਟਾਮਾਰੂ ਤ੍ਰਾਸਦੀ, ਦੇਸ਼ ਵੰਡ, 84 ਦੇ ਦੰਗੇ ਆਦਿ ਅਜਿਹੇ ਸਦਮੇ ਹੀ ਹਨ ਜਿਹੜੇ ਪੰਜਾਬੀ ਲੋਕ ਸਮੂਹ ਦੇ ਬਿਰਤਾਂਤ ਦਾ ਵਿਸ਼ਾ ਵਸਤੂ ਬਣਦੇ ਰਹੇ ਹਨ। 1947 ਦੀ ਵੰਡ ਪੰਜਾਬੀ ਲੋਕ ਮਨ ਵਿਚ ਉਕੱਰਿਆ ਅਜਿਹਾ ਦੁਖਾਂਤ ਹੈ ਜਿਸਨੂੰ ਹਰ ਵਿਅਕਤੀ ਨੇ ਆਪਣੀ ਤਰ੍ਹਾਂ ਵੀ ਤੇ ਸਾਂਝੇ ਸਮੂਹਿਕ ਤੌਰ ਤੇ ਵੀ ਭੋਗਿਆ। ਵੰਡ ਦੌਰਾਨ ਵਾਪਰੀਆਂ ਲੂੰ ਕੰਡੇ ਖੜੇ ਕਰਨ ਵਾਲੀਆਂ ਹੱਡਬੀਤੀਆਂ, ਜਗਬੀਤੀਆਂ, ਗੁੰਡਿਆਂ ਲੁਟੇਰਿਆਂ ਦੀਆਂ ਧਾੜਾਂ ਦੇ ਅਣਮਨੁੱਖੀ ਕਾਰਿਆਂ ਜਾਂ ਵਸਦੇ ਰਸਦੇ ਘਰਾਂ ਵਿਚੋਂ ਉਜੜ ਮੰਗਤੇ/ਸ਼ਰਨਾਰਥੀ ਬਣੀ ਪੰਜਾਬੀ ਲੋਕਾਈ ਦੇ ਦੁੱਖਾਂ/ਸਦਮਿਆਂ ਨੂੰ ਪ੍ਰਗਟਾਉਣ ਵਾਲੇ ਮੌਖਿਕ ਅਤੇ ਲਿਖਤ ਪੰਜਾਬੀ ਬਿਰਤਾਂਤ ਦੀਆਂ ਬੇਸ਼ੁਮਾਰ ਵੰਨਗੀਆਂ ਉਪਲਬਧ ਹਨ। ਬਹੁਤ ਸਾਰੀਆਂ ਕਹਾਣੀਆਂ/ਨਾਵਲਾਂ/ਨਾਟਕਾਂ/ ਫ਼ਿਲਮਾਂ ਨੇ ਇਸ ਹੋਣੀ ਵਿਚੋਂ ਬਚ ਕੇ ਨਿਕਲੇ ਬੰਦਿਆਂ ਦੀਆਂ ਅੱਖਾਂ ਵਿਚੋਂ/ਹਉਕਿਆਂ ਵਿਚੋਂ/ ਹਾਲਤਾਂ ਵਿਚੋਂ ਇਸ ਸਦਮੇ ਨੂੰ ਸਾਕਾਰ ਕਰਨ ਵਿਚ ਸਫਲਤਾ ਹਾਸਲ ਕੀਤੀ ਹੈ। ਅਤੀਤ ਵਿਚ ਹੀ ਨਹੀਂ, ਅੱਜ ਵੀ ਇਨ੍ਹਾਂ ਰਿਸਦੇ ਜਖ਼ਮਾਂ/ਸਿੱਲਪੱਥਰ ਬਣੇ ਜਜ਼ਬਾਤਾਂ ਦੇ ਨਸੂਰ ਬਣ ਕੇ ਫੁੱਟਦੇ ਲਾਵਿਆਂ ਦੀਆਂ ਕਹਾਣੀਆਂ ਰਚੀਆਂ ਜਾ ਰਹੀਆਂ ਹਨ। ਪਾਕਿਸਤਾਨ ਅਤੇ ਹਿੰਦੁਸਤਾਨ ਵਿਚ ਰਚੇ ਜਾ ਰਹੇ ਅਜੋਕੇ ਬਿਰਤਾਂਤ ਵਿਚ ਇਸ ਘਟਨਾ ਦੇ ਰਾਜਨੀਤਕ ਪਹਿਲੂਆਂ ਨਾਲੋਂ ਸਾਂਝੀਆਂ ਸ਼ਨਾਖਤਾਂ/ਹਾਲਤਾਂ ਨਾਲ ਸੰਬੰਧ ਰੱਖਣ ਵਾਲੀ ਪੰਜਾਬੀ ਲੋਕਾਈ ਦਾ ਦਰਿੰਦਗੀ ਭਰਿਆ ਵਿਹਾਰ ਪਿਛੇ ਰਹਿ ਗਿਆਂ ਵਿਚ ਸਵਾਲ ਬਣ ਉਭਰਿਆ ਹੈ। ਹਰ ਆਮ ਖਾਸ ਕੋਲ ਇਸ ਦੀਆਂ ਏਨੀਆਂ ਭਿਅੰਕਰ ਯਾਦਾਂ, ਏਨੇ ਦੁਖਦ ਅਨੁਭਵ ਸਨ ਕਿ ਇਨ੍ਹਾਂ ਨੂੰ ਸੁਣਾਉਣਾ, ਦੁਹਰਾਉਣਾ ਵੀ ਜੇਰੇ ਦੀ ਮੰਗ ਕਰਦਾ ਸੀ। ਆਖਰ ਇਕੋ ਨਸਲ, ਇਕੋ ਕੌਮ, ਇਕੋ ਬੋਲੀ, ਇਕੋ ਰਹਿਤਲ ਨੂੰ ਪ੍ਰਣਾਏ ਪੰਜਾਬੀ ਜਿਨ੍ਹਾਂ ਦਾ ਸੁਭਾ/ਆਦਤਾਂ/ਰਿਵਾਇਤਾਂ/ ਰਹਿਣ ਸਹਿਣ/ਪਹਿਰਾਵਾ ਇਕੋ ਸੀ, ਕਿੱਤੇ ਧੰਦੇ ਸਾਂਝੇ ਸਨ, ਜਿਨ੍ਹਾਂ ਵਿਚ ਸਾਂਝ ਸਹਿਚਾਰ

ਪੀੜ੍ਹੀਆਂ ਤੋਂ ਚਲਿਆ ਆ ਰਿਹਾ ਸੀ, ਪਲੋਪਲੀ ਇਕ ਦੂਜੇ ਦੇ ਖ਼ੂਨ ਦੇ ਪਿਆਸੇ ਕਿਵੇਂ ਹੋ ਗਏ ? ਇਹ ਕਿੰਜ ਹੋਇਆ ਕਿ ਹਿੰਦੂ, ਸਿਖ, ਮੁਸਲਮਾਨ ਦਾ ਭੇਦਭਾਵ ਕੀਤੇ ਬਿਨਾ ਭਾਰਤ ਦੀ ਆਜ਼ਾਦੀ ਲਈ ਜਲ੍ਹਿਆ ਵਾਲੇ ਬਾਗ ਦੇ ਕਾਂਡ ਵਿਚ ਸਾਂਝਾ ਖ਼ੂਨ ਡੋਲਣ ਵਾਲਿਆ, ਇਕੱਠੇ ਰਾਮਨੌਮੀਆਂ ਮਨਾਉਣ ਵਾਲੇ ਪੰਜਾਬੀਆਂ ਨੇ ਆਪਸ ਵਿਚ ਲੜ ਕੇ ਹੀ 5–10 ਲੱਖ ਲੋਕਾਂ ਦੀਆਂ ਜਾਨਾਂ ਲੈ ਲਈਆਂ। ਇਸ ਘਟਨਾ ਦੇ ਕਾਰਜਕਾਰਨੀ ਸੰਬੰਧਾਂ ਨੂੰ ਪ੍ਰਗਟਾਉਣ ਵਾਲੇ ਇਤਿਹਾਸਕ ਬਿਰਤਾਂਤ ਨਾਲੋਂ ਵੱਧ ਮਕਬੂਲ ਉਹ ਬਿਰਤਾਂਤ ਹੋਏ ਜਿਹੜੇ ਯਾਦਾਂ ਨੂੰ ਪੰਜਾਬੀ ਸ਼ਨਾਖਤਾਂ ਦੀ ਹੋਂਦਚੇਤਨਾ ਦੇ ਸਮਾਜਕ ਸਭਿਆਚਾਰਕ ਸੰਦਰਭਾਂ ਵਿਚ ਸਿਰਜਦੇ, ਅਰਥਾਉਂਦੇ ਹਨ।

'ਅਜਮਾਇਸ਼' ਨਾਵਲ ਦੇ ਪਾਤਰਾਂ ਦਾ ਜੀਵਿਆ ਅਨੁਭਵ ਅਤੇ ਇਸ ਵਿਚਲੀਆਂ ਘਟਨਾਵਾਂ ਦਾ ਅਰਥਾਪਨ (interpretation)ਇਹ ਗੁੰਜਾਇਸ਼ ਬਣਾਉਂਦਾ ਹੈ ਕਿ ਇਸ ਨਾਵਲ ਨੂੰ ਇਸ ਇਤਿਹਾਸਕ ਸਦਮੇ ਦੀ ਸਮਕਾਲੀਨ ਯਾਦ ਦੱਹਾਨੀ ਵਜੋਂ ਪੜ੍ਹਿਆ ਜਾਵੇ। ਸਦਮੇ ਸਮਕਾਲੀ ਬਿਰਤਾਂਤ ਦਾ ਵਿਸ਼ਾ ਵਸਤੂ ਕਿਵੇਂ ਬਣਨ ? ਬਣਨ ਜਾਂ ਨਾ ਬਣਨ ? ਬਣਨ ਤਾਂ ਕਿਵੇਂ ਬਣਨ ? ਸ਼ਨਾਖਤਾਂ ਦੇ ਲਿਹਾਜ ਨਾਲ ਲੋਕ/ਕੌਮਾਂ ਇਨ੍ਹਾਂ ਨੂੰ ਕਿਵੇਂ ਹੁੰਗਾਰਾ ਭਰਨ ? ਆਧੁਨਿਕ ਚਿੰਤਨ ਵਿਚ ਇਹ ਸਵਾਲ ਭਾਰੂ ਸਭਿਆਚਾਰਾਂ ਅਤੇ ਗੌਣ ਸਭਿਆਚਾਰਾਂ ਦੇ ਬਰਾਬਰ ਦੇ ਗੌਰਵ ਜਾਂ ਸ਼ਨਾਖਤਾਂ ਦੇ ਇਤਿਹਾਸ ਦੀ ਦਰੁਸਤੀ ਦੇ ਲਿਹਾਜ ਨਾਲ ਵਿਚਾਰੇ ਜਾਂਦੇ ਹਨ। ਸਮਕਾਲੀਨਤਾ ਵਿਚ ਇਨ੍ਹਾਂ ਦੇ ਪ੍ਰਭਾਵਾਂ ਦੀ ਨਿਸ਼ਾਨਦੇਹੀ ਕਰਨ ਵਾਲੇ ਤਾਂ ਇਥੋਂ ਤਕ ਕਹਿੰਦੇ ਹਨ ਕਿ ਸਦਮਿਆਂ ਦੇ ਬਿਰਤਾਂਤ ਕੌਮਾਂ ਦੇ ਗਿਆਨ/ ਅਨੁਭਵ/ ਗੌਰਵ ਦੇ ਮੁੱਲ ਮਹੱਤਵ ਦੀ ਸਥਾਪਤੀ ਵਿਚ ਹੀ ਨਹੀਂ ਸ਼ਨਾਖਤਾਂ ਦੀ ਬਰਕਰਾਰੀ ਅਤੇ ਬਹਾਲੀ ਵਿਚ ਵੀ ਵੱਡਾ ਯੋਗਦਾਨ ਪਾਉਂਦੇ ਹਨ। ਇਸ ਕਰਕੇ ਭੂਤ ਵਿਚ ਵਾਪਰੀ ਘਟਨਾ ਦੀ ਵਰਤਮਾਨ ਸਥਿਤੀਆਂ ਵਿਚ ਲਗਾਤਾਰਤਾ/ਸਮਾਨਤਾ/ਸਮਾਨਾਂਤਰਤਾ ਦੇਖਣ ਭਾਲਣ ਵਾਲੇ ਬਿਰਤਾਂਤ ਵੀ ਮਕਬੂਲ ਹੋ ਰਹੇ ਹਨ। ਅਜਮਾਇਸ਼ ਨਾਵਲ ਦੀਆਂ ਘਟਨਾਵਾਂ ਅਰਥਾਂ ਨੂੰ ਜਿਵੇਂ ਜੋੜਦੀਆਂ ਹਨ ਉਨ੍ਹਾਂ ਵਿਚ ਨਿਸ਼ਚੈ ਹੀ ਅਜਿਹੇ ਵਿਕਾਸ ਦੀਆਂ ਸੰਭਾਵਨਾਵਾਂ ਬਣਦੀਆਂ ਹਨ। ਇਸ ਨਾਵਲ ਦੇ ਮੁਢਲਿਆਂ ਪੰਨਿਆਂ ਵਿਚ ਹੀ ਵੰਡ ਦੇ ਕਾਰਨਾਂ ਦੀ ਨਿਸ਼ਾਨਦੇਹੀ ਕੀਤੀ ਗਈ ਹੈ। ਲਗਭਗ ਸੱਤ ਦਹਾਕਿਆਂ ਦੇ ਰਿੜਕਣ ਤੋਂ ਬਾਅਦ ਜਿਹੜੇ ਕਾਰਨ ਸਪਸ਼ਟ ਹੁੰਦੇ ਦਿਖਾਏ ਗਏ ਹਨ ਨਿਸ਼ਚੈ ਹੀ ਉਨ੍ਹਾਂ ਵਿਚ ਹਰ ਖੇਮੇ ਦੀ ਰਿੜਕਣ ਹਾਜ਼ਰ ਹੈ। ਇਹ ਕਾਰਨ ਰਾਜਨੀਤਕ ਵੀ ਹਨ, ਸਭਿਆਚਾਰਕ ਵੀ, ਭੌਤਿਕ ਵੀ ਹਨ, ਮਾਨਸਿਕ ਵੀ, ਬਾਹਰੀ ਵੀ ਹਨ, ਅੰਦਰੂਨੀ ਵੀ। ਮਸਲਨ ਇਸ ਨਾਵਲ ਦੇ ਪੰਨਾ 37 ਤੋਂ 44 ਤਕ ਦੇ 7 ਪੰਨਿਆਂ ਵਿਚ ਵਕਤਾ ਬਿਰਤਾਂਤ ਨੂੰ ਰੋਕ ਕੇ ਇਕ ਪਾਤਰ ਕਾਮਰੇਡ ਨਸੀਬ ਹੁਸੈਨ ਦੇ ਬੋਲਾਂ ਰਾਹੀਂ ਕੁਝ ਤਤਕਾਲੀਨ ਰਾਜਨੀਤਕ ਕਾਰਨਾਂ ਵਲ ਇਸ਼ਾਰਾ ਕਰਦਾ ਹੈ:

ਇਹ ਵੰਡ ਬਸਤੀਵਾਦੀ ਅੰਗਰੇਜ ਹਾਕਮਾਂ ਦੀ ਚਾਲ ਸੀ– ਉਨ੍ਹਾਂ ਨੇ ਮੁਹੰਮਦ ਅਲੀ ਜਿਨਾਹ ਨੂੰ ਉਕਸਾ ਕੇ ਮੁਸਲਿਮ ਲੀਗ ਦੀ ਨੀਂਹ ਰਖਵਾਈ – ਜਿਹੜੀ ਮੁਸਲਮਾਨਾਂ ਲਈ ਮਜ੍ਹਬ ਅਤੇ ਤਹਿਜੀਬ ਦੀ ਬੁਨਿਆਦ ਤੇ ਅਲੱਗ ਮੁਲਖ ਦੀ ਮੰਗ ਕਰੇ। ਅੰਗਰੇਜ ਹਾਕਮ ਦੋਹਾਂ ਮੁਲਖਾਂ ਨੂੰ ਸ਼ਤਰੰਜ ਦੇ ਮੁਹਰੇ ਬਣਾ ਕੇ ਅਗਲੇਰੇ ਭਵਿੱਖ ਵਿਚ ਵੀ ਆਪਣੇ ਵਪਾਰਕ ਮਕਸਦ ਪੂਰੇ ਕਰਨੇ ਚਾਹੁੰਦਾ ਸੀ। ਵੱਡੇ ਮੁਲਖ ਦੀ ਤਾਕਤ ਨੂੰ ਖੋਰਨਾ ਉਹਦੀ ਕੂਟਨੀਤਕ ਚਾਲ ਸੀ।

ਇਸੇ ਤਰ੍ਹਾਂ ਧਾਰਮਿਕ ਅਵਚੇਤਨ ਦੇ ਸ਼ੰਕਿਆਂ ਬਾਰੇ ਸੰਕੇਤ ਹੈ:

ਹਿੰਦੂਆਂ ਕੋਲੋਂ ਮੁਸਲਮਾਨ ਹਮਲਾਵਰਾਂ ਨੇ ਹਕੂਮਤ ਖੋਹੀ ਸੀ। ਮੁਸਲਮਾਨ ਹਾਕਮਾਂ ਨੇ ਹਿੰਦੂ-ਸਿੱਖਾਂ ਤੇ ਅਤਿਆਚਾਰ ਕੀਤੇ ਸਨ। ਇਸ ਕਰਕੇ ਮੁਸਲਮਾਨਾਂ ਨੂੰ ਡਰ ਸੀ ਕਿ ਬਹੁਗਿਣਤੀ ਹਿੰਦੂ ਸਿੱਖ ਵਾਲੀ ਡੈਮੋਕਰੇਸੀ ਉਨ੍ਹਾਂ ਕੋਲੋਂ ਬਦਲਾ ਲਵੇਗੀ, ਉਧਰ ਹਿੰਦੂ ਵੀ ਛੂਹਾਛੂਤ ਵਿਚ ਪੱਕੇ ਸਨ- ਮੁਸਲਮਾਨਾਂ ਕੋਲ ਪੱਕੇ ਸਬੂਤ ਸਨ ਕਿ ਕਾਂਗਰਸ ਸੈਕੂਲਰ ਪਾਰਟੀ ਹੋਣ ਦੇ ਬਾਵਜੂਦ ਉਸਦੇ ਲੀਡਰ ਮੁਸਲਮਾਨਾਂ ਨਾਲ ਹੱਥ ਮਿਲਾ ਕੇ ਭਿੱਟੇ ਮਹਿਸੂਸ ਕਰਦੇ ਸਨ।

ਹਿੰਦੂਆਂ ਲਈ ਮੁਸਲਮਾਨ ਮਲੇਛ ਸਨ ਤੇ ਮੁਸਲਮਾਨਾਂ ਲਈ ਹਿੰਦੂ ਕਾਫਰ। ਇਸ ਕਰਕੇ ਵੰਡ ਵਿਚ ਕੱਟੜ ਮਜ਼ਬੀ ਲੀਡਰਾਂ ਦੀ ਮਿਲੀ ਭੁਗਤ ਸੀ। ਤਤਕਾਲੀਨ ਨੇਤਾਵਾਂ/ਪੂੰਜੀਪਤੀਆਂ ਦੇ ਰਾਜਨੀਤਕ ਆਰਥਿਕ ਹਿੱਤਾਂ ਬਾਰੇ ਸੰਕੇਤ ਹੈ:

ਜੇ ਇਕ ਪਾਸੇ ਖਿੱਚੋਤਾਣ ਇਹ ਸੀ ਕਿ ਵਜੀਰੇਆਜਮ ਕੌਣ ਹੋਵੇਗਾ ਜਿਨਾਹ ਕਿ ਨਹਿਰੂ ? ਉਥੇ ਮੁਸਲਮਾਨ ਜਗੀਰਦਾਰ, ਵਪਾਰੀ ਸਨਅਤਕਾਰ ਆਪਣੇ ਤੌਰ ਤੇ ਮਹੱਤਵਅਕਾਂਖੀ ਹੋ ਗਏ ਸਨ। ਉਨ੍ਹਾਂ ਨੂੰ ਪਤਾ ਸੀ ਕਿ 70/80% ਸਰਮਾਇਆ ਹਿੰਦੂ ਸਿੱਖ ਸਰਮਾਏਦਾਰਾਂ ਦੇ ਕਬਜ਼ੇ ਵਿਚ ਹੈ। ਜੇ ਮੁਲਕ ਇਕ ਰਹਿੰਦਾ ਤਾਂ ਸਿਆਸੀ ਤਾਕਤ ਵੀ ਉਨ੍ਹਾਂ ਦੇ ਹੱਥਾਂ ਵਿਚ ਜਾਵੇਗੀ। ਇਸ ਕਰਕੇ ਸਿਆਸਤ ਵਿਚ ਉਨ੍ਹਾਂ ਦੇ ਪੈਰ ਨਹੀਂ ਲਗਣਗੇ। ਸ਼ਹਿਰੀ ਮੁਸਲਮਾਨਾਂ ਵਿਚ ਇਹ ਡਰ ਵਿਸ਼ੇਸ਼ ਰੂਪ ਵਿਚ ਫੈਲਾਇਆ ਜਾ ਰਿਹਾ ਸੀ ਕਿ ਬਹੁਗਿਣਤੀ ਹਿੰਦੂ ਸਿੱਖ ਵਾਲੀ ਡੈਮੋਕਰੇਸੀ ਉਨ੍ਹਾਂ ਤੋਂ ਬਦਲੇ ਲਵੇਗੀ।

ਇਹ ਨਾਵਲ ਵੰਡ ਸੰਬੰਧੀ ਪ੍ਰਚਾਰੇ ਜਾਂਦੇ ਇਨ੍ਹਾਂ ਜਾਣੇ ਪਛਾਣੇ ਤੱਥਾਂ ਤੋਂ ਵੱਖਰਾ ਕੋਈ ਹੋਰ ਵਿਸਤਾਰ ਨਹੀਂ ਦਿੰਦਾ ਪਰ ਇਹ ਪ੍ਰਸ਼ਨ ਖੜਾ ਕਰਦਾ ਹੈ ਕਿ ਇਸ ਸਭ ਕਾਸੇ ਵਿਚ ਆਮ ਲੋਕ ਕਿਥੇ ਸਨ ? ਉਨ੍ਹਾਂ ਦੀ ਕੀ ਰਾਇ ਸੀ ? ਉਨ੍ਹਾਂ ਦੀ ਕੋਈ ਪੁੱਛ ਪਰਤੀਤ ਵੀ ਸੀ ? ਇਸ ਪ੍ਰਥਾਇ ਇਸ ਨਾਵਲ ਵਲੋਂ ਪੇਸ਼ ਥੀਸਿਸ ਇਹ ਹੈ ਕਿ ਵੰਡ ਜਾਂ ਵੰਡ ਦੌਰਾਨ ਹੋਈ ਕਤਲੋਗਾਰਤ ਆਮ ਲੋਕਾਈ ਨੇ ਨਹੀਂ ਕੀਤੀ ਜਾਂ ਕਰਾਈ- ਨਾ ਉਹ ਚਾਹੁੰਦੇ ਸਨ ਕਿ ਇਹ ਹੋਵੇ ਤੇ ਨਾ ਹੀ ਉਹ ਕਰਾ ਸਕਦੇ ਸਨ। ਪੰਜਾਬੀ ਖਾਸ ਕਰਕੇ ਪਿੰਡਾਂ ਵਿਚ ਵਸਦੇ ਹਿੰਦੂ ਸਿੱਖ ਮੁਸਲਮਾਨ ਪੰਜਾਬੀ- ਰਹਿਤਲ ਜਾਂ ਚੱਜ ਆਚਾਰ ਦੀ ਪੱਧਰ ਤੇ ਵੱਖਰੇ ਸਨ ਤਾਂ ਸਿਰਫ ਧਰਮ ਦੇ ਮਾਮਲੇ ਵਿਚ ਵੱਖਰੇ ਸਨ, ਧਾਰਮਿਕ ਰਹੁ ਰੀਤਾਂ ਨੂੰ ਪਾਲਣ ਦੇ ਵਿਹਾਰ ਵਿਚ ਵੱਖਰੇ ਸਨ। ਆਮ ਜੀਵਨ ਵਿਚ ਉਨ੍ਹਾਂ ਦੀਆਂ ਲੋੜਾਂ/ਸਾਂਝਾਂ/ਜੀਵਨ ਜਾਚਾਂ ਇਕ ਸਨ ਪਰ ਫਿਰ ਵੀ ਧਾਰਮਿਕ ਵੱਖਰਤਾ/ਕੱਟੜਤਾ ਵੱਢ-ਵਡਾਂਗੇ ਲਈ ਵੱਡੀ ਵਜ੍ਹਾ ਬਣੀ। ਇਥੇ ਵੀ ਨਾਵਲਕਾਰ ਇਹ ਅੰਤਰਦ੍ਰਿਸ਼ਟੀ ਦੇਣੋਂ ਉਕਦਾ ਨਹੀਂ ਕਿ ਹਰ ਯੁਗ ਵਿਚ ਧਰਮ ਨੂੰ ਵਰਤਣ ਵਾਲੀਆਂ ਹਾਕਮ ਜਮਾਤਾਂ ਹੀ ਹੁੰਦੀਆਂ ਹਨ ਜਿਨ੍ਹਾਂ ਦਾ ਕੋਈ ਧਰਮ ਨਹੀਂ ਹੁੰਦਾ, ਉਨ੍ਹਾਂ ਦਾ ਮਜ਼੍ਹਬ ਸੱਤਾ ਹਥਿਆਉਣਾ, ਤਾਕਤ ਦੇ ਸਿਰ ਤੇ ਰਾਜ ਕਰਨਾ ਹੁੰਦਾ ਹੈ। ਆਮ ਸਾਧਾਰਨ ਲੋਕਾਈ ਉਨ੍ਹਾਂ ਦੀ ਲਾਲਸਾ/ਭੋਖੜੇ ਦਾ ਖਾਜਾ ਬਣਦੀ ਹੈ। ਪੰਜਾਬੀ ਲੋਕਾਈ ਨੂੰ ਵੰਡਣ, ਉਸਨੂੰ ਇਸ ਭਿਆਨਕ ਹੋਣੀ ਵਿਚ ਪਾਉਣ ਵਾਲੀਆਂ ਵੀ,ਨਿਰਸੰਦੇਹ, ਤਤਕਾਲੀ ਹਾਕਮ ਜਮਾਤਾਂ ਹੀ ਸਨ।

'ਅਜਮਾਇਸ਼' ਨਾਵਲ ਦੇ ਸਮੱਸਿਆਕਾਰ ਵੰਡ ਵਿਚ ਪਏ ਹਨ ਪਰ ਭੂਤ ਵਿਚ ਵਾਪਰੀ ਇਸ ਘਟਨਾ ਦੇ ਜਾਤੀ ਜਜ਼ਬਾਤੀ ਪ੍ਰਸੰਗ ਇਸ ਦੀ ਕਥਾ ਵਸਤੂ ਨਹੀਂ ਬਣਦੇ। ਇਸ ਨਾਵਲ ਦਾ ਨਾਇਕ ਆਪਣੀ ਪਤਨੀ ਸਮੇਤ ਦੋ ਬੱਚੇ ਇਸ ਵੰਡ ਦੀ ਭੇਟ ਚੜ੍ਹਾ ਕੇ ਇਧਰ ਅਪੜਦਾ ਹੈ ਪਰ

ਇਹ ਵਾਕਿਆ ਇਸ ਨਾਵਲ ਦੇ ਪੰਨਿਆਂ ਤੇ ਨਹੀਂ ਉਤਰਦਾ ਹਾਲਾਂਕਿ ਮੁੜ ਮੁੜ ਦੱਸੇ/ਸੁਣਾਏ/ਅਰਥਾਏ ਗਏ ਬਹੁਤ ਸਾਰੇ ਬਿਰਤਾਂਤ ਅਜਿਹੀਆਂ ਘਟਨਾਵਾਂ ਦੀ ਭਿਆਨਕਤਾ ਦੁਆਲੇ ਹੀ ਉਸਾਰੇ ਮਿਲਦੇ ਹਨ। ਇਹ ਨਾਵਲ ਇਸ ਵੰਡ ਦੇ ਵਕਤੀ ਜਾਂ ਵਿਅਕਤੀਗਤ ਪ੍ਰਭਾਵਾਂ ਤੋਂ ਅੱਗੇ ਤੁਰਦਾ ਹੈ। ਇਕ ਕੌਮ ਵਜੋਂ ਪੰਜਾਬੀਆਂ ਦੀ ਅਗਲੇਰੀ ਹੋਣੀ ਤੇ ਪੰਜਾਬ ਦੇ ਸਮਾਜਕ ਸਭਿਆਚਾਰਕ ਰਾਜਨੀਤਕ ਵਰਤਾਰਿਆਂ ਤੇ ਇਸ ਘਟਨਾ ਦੇ ਅਗਾਮੀ ਪ੍ਰਭਾਵਾਂ ਨੂੰ ਸਮਝਣ ਲਈ ਨਾਵਲਕਾਰ ਕਹਾਣੀ ਅੱਗੇ ਤੋਰਦਾ ਹੈ। ਨਾਵਲ ਦੇ ਅਗਲੇ ਵਿਸਤਾਰ ਵਿਚ ਨਾਵਲਕਾਰ ਇਸੇ ਘਟਨਾ ਦੀ ਸਮਾਨਤਾ ਜਾਂ ਸਮਾਨਾਂਤਰਤਾ ਵਜੋਂ ਹਿੰਦੁਸਤਾਨ ਦੀ ਬਹੁਗਿਣਤੀ ਰਾਜਨੀਤੀ ਵਿਚ ਪੰਜਾਬੀਆਂ ਨਾਲ ਵਾਰ ਵਾਰ ਹੋ ਰਹੇ ਧੱਕੇ ਨੂੰ ਫੋਕਸ ਵਿਚ ਲਿਆਉਣ ਅਤੇ ਇਸੇ ਪਰਿਪੇਖ ਵਿਚ ਸਮਝਾਉਣ ਦਾ ਹੀਲਾ ਕਰਦਾ ਹੈ। ਮੁੱਢੋਂ ਹੀ ਬਹੁ-ਨਸਲੀ, ਬਹੁਧਰਮੀ ਹੋਣ ਦੇ ਬਾਵਜੂਦ ਸਾਂਝੇ ਕਿਰਦਾਰ ਵਾਲੀ ਪੰਜਾਬੀਅਤ ਕਿਨ੍ਹਾਂ ਸੰਕਟਾਂ/ਦੁਬਿਧਾਵਾਂ/ਦੁਚਿੱਤੀਆਂ ਵਿਚ ਪਾ ਦਿੱਤੀ ਜਾਂਦੀ ਹੈ ਇਸਨੂੰ ਉਹ ਵੰਡ ਉਪਰੰਤ ਹੋਈਆਂ ਦੋ ਹਿੰਦ ਪਾਕ ਜੰਗਾਂ ਅਤੇ 80ਵਿਆਂ ਦੇ ਪੰਜਾਬ ਸੰਕਟ ਦੇ ਹਵਾਲੇ ਨਾਲ ਵਿਸਤਾਰਦਾ ਹੈ। ਭਾਰਤ ਅਤੇ ਪਾਕਿਸਤਾਨ ਦੋਵੇਂ ਦੇਸ਼ਾਂ ਦੀਆਂ ਸਰਕਾਰਾਂ ਜਦੋਂ ਵੋਟਾਂ ਦਾ ਮੌਕਾ ਆਉਂਦਾ ਹੈ, ਆਨੇ ਬਹਾਨੇ ਸਰਹੱਦਾਂ ਤੇ ਜੰਗ ਛੇੜ ਦਿੰਦੀਆਂ ਹਨ। ਦੇਸ਼ ਨੂੰ ਖਤਰਾ ਦੱਸ ਕੇ ਰਾਜਗੱਦੀਆਂ ਸਾਂਭ ਲੈਂਦੀਆਂ ਹਨ। ਇਸ ਨਾਵਲ ਦੇ ਵੇਰਵੇ 65 ਤੇ 71 ਦੀਆਂ ਜੰਗਾਂ ਨੂੰ ਪੰਜਾਬੀ ਲੋਕਾਈ ਦੀ ਸਰੋਕਾਰਤਾ ਦੇ ਹਵਾਲੇ ਨਾਲ ਸਮੇਟਦੇ ਹਨ। ਇਸੇ ਤਰ੍ਹਾਂ ਪੰਜਾਬ ਸੰਕਟ ਜਾਂ ਨੀਲਾ ਤਾਰਾ ਉਪਰੇਸ਼ਨ ਵੇਲੇ ਭਾਰਤ ਸਰਕਾਰ ਪੰਜਾਬ ਵਿਚ ਹੀ ਨਹੀਂ ਭਾਰਤ ਦੇ ਵੱਖ ਵੱਖ ਹਿੱਸਿਆਂ ਵਿਚ ਵਸਦੇ ਹਿੰਦੂ ਸਿੱਖਾਂ ਵਿਚਵੀ ਨਫ਼ਰਤ/ਬੇਭਰੋਸਗੀ ਦੇ ਬੀ ਬੋ ਦਿੰਦੀ ਹੈ ਅਤੇ ਪੰਜਾਬੀ ਇਕ ਵਾਰ ਫੇਰ ਨਵੇਂ ਉਜਾੜੇ/ਨਵੀਂ ਹਿੰਸਾ/ਨਵੀਂ ਬੇਯਕੀਨੀ ਦੇ ਮੂੰਹ ਆ ਪੈਂਦੇ ਹਨ।

ਇਤਿਹਾਸਕ ਸਦਮਿਆਂ ਦੇ ਬਿਰਤਾਂਤਾ ਦੇ ਸੰਬੰਧ ਵਿਚ ਹੋ ਰਹੀਆਂ ਅੰਤਰਰਾਸ਼ਟਰੀ ਖੋਜਾਂ ਦਸਦੀਆਂ ਹਨ ਕਿ ਕਈ ਸਭਿਆਚਾਰਾਂ ਵਿਚ ਪਰਿਵਾਰਕ ਅਤੇ ਕੌਮੀ ਬਿਰਤਾਂਤ ਆਪਣੇ ਪੱਧਰ ਤੇ ਅਗਲੀਆਂ ਪੀੜ੍ਹੀਆਂ ਦੀ ਸਾਂਝ ਦੇ ਸੰਦਰਭ ਸਿਰਜਦੇ ਹਨ ਜਿਹੜੇ ਬੜਾ ਹਾਂਪੱਖੀ ਰੋਲ ਅਦਾ ਕਰਦੇ ਹਨ। ਇਸ ਨਾਵਲ ਵਿਚ ਦਰਸ਼ਨ ਧੀਰ ਹੋਰਾਂ ਨੇ ਹਜ਼ਾਰਾ ਸਿੰਘ ਤੇ ਸ਼ਾਹ ਮੁਹੰਮਦ ਦੇ ਪਰਿਵਾਰਾਂ ਦੀ ਸਾਂਝ ਤੇ ਮੇਲਮਿਲਾਪ ਰਾਹੀਂ ਸ਼ਾਇਦ ਇਸੇ ਸੰਭਾਵਨਾ ਨੂੰ ਉਜਾਗਰ ਕਰਨ ਦਾ ਯਤਨ ਕੀਤਾ ਹੈ। ਇਸ ਨਾਵਲ ਦੇ ਕਥਾਨਕੀ ਵੇਰਵਿਆਂ ਵਿਚ ਦੋ ਗੇੜੇ ਇਧਰੋਂ ਚੜ੍ਹਦੇ ਪੰਜਾਬੋਂ ਪਹਿਲਾਂ ਹਜ਼ਾਰਾ ਸਿੰਘ ਤੇ ਫਿਰ ਜੈਇੰਦਰ ਤੇ ਉਹਦੀ ਪਤਨੀ ਪ੍ਰਭਜੋਤ ਤੇ ਦੋ ਗੇੜੇ ਉਧਰੋਂ ਲਹਿੰਦੇ ਪੰਜਾਬ ਤੋਂ ਪਹਿਲਾਂ ਸ਼ਾਹ ਮੁਹੰਮਦ ਤੇ ਉਹਦੀ ਪਤਨੀ ਅਤੇ ਫਿਰ ਉਹਦਾ ਪੁੱਤਰ ਨੂਰ ਇਲਾਹੀ ਤੇ ਉਹਦੀ ਪਤਨੀ ਸਮੀਰਾ ਦੇ ਲਗਦੇ ਦਿਖਾਏ ਗਏ ਹਨ ਜਿਹੜੇ ਪੰਜਾਬੀਆਂ ਦੀ ਆਪਸੀ ਸਾਂਝ ਨੂੰ ਪ੍ਰਵਾਨਗੀ ਤੇ ਪੁਖਤਗੀ ਪ੍ਰਦਾਨ ਕਰਦੇ ਹਨ। ਇਨ੍ਹਾਂ ਗੇੜਿਆਂ ਵਿਚ ਭਾਵੇਂ ਵੰਡ ਪਿਛੋਂ ਅੱਡ ਅੱਡ ਦੋਹਾਂ ਪੰਜਾਬਾਂ ਦੇ ਵਿਕਾਸ ਪੱਧਰ ਵੀ ਵੇਰਵਿਆਂ ਦਾ ਹਿੱਸਾ ਬਣਦੇ ਹਨ। ਭਾਰਤੀ ਪੰਜਾਬ ਵਿਕਸਿਤ ਖੇਤੀਬਾੜੀ, ਮੁਰੱਬੇਬੰਦੀ, ਨਹਿਰੀ ਪਾਣੀ, ਬਿਜਲੀ, ਸਿੱਖਿਆ, ਸਕੂਲਾਂ, ਸੜਕਾਂ, ਪੰਜ ਸਾਲਾ ਯੋਜਨਾਵਾਂ ਕਰਕੇ ਪਾਕਿਸਤਾਨੀ ਪੰਜਾਬ ਨਾਲੋਂ ਮੁਕਾਬਲਤਨ ਵੱਧ ਵਿਕਸਿਤ ਦਿਖਾਇਆ ਗਿਆ ਹੈ ਪਰ ਇਸਦਾ ਇਹ ਭਾਵ ਕਦਾਚਿਤ ਨਹੀਂ ਕਿ ਨਾਵਲੀ ਵੇਰਵਿਆਂ ਵਿਚ ਭਾਰਤੀ ਪੰਜਾਬ ਦੀ ਸਥਿਤੀ ਸੰਤੋਖਜਨਕ ਦਿਖਾਈ ਗਈ ਹੈ। ਭਾਰਤੀ ਸਿਸਟਮ ਵਿਚਲਾ

ਭ੍ਰਿਸ਼ਟਾਚਾਰ, ਰਾਜਨੀਤੀ ਸਾਹਮਣੇ ਗੋਡੇ ਟੇਕਦੀ ਨਿਆਂ ਪ੍ਰਣਾਲੀ ਤੇ ਪੈਸੇ ਸਾਹਮਣੇ ਗੋਡੇ ਟੇਕਦੀ ਰਾਜਨੀਤੀ ਰਾਹੀਂ ਛਿੱਥੀਆਂ ਪੈਂਦੀਆਂ ਕਦਰਾਂ ਕੀਮਤਾਂ, ਹੱਕ ਸੱਚ ਤੇ ਨਿਆਂ ਦੀ ਵਾਸਤਵਿਕਤਾ ਦਾ ਪ੍ਰਮਾਣ ਬਣਦੀਆਂ ਹਨ।

ਇਸ ਨਾਵਲ ਦੀਆਂ ਘਟਨਾਵਾਂ ਭਾਵੇਂ ਮੁੱਖ ਰੂਪ ਵਿਚ ਅਜਿਹੀ ਪ੍ਰਵਚਨਕਾਰੀ ਦੁਆਲੇ ਕੇਂਦਰਿਤ ਰਹਿੰਦੀਆਂ ਹਨ ਪਰ ਇਨ੍ਹਾਂ ਦੀ ਬੁਣਤਰ ਵਿਚੋਂ ਦੋ ਹੋਰ ਪੱਖ ਵੀ ਉਚੇਰੇ ਰੂਪ ਵਿਚ ਉਜਾਗਰ ਹੁੰਦੇ ਹਨ। ਇਨ੍ਹਾਂ ਵਿਚੋਂ ਪਹਿਲਾ ਅਹਿਮ ਪਾਸਾਰ ਪੰਜਾਬੀ ਬੰਦੇ ਦੀਆਂ ਸ਼ਨਾਖਤਾਂ ਨੂੰ ਗੂਹੜਾ ਕਰਨਾ, ਪੰਜਾਬੀਅਤ ਦੀਆਂ ਕਦਰਾਂ ਕੀਮਤਾਂ ਨੂੰ, ਪੰਜਾਬੀ ਰਹਿਤਲ ਦੇ ਚੱਜ ਆਚਾਰ ਨੂੰ ਧਾਰਮਿਕ ਪਛਾਣਾਂ ਤੋਂ ਵੱਖਰੇ ਕਰਕੇ ਮੁਹਰੇ ਲਿਆਉਣਾ ਹੈ। ਇਹ ਕਹਿਣਾ ਕੋਈ ਅਤਿਕਥਨੀ ਨਹੀਂ ਹੋਵੇਗੀ ਕਿ ਇਸ ਨਾਵਲ ਦੇ ਸਾਰੇ ਪਾਤਰ ਸਮਾਜਕ ਸਦਾਚਾਰਕ ਪੱਖ ਤੋਂ ਆਦਰਸ਼ਕ ਪੰਜਾਬੀ ਹਨ ਭਾਵੇਂ ਉਹ ਸਿੱਖ ਹਨ, ਮੁਸਲਮਾਨ ਹਨ ਜਾਂ ਹਿੰਦੂ, ਭਾਵੇਂ ਉਹ ਮਰਦ ਹਨ ਜਾਂ ਔਰਤਾਂ, ਬਜ਼ੁਰਗ ਹਨ ਜਾਂ ਬੱਚੇ। ਹਜ਼ਾਰਾ ਸਿੰਘ ਉਜੜ ਕੇ ਆਉਂਦਾ ਹੈ ਤਾਂ ਉਹਦੀ ਭੂਆ ਦਾ ਪੁੱਤ ਕਰਮ ਸਿੰਘ ਅਤੇ ਦਾਦਕਿਓਂ ਚਾਚਾ ਮੱਖਣ ਸਿੰਘ ਅਤੇ ਉਸਦਾ ਪਰਿਵਾਰ ਹਰ ਤਰ੍ਹਾਂ ਮਦਦਗਾਰ ਹੁੰਦੇ ਹਨ। ਜਿੰਨੇ ਜੇਰੇ, ਜ਼ਬਤ, ਹੌਸਲੇ, ਸਿਆਣਪ ਤੇ ਸਲੀਕੇ ਨਾਲ ਹਜ਼ਾਰਾ ਸਿੰਘ ਵਿਚਰਦਾ, ਰਿਸ਼ਤੇਦਾਰੀਆਂ ਸਾਂਭਦਾ, ਦੋਸਤੀਆਂ ਪੁਗਾਉਂਦਾ ਪਰਿਵਾਰ, ਭਾਈਚਾਰੇ ਵਿਚ ਸਹਿਚਾਰ ਬਣਾਉਂਦਾ ਹੈ, ਉਹ ਸਾਰਾ ਆਚਰਣ ਵਿਚਰਣ ਪੰਜਾਬੀ ਰਹਿਤਲ ਵਿਚ ਪ੍ਰਵਾਨਿਤ ਨੈਤਿਕਤਾ ਦਾ ਆਦਰਸ਼ਕ ਨਮੂਨਾ ਹੈ। ਵੰਡ ਵਿਚ ਉਜੜੇ ਪੰਜਾਬੀ ਪਰਿਵਾਰਾਂ ਦੀ ਪ੍ਰਤੀਨਿਧਤਾ ਕਰਦਾ ਉਹ ਨਿੱਜੀ ਘਾਟੇ ਨੂੰ ਹਰ ਪਲ ਅੰਦਰੋ ਅੰਦਰੀ ਮਹਿਸੂਸਦਾ ਹੈ ਪਰ ਸਮਾਜਕ ਵਿਹਾਰ ਵਿਚ ਹੌਂਸਲੇ ਨਾਲ ਵਿਚਰਦਾ ਜ਼ਾਹਰ ਨਹੀਂ ਹੋਣ ਦਿੰਦਾ। ਮਿਹਨਤ ਨਾਲ ਇਕ ਵਾਰ ਫਿਰ ਕਲੇਮ ਵਿਚ ਮਿਲੀ ਬੰਜਰ ਧਰਤੀ ਨੂੰ ਉਪਜਾਊ ਬਣਾਉਂਦਾ, ਇਕ ਪੁੱਤਰ ਨੂੰ ਖੇਤੀ ਵਿਚ ਲਾਉਂਦਾ, ਦੂਜੇ ਨੂੰ ਔਖੇ ਹੋ ਕੇ ਵੀ ਪੜ੍ਹਾਉਂਦਾ, ਹਰ ਇਤਿਹਾਸਕ ਸਮਾਜਕ ਵਰਤਾਰੇ ਦੀ ਟੇਢ ਨੂੰ ਸਮਝਦਾ, ਆਪਣੇ ਪੁੱਤਰ ਜੈਇੰਦਰ ਦੇ ਵਿਆਹ ਵੇਲੇ ਕੁੜੀ ਵਾਲਿਆਂ ਨਾਲ ਖਰਚ ਅੱਧੋ ਅੱਧ ਕਰਕੇ ਰਵਾਇਤਾਂ ਨੂੰ ਵੀ ਬਦਲਦਾ, ਹਰ ਰਿਸ਼ਤੇ, ਹਰ ਵਿਹਾਰ ਵਿਚ ਇਨਸਾਨੀ ਪਛਾਣ ਨੂੰ ਅੱਗੇ ਰਖਦਾ ਵਿਖਾਈ ਦਿੰਦਾ ਹੈ। ਉਸਦਾ ਕਹਿਣਾ ਹੈ ਕਿ ਹਾਰ ਮੰਨਣੀ, ਹਿੰਮਤ ਹਾਰਨੀ, ਧੋਖਾ ਦੇਣਾ ਪੰਜਾਬੀਆਂ ਦੇ ਲਹੂ ਦੀ ਤਾਸੀਰ ਨਹੀਂ। ਇਹ ਕਦਰਾਂ ਉਹ ਆਪਣੀ ਔਲਾਦ ਨੂੰ ਵੀ ਦਿੰਦਾ ਹੈ, ਉਨ੍ਹਾਂ ਲਈ ਰੋਲ ਮਾਡਲ ਬਣਦਾ ਹੈ। ਨਾਵਲ ਦਾ ਵਕਤਾ ਇਸ ਪਾਤਰ ਰਾਹੀਂ ਹੀ ਨਾਵਲੀ ਵੇਰਵਿਆਂ ਵਿਚ ਖੁਲ੍ਹ ਕੇ ਚਰਚਾ ਕਰਦਾ ਹੈ ਕਿ ਪਰਿਵਾਰ ਵਿਚ ਜੀਆਂ ਦੇ ਹੱਕ ਕੀ ਨੇ, ਦੂਜੇ ਦੀ ਮਦਦ ਕਿਵੇਂ ਹੋ ਸਕਦੀ ਹੈ ਜਾਂ ਦੂਜੇ ਦੀ ਸਪੇਸ ਦੀ ਕਦਰ ਕਿਵੇਂ ਕਰਨੀ ਹੈ।

ਸਿਰਫ ਹਜ਼ਾਰਾ ਸਿੰਘ ਹੀ ਨਹੀਂ ਸ਼ਾਹ ਮੁਹੰਮਦ, ਨੂਰ ਇਲਾਹੀ, ਸਮੀਰਾ, ਜੈਇੰਦਰ, ਪ੍ਰਭਜੋਤ, ਨਿਰਮਲ ਵਰਗੇ ਸਾਰੇ ਪਾਤਰ ਹੀ ਪੰਜਾਬੀ ਸਲੀਕੇ ਵਾਲਾ ਆਦਰਸ਼ਕ ਵਿਹਾਰ ਕਰਦੇ ਨਜ਼ਰੀਂ ਪੈਂਦੇ ਹਨ। ਇਸ ਨਾਵਲ ਦਾ ਇਕੋ ਪਾਤਰ ਜਗਦੀਸ਼ ਕੈਂਥ ਇਕ ਪੜਾਅ ਤੇ ਆਦਰਸ਼ਕ ਵਿਹਾਰ ਤੋਂ ਥਿੜਕਦਾ ਹੈ ਪਰ ਛੇਤੀ ਹੀ ਸੰਭਲਦਾ ਤੇ ਮੁੜ ਖੇੜਾ, ਰਵਾਦਾਰੀ, ਮੜ੍ਹਕ ਪਾਉਂਦਾ ਹੈ।

ਘਟਨਾਵਾਂ/ ਪਾਤਰਾਂ ਰਾਹੀਂ ਅਰਥਾਂ ਦਾ ਉਦਪਾਦਨ ਕਰਦਿਆਂ ਇਕ ਹੋਰ ਪਸਾਰ ਜਿਹੜਾ ਇਸ ਨਾਵਲ ਦੇ ਵੇਰਵਿਆਂ ਵਿਚੋਂ ਵਿਸ਼ੇਸ਼ ਰੂਪ ਵਿਚ ਉਭਰਦਾ ਹੈ ਉਹ ਸਾਹਿਤ ਸਿਰਜਣਾ ਨਾਲ

ਜੁੜੇ ਸਵਾਲਾਂ ਦਾ ਹੈ। ਇਸ ਨਾਵਲ ਵਿਚ ਦੋ ਪਾਤਰ ਜੈਇੰਦਰ ਤੇ ਜਗਦੀਸ਼ ਕੈਂਥ ਸਿਰਜਣਾਤਮਕਤਾ ਦੇ ਖੇਤਰ ਨਾਲ ਜੁੜਦੇ ਹਨ ਤੇ ਪੇਸ਼ੇ ਵਜੋਂ ਸਾਹਿਤ ਪੜ੍ਹਦੇ ਪੜ੍ਹਾਉਂਦੇ ਵੀ ਹਨ। ਉਨ੍ਹਾਂ ਦੇ ਬਹਾਨੇ ਵਕਤਾ ਸਿਰਜਣ ਪ੍ਰਤਿਭਾ ਬਾਰੇ, ਸਿਰਜਣ ਮਹੌਲ ਬਾਰੇ, ਸਿਰਜਣ ਆਵੇਸ਼ ਬਾਰੇ, ਅੱਗੋਂ ਵਿਧਾ ਦੀ ਚੋਣ ਬਾਰੇ, ਵਿਧਾ ਦੀ ਪ੍ਰਕਿਰਤੀ ਅਤੇ ਪ੍ਰਯੋਜਨ ਬਾਰੇ, ਸਾਹਿਤ ਦੇ ਸੁਨੇਹੇ ਬਾਰੇ ਤੇ ਸੁਨੇਹਾ ਦੇਣ ਦੇ ਢੰਗ ਬਾਰੇ ਬੜੀਆਂ ਸਟੀਕ ਗੱਲਾਂ ਕਰਦਾ ਹੈ। ਜਿਵੇਂ :

ਸਾਹਿਤ ਜੀਵਨ ਦੇ ਸੁਹਜ ਦੀ ਸਿਰਜਣਾ ਹੈ। ਇਸਦਾ ਮੰਤਵ ਜੀਵਨ ਨੂੰ ਤੰਦਰੁਸਤ ਤੇ ਸੁਹਜ ਭਰਿਆ ਬਣਾਉਣਾ ਹੈ।

ਸਾਹਿਤ ਸਿਰਫ ਆਨੰਦ ਨਹੀਂ ਦਿੰਦਾ ਚਿੰਤਨਸ਼ੀਲ ਸੰਵੇਦਨਸ਼ੀਲ ਵੀ ਬਣਾਉਂਦਾ ਹੈ। ਸੂਝ ਬੂਝ ਚੇਤਨਾ ਨੂੰ ਪ੍ਰਚੰਡ ਵੀ ਕਰਦਾ ਹੈ।

ਸਾਹਿਤ ਨੇ ਸਮਾਜ ਨੂੰ ਗਿਆਨ ਵਿਗਿਆਨ ਤੋਂ ਇਲਾਵਾ ਕੋਈ ਜੀਵਨ ਦ੍ਰਿਸ਼ਟੀ/ ਕੋਈ ਦਿਸ਼ਾ/ ਸੰਸਕਾਰ ਦੇਣਾ ਹੁੰਦਾ ਹੈ ਜਿਸਤੇ ਚਲ ਕੇ ਪਾਠਕ ਗੌਰਵਮਈ ਸੁਤੰਤਰ ਜੀਵਨ ਜੀ ਸਕੇ।

ਸਾਹਿਤ ਪਾਠਕ ਨੂੰ ਕੋਮਲਭਾਵੀ ਬਣਾਉਣ- ਜਿਹੋ ਜਿਹਾ ਜੀ ਰਿਹਾ ਉਸਤੋਂ ਵਧੇਰੇ ਸੰਵੇਦਨਸ਼ੀਲ, ਸੁਤੰਤਰ, ਖੁਸ਼ਹਾਲ ਤੇ ਸਹਿਚਾਰ ਭਰਿਆ ਜੀਵਨ ਜਿਊਣ ਲਈ ਜਾਗ੍ਰਿਤ ਕਰਦਾ ਹੈ।

ਇਸੇ ਤਰ੍ਹਾਂ ਕਹਾਣੀ/ਨਾਵਲ/ਕਵਿਤਾ ਵਿਚ ਅਨੁਭਵ ਜਾਂ ਵਿਸ਼ੇ ਦਾ ਨਿਭਾ ਕਿਵੇਂ ਵੱਖਰਾ ਹੁੰਦਾ ਹੈ ? ਕੋਈ ਲੇਖਕ ਸਿਰਜਕ ਕਦੋਂ ਬਣਦਾ ਹੈ ?ਦ੍ਰਿਸ਼ਟੀਕੋਣ ਜਾਂ ਵਿਚਾਰਧਾਰਾ ਦਾ ਕੀ ਰੋਲ ਹੈ ? ਜਾਂ ਹਰ ਰਚਨਾਕਾਰ ਨੂੰ ਹੀ ਨਹੀਂ ਹਰ ਰਚਨਾ ਨੂੰ ਵੀ ਪਹਿਲੇ ਨਾਲੋਂ ਨਵਾਂ ਰਾਹ ਬਣਾਉਣਾ ਪੈਂਦਾ ਵਰਗੇ ਕੁਝ ਸੁਝਾਅ ਤੇ ਸਵਾਲ ਹਨ ਜਿਹੜੇ ਇਸ ਨਾਵਲ ਵਿਚ ਸੁਚੇਤ ਤੌਰ ਤੇ ਪਾਏ ਗਏ ਹਨ।

ਅੰਤ ਵਿਚ ਇਸ ਨਾਵਲ ਦੇ ਸਿਰਲੇਖ ਬਾਰੇ- ਇਸ ਨਾਵਲ ਦਾ ਸਿਰਲੇਖ ਇਹਦੇ ਵੇਰਵਿਆਂ ਵਿਚ ਗੂੰਜਦਾ ਸੁਣਾਈ ਦਿੰਦਾ ਹੈ। ਵਿਆਪਕ ਪੱਧਰ ਤੇ ਤਾਂ ਭਾਵੇਂ ਇਹ ਨਾਵਲ ਇਸ ਸਿਰਲੇਖ ਰਾਹੀਂ ਇਹ ਸੁਨੇਹਾ ਦਿੰਦਾ ਹੈ ਕਿ ਜੇ ਵੰਡ ਵੇਲੇ ਦੀ ਅਜਮਾਇਸ਼ੀ ਘੜੀ ਵਿਚ ਰਾਜਨੀਤੀਵਾਨ ਸਵਾਰਥੀ ਨਾ ਹੋਏ ਹੁੰਦੇ ਤਾਂ ਵੰਡ ਵਰਗਾ ਦੁਖਾਂਤ ਕਦੇ ਨਹੀਂ ਸੀ ਵਾਪਰਨਾ ਪਰ ਸੂਖ਼ਮ ਪੱਧਰ ਤੇ ਇਹ ਨਾਵਲ ਦੱਸਦਾ ਕਿ ਹਰ ਬੰਦੇ ਲਈ ਹਰ ਘੜੀ ਹੀ ਅਜਮਾਇਸ਼ੀ ਹੁੰਦੀ ਹੈ। ਇਨਸਾਨ ਦੀ ਇਨਸਾਨੀਅਤ ਨੂੰ ਗਾਹੇ ਬਗਾਹੇ ਅਜਮਾਇਸ਼ ਦੀਆਂ ਘੜੀਆਂ ਵਿਚੋਂ ਲੰਘਣਾ ਪੈਂਦਾ ਹੈ ਅਤੇ ਇਸ ਵਿਚੋਂ ਸਾਬਤ ਕਦਮੀਂ ਨਿਕਲਣਾ ਹੀ ਉਹਦੀ ਪਛਾਣ, ਪ੍ਰਾਪਤੀ, ਪ੍ਰਤੀਤੀ ਬਣਦੀ ਹੈ। ਨਾਵਲ ਦੇ ਵੇਰਵਿਆਂ ਵਿਚੋਂ ਲੱਭਦੀਆਂ ਕੁਝ ਕਸੌਟੀਆਂ ਹਨ :

ਦੋਸਤੀ ਦੀ ਅਜਮਾਇਸ਼ ਹੈ ਨਿਰਪੱਖ ਰਾਏ।

ਸਿਰਜਕ ਦੀ ਅਜਮਾਇਸ਼ ਏ ਮਨੁੱਖ ਨੂੰ ਥਿੜਕਣ ਤੋਂ ਬਚਾਉਣ ਵਾਲਾ ਸੁਨੇਹਾ ਦੇਣਾ।

ਇਨਸਾਨ ਦੇ ਪੰਜ ਮਿੱਤਰ ਨੇ ਸਬਰ, ਸਮਾਂ, ਹਿੰਮਤ, ਵਿਸ਼ਵਾਸ ਤੇ ਉਮੀਦ

ਬੰਦੇ ਦੇ ਵੈਰੀ ਨੇ ਆਲਸ, ਕਾਹਲ, ਡਰ ਤੇ ਨਿਰਾਸ਼ਾ।

ਸਵੈਮਾਣ, ਸਵੈਭਰੋਸਾ ਮਨੁੱਖ ਨੂੰ ਮਨੁੱਖ ਬਣਾਉਂਦਾ ਹੈ। ਕਾਇਰਤਾ ਤੇ ਸਵਾਰਥ ਉਸਨੂੰ

ਗਿਰਾਉਂਦਾ ਸ਼ੈਤਾਨ ਹੈਵਾਨ ਬਣਾਉਂਦਾ ਹੈ।

ਨਿਰਸੰਦੇਹ ਅਜਮਾਇਸ਼ ਦੀਆਂ ਘੜੀਆਂ ਵਿਚ ਇਨ੍ਹਾਂ ਸੋਝੀਆਂ ਨਾਲ ਲੈਸ ਮਨੁੱਖ ਹੀ ਮਨੁੱਖਤਾ ਦੇ ਇਤਿਹਾਸ ਵਿਚ ਗੌਰਵਮਈ ਅਧਿਆਇ ਜੋੜ ਸਕਦਾ ਹੈ। ਸਥਿਤੀਆਂ ਕਿੰਨੀਆਂ ਵੀ ਦੁਸ਼ਵਾਰ ਕਿਉਂ ਨਾ ਹੋਣ, ਟੁੱਟ ਕੇ ਬਿਖਰਨਾ ਨਹੀਂ, ਹੱਕ ਸੱਚ ਨਿਆਂ ਲਈ ਹੌਸਲਾ ਤੇ ਜੁਰਅਤ ਨਾਲ ਲੜਨਾ ਹੀ ਬੰਦੇ ਦਾ ਧਰਮ ਹੈ, ਇਹੀ ਇਸ ਨਾਵਲ ਦੇ ਬਹੁਕਾਲੀ ਸੰਦਰਭਾਂ ਵਿਚ ਫੈਲੇ ਕਥਾਨਕ ਦਾ ਸੁਨੇਹਾ ਹੈ। ਮੌਕਾਪ੍ਰਸਤ ਸਿਆਸਤ ਪੰਜਾਬੀਆਂ ਨੂੰ ਮੁੜ ਮੁੜ ਅਜਮਾਇਸ਼ਾਂ ਵਿਚ ਪਾਉਂਦੀ ਹੈ। ਇਨ੍ਹਾਂ ਅਜਮਾਇਸ਼ਾਂ ਨੂੰ ਪੰਜਾਬੀ ਇਕੱਠੇ ਸਮੂਹਿਕ ਤੌਰ ਤੇ ਵੀ ਝੇਲਦੇ ਹਨ, ਵਿਅਕਤੀਗਤ ਤੌਰ ਤੇ ਵੀ। ਪਰ ਆਪਣੀ ਜਾਗਦੀ ਜ਼ਮੀਰ ਤੇ ਬੁਲੰਦ ਹੌਸਲੇ ਨਾਲ ਹੱਕ ਖੋਹਣ ਵਾਲਿਆਂ ਤੋਂ ਭੈਭੀਤ ਹੋਣ ਦੀ ਥਾਂ ਵੰਗਾਰ ਕਬੂਲਣ ਦੀ ਮੁਦਰਾ ਵਿਚ ਆਏ ਪੰਜਾਬੀ ਬੰਦੇ ਦਾ ਮਨੋਬਲ ਕਹਿ ਰਿਹਾ ਹੈ:

ਸਰ, ਤੁਸੀਂ ਚਿੰਤ  ਨਾ ਕਰੋ। ਇਹ ਕਿਹੜੀ ਮੇਰੇ ਨਾਲ ਅੱਜ ਨਵੀਂ ਗੱਲ ਹੋਈਆਂ। ਇਹ ਜੰਗ ਤਾਂ ਮੇਰੇ ਜਨਮ ਤੋਂ ਵੀ ਸੈਂਕੜੇ ਸਦੀਆਂ ਪਹਿਲਾਂ ਦੀ ਮੇਰੀ ਸਮੇਂ ਦੇ ਹਾਕਮ ਨਾਲ ਚਲਦੀ ਆ ਰਹੀ ਆ। ਉਹ ਮੇਰਾ ਹੱਕ ਮਾਰਨਾ ਆਪਣਾ ਅਧਿਕਾਰ ਸਮਝਦਾ ਆ ਰਿਹਾ ਹੈ ਤੇ ਮੈਂ ਉਹਨੂੰ ਪ੍ਰਾਪਤ ਕਰਨ ਲਈ ਲੜਦਾ ਆ ਰਿਹਾਂ। ਇਸ ਨਾਵਲ ਦੇ ਕਥਾਨਕੀ ਹਵਾਲਿਆਂ ਰਾਹੀਂ ਪੰਜਾਬੀ ਸ਼ਨਾਖਤਾਂ ਦੇ ਅਤੀਤ ਅਤੇ ਵਰਤਮਾਨ ਨੂੰ ਹੰਗ੍ਹਾਲਣ ਤੋਂ ਬਾਅਦ ਨਾਵਲਕਾਰ ਦਰਸ਼ਨ ਧੀਰ ਦੀ ਬੜੀ ਜਿਕਰਯੋਗ ਧਾਰਨਾ ਇਹ ਬਣਦੀ ਹੈ ਕਿ ਪੰਜਾਬੀ ਬੰਦੇ ਬੜੇ ਜਾਨਦਾਰ ਜੀਨਾਂ ਵਾਲੇ ਨੇ, ਇਹ ਕੰਮ, ਮਿਹਨਤ, ਸੰਘਰਸ਼ ਵਲੋਂ ਮਾਰ ਨਹੀਂ ਖਾਂਦੇ ਪਰ ਆਪਣੀ ਘਸੀ ਪਿੱਟੀ ਬਾਬੇ ਆਦਮ ਵੇਲੇ ਵਾਲੀ ਮਾਨਸਿਕਤਾ ਕਰਕੇ ਮਾਰ ਖਾਂਦੇ ਨੇ। ਸੁਆਰਥੀ ਸਿਆਸੀ ਲੀਡਰ ਉਨ੍ਹਾਂ ਦੀ ਇਸ ਕਮਜ਼ੋਰੀ ਨੂੰ ਵਰਤ ਜਾਂਦੇ ਹਨ। ਇਸ ਕਰਕੇ ਪੰਜਾਬੀਆਂ ਨੂੰ ਲੋੜ ਹੈ ਜ਼ਿੰਦਗੀ ਨੂੰ ਦੇਖਣ ਪਰਖਣ ਬਦਲਣ ਦਾ ਨਜ਼ਰੀਆ ਵਿਗਿਆਨਕ ਬਣਾਉਣ ਦੀ। ਪੰਜਾਬੀ ਸ਼ਨਾਖਤਾਂ ਦੀ ਬਰਕਰਾਰੀ ਲਈ ਹੀ ਨਹੀਂ ਸਾਂਝੀਆਂ ਸੈਕੁਲਰ ਪੰਜਾਬੀ ਸ਼ਨਾਖਤਾਂ ਦੀ ਚਿਰੰਜੀਵਤਾ ਲਈ ਵੀ- ਦੇਸ਼ ਵੰਡ ਦੀਆਂ ਯਾਦਾਂ ਅਤੇ ਯਾਦਾਂ-ਦੱਹਾਨੀਆਂ ਵਿਚੋਂ ਉਪਜੀ ਇਹ ਅੰਤਰਦ੍ਰਿਸ਼ਟੀ ਇਸ ਨਾਵਲ ਦਾ ਪੈਗਾਮ ਬਣਦੀ ਹੈ।


*ਤੈਮਾਸਿਕ 'ਪਵਚਨ' ਪਿਛਲੇ 19 ਸਾਲਾਂ ਤੋਂ ਨਿਰੰਤਰ ਆਪਣੀ ਸਮਰੱਥਾ ਅਤੇ ਸੂਝ ਅਨੁਸਾਰ ਸਮੱਗਰੀ ਪੰਜਾਬੀ ਪਾਠਕਾਂ ਨੂੰ ਪੜ੍ਹਾ ਰਿਹਾ ਹੈ। ਇਸ ਸਫ਼ਰ ਦੌਰਾਨ ਸੁਹਿਰਦ ਪਾਠਕਾਂ ਨੇ ਭਰਪੂਰ ਹੁੰਗਾਰਾ ਭਰਿਆ ਹੈ। ਇਸ ਸਫ਼ਰ ਦੌਰਾਨ ਪਾਠਕਾਂ ਨੇ ਲਗਾਤਾਰ ਚੰਦਾ ਦੇ ਕੇ ਇਸ ਨੂੰ ਚਲਦਾ ਰੱਖਣ ਵਿਚ ਸਹਾਇਤਾ ਕੀਤੀ ਹੈ। ਜਿਹਨਾਂ ਪਾਠਕਾਂ ਦੇ ਚੰਦੇ ਖਤਮ ਹਨ ਉਨ੍ਹਾਂ ਨੂੰ ਆਪ ਵੀ ਪਤਾ ਹੈ। ਅਸੀਂ ਵਿਅਕਤੀਗਤ ਚਿੱਠੀ, ਪੱਤਰ ਪਾ ਕੇ ਉਨ੍ਹਾਂ ਨੂੰ ਯਾਦ ਕਰਾਉਣ ਦੀ ਥਾਂ ਸਵੈ ਅਹਿਸਾਸ ਕਰਾਉਣਾ ਚਾਹੁੰਦੇ ਹਾਂ ਕਿ ਉਹ ਆਪਣੇ ਆਪ ਹੀ ਚੰਦਾ ਸਮੇਂ ਸਿਰ ਭੇਜ ਦੇਣ ਤਾਂ ਜੋ ਇਸ ਪਰਚੇ ਨੂੰ ਜਾਰੀ ਰੱਖਿਆ ਜਾ ਸਕੇ। ਚੰਦਿਆਂ ਦੀ ਦਰ ਘੱਟੋ-ਘੱਟ 1000 ਰੁਪਏ ਪੰਜ ਸਾਲ ਲਈ ਹੈ। ਚੰਦਾ ਬੈਂਕ ਡਰਾਫਟ ਜਾਂ ਚੈੱਕ ਰਾਹੀਂ ਭੇਜਿਆ ਜਾਵੇ ਜਾਂ ਸੰਪਾਦਕ ਦੇ ਹੇਠ ਲਿਖੇ ਖਾਤੇ ਵਿਚ ਜਮ੍ਹਾਂ ਕਰਵਾ ਦਿੱਤੇ ਜਾਣ।*

Rajnish Bahadur Singh

Ac. no. 30568250112 IFSC SBIN0008301

STATE BANK OF INDIA, Harbans Nagar Branch Jalandhar

# ਬਲਬੀਰ ਪਰਵਾਨਾ ਰਚਿਤ : ਭੋਗਵਾਦੀ ਬਿਰਤੀ ਦੀਆਂ ਧਾਰਨੀ ਔਰਤ ਪਾਤਰਾਂ

**ਨਵਜੋਤ ਕੌਰ**

ਸਮਕਾਲੀ ਪੰਜਾਬੀ ਕਹਾਣੀ ਸਿਰਜਣਾ ਦੀ ਕਤਾਰ ਬੰਦੀ ਵਿਚ ਬਲਬੀਰ ਪਰਵਾਨਾ ਦਾ ਗੌਲਣਯੋਗ ਸਥਾਨ ਹੈ। ਪਰਵਾਨਾ ਨੇ ਸ਼ਹਿਰੀ ਜੀਵਨ ਤੋਂ ਪ੍ਰਭਾਵਿਤ ਮਨੁੱਖੀ ਸੰਬੰਧ, ਨੈਤਿਕਤਾ ਦੇ ਬਦਲਦੇ ਪ੍ਰਤਿਮਾਨ, ਦੇਹਵਾਦੀ ਸੋਚ, ਰਿਸ਼ਤਿਆਂ ਦੀ ਅਸਥਿਰਤਾ, ਦੰਪਤੀ ਰਿਸ਼ਤਿਆਂ ਦੇ ਤਣਾਅ, ਕਾਮੁਕ ਵੇਗ ਨਾਲ ਜੁੜੀਆਂ ਸਿਮਰਤੀਆਂ ਅਤੇ ਜਜ਼ਬਿਆਂ ਦੇ ਉਛਾਲ ਨੂੰ ਆਪਣੀਆਂ ਕਹਾਣੀਆਂ ਵਿਚ ਪੇਸ਼ ਕੀਤਾ ਹੈ। ਉਹ ਕਹਾਣੀ ਨੂੰ ਯਥਾਰਥਵਾਦੀ ਬਣਾਉਣ ਲਈ ਅਨੁਭਵਮੁਖੀ ਸਾਧਨਾਂ ਰਾਹੀਂ ਮੈਂ-ਮੂਲਕ ਵਿਧੀ ਦੀ ਵਰਤੋਂ ਭਾਰੀ ਰੂਪ ਵਿਚ ਕਰਦਾ ਹੈ। ਉਸਦੀਆਂ ਕਹਾਣੀਆਂ ਵਿਚ ਔਰਤ-ਮਰਦ ਸੰਬੰਧਾਂ ਦੀ ਅਸਹਿਜਤਾ ਇਕ ਮਹੱਤਵਪੂਰਨ ਥੀਮ ਵਜੋਂ ਪ੍ਰਾਪਤ ਹੁੰਦੀ ਹੈ। ਇਹ ਅਸਹਿਜਤਾ ਪਾਤਰਾਂ ਨੂੰ ਲੈਂਗਿਕ ਉਦਰੇਵੇਂ ਵੱਲ ਧਕੇਲਦੀ ਹੈ ਜੋ ਉਹਨਾਂ ਅੰਦਰ ਆਪਣੇ ਹੀ ਪਿਆਰਿਆਂ ਤੋਂ ਬੇਗਾਨਗੀ ਦਾ ਅਹਿਸਾਸ ਭਰ ਦਿੰਦਾ ਹੈ। ਪਰਵਾਨਾ ਦੇਹ-ਸੁਖ ਵਿਚ ਹੀ ਅੰਤਿਮ-ਸੁਖ ਨੂੰ ਭਾਲਦੇ ਪਾਤਰਾਂ ਦੀ ਸਿਰਜਣਾ ਕਰਦਾ ਹੋਇਆ, ਵੈਧ-ਅਵੈਧ ਰਿਸ਼ਤਿਆਂ ਦੇ ਸੱਚ ਨੂੰ ਹੰਢਾਉਂਦੇ ਪਾਤਰਾਂ ਨੂੰ ਦਰਸਾਉਣ ਦਾ ਯਤਨ ਕਰਦਾ ਹੈ। ਉਸ ਦੇ ਸ੍ਵੈ ਬਿਆਨ ਅਨੁਸਾਰ:

ਮੇਰੀਆਂ ਪਹਿਲੀਆਂ ਰਚਨਾਵਾਂ 'ਚ ਕਾਮੁਕਤਾ ਦਾ ਵਰਨਣ ਤਾਂ ਹੈ ਪਰ ਉਸ ਵਿਚ ਇਸਨੂੰ ਸਮਾਜਿਕ ਵਿਕਾਸ ਤੇ ਇਸ ਵਿਕਾਸ ਮਾਡਲ ਦੇ ਵਰਤਾਰਿਆਂ ਨਾਲ ਜੋੜ ਕੇ ਨਹੀਂ ਦੇਖਿਆ ਜਾ ਰਿਹਾ, ਜਦੋਂ ਕਿ ਪਿੱਛੋਂ ਆ ਕੇ ਸਮਝ ਬਣੀ ਕਿ ਇਹ ਮਨੁੱਖਤਾ ਦਾ ਮੂਲ ਸਰੋਕਾਰ ਹੈ ਤੇ ਇਸ ਨੂੰ ਸਮਾਜਿਕ ਪੱਧਰ ਜਾਂ ਗਰੀਬੀ ਅਮੀਰੀ ਨਾਲੋਂ ਕੁਝ ਕੁ ਤੋੜ ਕੇ ਵੇਖਿਆ ਜਾਣਾ ਚਾਹੀਦਾ ਹੈ। ਇਸ ਦਾ ਸੰਬੰਧ ਬਦਲ ਰਹੇ ਸਮਾਜ ਨਾਲ ਵੀ ਹੈ।[1]

ਪਰਵਾਨੇ ਦੀਆਂ ਕਹਾਣੀਆਂ ਵਿਚ ਪਤੀ-ਪਤਨੀ ਵਿਚਲੇ ਟਕਰਾਓ ਦਾ ਮੂਲ ਕਾਰਨ, ਇਕ ਦਾ ਸ਼ਹਿਰੀ ਅਤੇ ਦੂਜੇ ਦਾ ਪੇਂਡੂ ਪਿਛੋਕੜ ਨਾਲ ਸੰਬੰਧਿਤ ਹੋਣਾ ਹੈ। ਸ਼ਹਿਰੀ ਸੋਚ ਵਿਚ ਮਸਤ ਪਤਨੀ ਦਾ ਬਾਹਰਲੇ ਵਿਅਕਤੀ ਵੱਲ ਝੁਕਾਅ ਪਤੀ ਨੂੰ ਤਣਾਅਮਈ ਸਥਿਤੀ ਵਿਚ ਪਹੁੰਚਾਂ ਦਿੰਦਾ ਹੈ। ਕਹਾਣੀ 'ਆਪਣੇ-ਆਪਣੇ ਜਜ਼ੀਰੇ' ਵਿਚਲੇ ਅਜਮੇਰ ਦੀ ਨੌਕਰੀ ਬਦਲੀ-ਯੋਗ ਨਾ ਹੋਣ ਕਾਰਨ, ਉਹ ਅੰਬਾਲੇ ਪਤਨੀ ਕੋਲ ਨਹੀਂ ਰਹਿ ਸਕਦਾ ਅਤੇ ਜਲੰਧਰ ਦੀ ਜੰਮ-ਪਲ ਲਤਾ ਦੇ, ਰੀਤੂ ਨਾਲ ਸਮਲਿੰਗੀ ਸੰਬੰਧ ਹੋਣ ਕਾਰਨ, ਉਹ ਅਜਮੇਰ ਕੋਲ ਆਪਣੀ ਬਦਲੀ ਨਹੀਂ ਕਰਵਾਉਣਾ ਚਾਹੁੰਦੀ। ਆਪੋ-ਆਪਣੇ ਜਜ਼ੀਰਿਆਂ ਵਿਚ ਜਿਊਂਦੇ ਦੋਵੇਂ ਜੀਅ, ਕੇਵਲ ਸ਼ਨੀਵਾਰ ਨੂੰ ਹੀ ਇਕੱਠੇ ਹੁੰਦੇ ਹਨ। ਸ਼ਹਿਰ ਦੀ ਪੋਸ਼-ਕਾਲੋਨੀ ਵਿਚ ਰਹਿੰਦਾ ਅਜਮੇਰ ਪਤਨੀ ਦੀ ਗ਼ੈਰਹਾਜ਼ਰੀ ਵਿਚ ਅਕਸਰ ਮੀਨਾ ਨੂੰ ਘਰ ਬੁਲਾ ਲੈਂਦਾ ਹੈ ਕਿਉਂਕਿ ਉਸਦੇ ਆਸੇ-ਪਾਸੇ ਰਹਿੰਦੀ ਲੋਕਾਈ ਨੂੰ ਦੂਜੇ ਘਰ ਆਉਣ-ਜਾਣ ਵਾਲੇ ਨਾਲ ਕੋਈ ਸਰੋਕਾਰ ਨਹੀਂ ਹੁੰਦਾ। ਇਕ ਬੇਟੀ ਦੀ ਤਲਾਕਸ਼ੁਦਾ ਮਾਂ ਮੀਨਾ ਦਾ ਵਿਚਾਰ ਹੈ ਕਿ ਜੇ ਵਿਆਹ ਹੀ ਸਾਥ ਬਣ ਸਕਦਾ ਹੁੰਦਾ ਤਾਂ ਪਹਿਲਾ ਵਿਆਹ ਟੁੱਟਦਾ ਨਾ ਅਤੇ ਫਿਰ ਕਿੰਨੇ ਵਿਆਹ ਅਜਿਹੇ ਹਨ ਜਿਹੜੇ ਭਾਵੇਂ ਟੁੱਟਦੇ ਤਾਂ

---

*ਖੋਜ-ਵਿਦਿਆਰਥੀ, ਪੰਜਾਬੀ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ*

ਨਹੀਂ, ਪਰ ਟੁੱਟਿਆਂ ਨਾਲੋਂ ਵੱਧ ਸੜ੍ਹਾਂਦ ਮਾਰਦੇ ਹਨ।

ਮਰਦ ਪਰ-ਹਮਦਰਦੀ ਪਾਉਣ ਲਈ ਆਪਣੀ ਪੀੜ ਨੂੰ ਵਧਾਅ ਕੇ ਦੱਸਦਾ ਹੈ ਅਤੇ ਇਸ ਹਮਦਰਦੀ ਦਾ ਸਿੱਧਾ ਨਿਸ਼ਾਨਾ ਹੁੰਦਾ ਹੈ, ਬਗਾਨੀ ਔਰਤ ਦੇ ਤਨ ਨੂੰ ਪਾਉਣਾ-ਭਾਵੇਂ ਘੜੀ ਪਲ ਦੇ ਲਈ ਹੀ ਸਹੀ। ਇਸ ਲਈ ਅਜਮੇਰ ਅਤੇ ਮੀਨਾ ਨੂੰ ਦੁੱਖ ਦੀ ਸਾਂਝ ਸਿਰਫ਼ ਹਮ-ਬਿਸਤਰੀ ਲਈ ਹੀ ਇਕੱਠਿਆਂ ਕਰਦੀ ਹੈ।

ਉਸ ਸ਼ਾਮ ਮੈਂ ਪਹਿਲੀ ਵਾਰ ਮਾਣਿਆ ਕਿ ਔਰਤ ਦਾ ਸਮਰਪਣ ਕੀ ਹੁੰਦਾ ਹੈ ? ਔਰਤ ਦਾ ਜਿਸਮ ਕਿਵੇਂ ਭਾਬੜ ਬਣਦਾ ਹੈ! ਤੇ ਇਹ ਵੀ ਕਿ ਉਤੇਜਨਾ 'ਚ ਡੁੱਬਣ ਤੋਂ ਬਾਅਦ, ਔਰਤ ਦੇ ਅੰਦਰੋਂ ਕਿਵੇਂ ਇੱਕ ਹੋਰ ਔਰਤ ਉੱਠ ਖੜੌਂਦੀ ਹੈ। ਹੜ੍ਹ ਦੀਆਂ ਛੱਲਾਂ ਨੇ ਦੂਰ ਕਿਨਾਰਿਆਂ 'ਤੇ ਲਿਜਾ ਸੁੱਟਿਆ ਤਾਂ ਹੋਸ਼ ਆਈ ਸੀ ਕੁਝ।... ਉਸ ਨੇ ਬੱਸ ਚੜ੍ਹਨ ਲੱਗੀ ਨੇ ਕਿਹਾ ਵੀ ਸੀ 'ਅਜਮੇਰ, ਜਦੋਂ ਵੀ ਉਦਾਸ ਹੋਵੇਂ, ਮੈਨੂੰ ਫੋਨ ਕਰ ਦੇਵੀਂ... ਮੈਂ ਤੇਰੀ ਇਕੱਲਤਾ ਵੰਡਣ ਦੀ ਪੂਰੀ ਕੋਸ਼ਿਸ਼ ਕਰਾਂਗੀ।'[2]

ਇਕ ਤੋਂ ਬਾਅਦ ਦੂਜਾ ਸਾਥੀ ਕਰਨ ਵਿਚ ਦੇਰ ਨਾ ਲਗਾਉਂਦੀ, ਅਨਿਸ਼ਚਿਤਾ ਦੀ ਸ਼ਿਕਾਰ ਅੱਜ ਦੀ ਔਰਤ, ਇਕੱਲ ਮਹਿਸੂਸ ਨਹੀਂ ਕਰਦੀ ਹੈ। ਅਜਮੇਰ ਨੂੰ ਮਿਲਦੀ-ਗਿਲਦੀ ਮੀਨਾ ਅਚਾਨਕ ਇਕ ਦਿਨ ਫੋਨ ਕਰ ਕਹਿ ਦਿੰਦੀ ਹੈ ਕਿ ਉਹ ਅਮਰੀਕਾ ਤੋਂ ਆਏ ਆਪਣੇ ਤਲਾਕਸ਼ੁਦਾ ਦੋਸਤ ਨਾਲ ਵਿਆਹ ਕਰਵਾ ਰਹੀ ਹੈ। ਅਜਮੇਰ ਪਤਨੀ ਦੀ ਅਣਗਹਿਲੀ ਅਤੇ ਪ੍ਰੇਮਿਕਾ ਦੀ ਬੇਵਫ਼ਾਈ ਕਾਰਨ ਫਿਰ ਤੋਂ ਬੇਗਾਨਗੀ ਦੀ ਸਥਿਤੀ ਵਿਚ ਪੈ ਜਾਂਦਾ ਹੈ। ਕਠੋਰ ਕਸ਼ਟਦਾਇਕ ਯਥਾਰਥ ਦੇ ਸਨਮੁੱਖ ਖੜ੍ਹਾ ਇਹ ਮਰਦ ਵਿਚਲਿਤ ਮਨੋਸਥਿਤੀ ਕਾਰਨ, ਵਿਰੋਧੀ ਪਰਿਸਥਿਤੀਆਂ ਪ੍ਰਤੀ ਕੋਈ ਰੋਹ ਵੀ ਪ੍ਰਗਟ ਨਹੀਂ ਕਰ ਸਕਦਾ ਕਿਉਂਕਿ ਸ਼ੋਸ਼ਕ ਧਿਰ (ਔਰਤ ) ਆਤਮ-ਨਿਰਭਰ ਹੋਣ ਕਾਰਨ, ਇਸ ਰੋਹ ਨੂੰ ਵਿਦਰੋਹ ਵਿਚ ਬਦਲਣ ਤੋਂ ਪਹਿਲਾਂ ਹੀ ਨਿਬੇੜਾ ਕਰ ਦੇਵੇਗੀ ਅਤੇ ਮਰਦ ਦੁਆਰਾ ਆਪਣੇ ਸਾਕ-ਸਕੀਰੀ ਵਿਚ ਸਿਰਜਿਆ ਚੰਗੇ ਸਟੇਟਸ ਦਾ ਭਰਮ ਤ੍ਰਿੜਕ ਜਾਵੇਗਾ।

ਆਰਥਿਕਤਾ ਦੇ ਬਦਲਦੇ ਪ੍ਰਸੰਗ ਵਿਚ ਰਿਸ਼ਤਿਆਂ ਦੀ ਸਮੀਕਰਨ ਵੀ ਬਦਲਦੀ ਨਜ਼ਰ ਆਉਂਦੀ ਹੈ। ਖਪਤ ਦੀ ਅੰਨ੍ਹੀ ਦੌੜ ਵਿਚ ਪਰਿਵਾਰਕ ਸਾਂਝਾਂ ਟੁੱਟਣ ਲੱਗਦੀਆਂ ਹਨ। ਮੱਨੁਖੀ ਰਿਸ਼ਤਿਆਂ ਦਾ ਅਜਿਹਾ ਵਪਾਰੀਕਰਨ ਹੋਣ ਲੱਗਦਾ ਹੈ ਕਿ ਦੰਪਤੀ ਰਿਸ਼ਤੇ ਵੀ ਨਫ਼ੇ ਦੀ ਮੰਡੀ ਵਿਚ ਦਮ ਤੋੜਦੇ ਪ੍ਰਤੀਤ ਹੁੰਦੇ ਹਨ। ਤਣਾਅ ਗ੍ਰਸਤ ਕਹਾਣੀ ਦੀ ਸਰੀਤਾ ਦਾ ਪਿਆਰ-ਵਿਆਹ ਹੋਣ ਦੇ ਬਾਵਜੂਦ ਆਪਣੇ ਗਾਇਡ ਨਾਲ ਨਜਾਇਜ਼ ਸੰਬੰਧ ਬਣਦੇ ਹਨ। ਸਰੀਤਾ ਅਜਿਹਾ ਪ੍ਰੋ. ਵਰਮਾ ਰਾਹੀਂ ਆਪਣੀ ਪੋਸਟ ਨੂੰ ਰੈਗੂਲਰ ਕਰਵਾਉਣ ਲਈ ਕਰਦੀ ਹੈ ਕਿਉਂਕਿ ਉਸ ਲਈ ਸਟੇਟਸ ਪ੍ਰਮੁੱਖ ਹੈ। ਪਤੀ ਨਾਲੋਂ ਵੱਧ ਪੜ੍ਹੀ ਅਤੇ ਕਮਾਉਂਦੀ ਹੋਣ ਕਾਰਨ, ਮਾਨਸਿਕ ਹਨਨ ਹੰਢਾਉਂਦਾ ਪਤੀ, ਸਭ ਕੁਝ ਦੀ ਕਨਸੋਅ ਹੋਣ ਉੱਤੇ ਵੀ ਕੋਈ ਪ੍ਰਤੀਕਰਮ ਵਿਅਕਤ ਨਹੀਂ ਕਰਦਾ ਕਿਉਂਕਿ ਉਹ ਇਕ ਗਰੀਬ ਪਰ ਇੱਜ਼ਤਦਾਰ ਕਿਸਾਨ ਦਾ ਪੁੱਤ ਹੈ ਅਤੇ ਤਲਾਕ ਲੈਣ ਦੀ ਗੱਲ ਸਭ ਕੁਝ ਮਿੱਟੀ ਕਰ ਸਕਦੀ ਹੈ।

'ਧੂੰਆਂ' ਕਹਾਣੀ ਦੀ ਕਿਰਨ ਸੋਹਣੀ ਸੁਣਖੀ ਹੋਣ ਦੇ ਬਾਵਜੂਦ ਵੀ, ਛੋਟੇ ਪਰਿਵਾਰ ਦੀ ਭਾਲ ਵਿਚ ਵਡੇਰੀ ਉਮਰ ਵਿਚ ਜਾ ਕੇ ਵਿਆਹ ਕਰਵਾਉਂਦੀ ਹੈ ਕਿਉਂਕਿ ਉਸਦਾ ਮੰਨਣਾ ਹੈ ਕਿ 'ਮੈਨੂੰ ਨਹੀਂ ਸੀ ਲੱਗਦਾ ਕਿ ਮੈਂ ਆਪਣੀ ਹੋਂਦ ਨੂੰ ਛੱਡ ਕੇ ਜਿਉਂ ਸਕਦੀ ਹਾਂ।' ਵਿਆਹ

ਉਪਰੰਤ ਵੀ ਉਹ ਆਪਣੇ ਜੀਜੇ ਦਲੀਪ ਨਾਲ ਰਾਬਤਾ ਰੱਖਦਿਆਂ, ਆਪਣੇ ਪਤੀ ਪ੍ਰਤੀ ਬੇਪਰਵਾਹ ਰਹਿੰਦੀ ਹੈ। ਹਰਦੀਪ ਨੂੰ ਇਸ ਬਾਰੇ ਹੋਏ ਸ਼ੱਕ ਨੂੰ, ਕਿਰਨ ਦੇ ਇਕ ਤੋਂ ਬਾਅਦ ਇਕ ਆਪਤੀਜਨਕ ਕਾਰਜ ਸੱਚ ਵਿਚ ਬਦਲ ਦਿੰਦੇ ਹਨ। ਕਹਾਣੀ ਦਾ ਸਿਰਲੇਖ 'ਧੂੰਆਂ' ਰਿਸ਼ਤਿਆਂ ਵਿਚਲੀ ਘੁੱਟਣ ਨੂੰ ਦਰਸਾਉਂਦਾ ਹੈ ਜਿਹੜੀ ਸਿਰਫ਼ ਇਕ ਧਿਰ ਪਤੀ ਹੀ ਮਹਿਸੂਸ ਕਰਦਾ ਹੈ। ਇਸ ਦਾ ਕਾਰਨ, ਹਰਦੀਪ ਨੇ ਬਚਪਨ ਤੋਂ ਆਪਣੇ ਮਾਤਾ-ਪਿਤਾ ਦੇ ਕੌਸੈਲੇ ਰਿਸ਼ਤੇ ਵਿਚਲੀ ਘੁੱਟਣ ਨੂੰ ਹੰਢਾਇਆ ਹੁੰਦਾ ਹੈ ਅਤੇ ਉਹ ਇਹ ਘੁੱਟਣ ਆਪਣੇ ਪੁੱਤਰ ਨੂੰ ਵਿਰਸੇ ਵਿਚ ਨਹੀਂ ਦੇਣਾ ਚਾਹੁੰਦਾ। ਕਾਇਦੇ ਅਨੁਸਾਰ ਪਤਨੀ ਦਾ ਸੱਚ ਪਤਾ ਲੱਗਣ ਉੱਤੇ ਹਰਦੀਪ ਨੂੰ ਤੂਫ਼ਾਨ ਖੜ੍ਹਾ ਕਰ ਦੇਣਾ ਚਾਹੀਦਾ ਸੀ ਪਰ ਸੰਭਾਵਨਾ ਦੇ ਉਲਟ ਉਹ ਉਬਾਲ ਖਾਣ ਦੀ ਥਾਂ ਅੱਖੀ ਦੇਖ ਮੱਖੀ ਨਿਗਲ ਜਾਂਦਾ ਹੈ ਤਾਂ ਜੋ ਘਰ ਤਬਾਹ ਨਾ ਹੋਵੇ। ਅੰਦਰੋਂ ਕੁੜਣ ਦਾ ਕਾਰਨ ਉਸਦੀ ਜਗੀਰੂ ਮਾਨਸਿਕਤਾ ਹੈ ਪਰ ਬਰਦਾਸ਼ਤ ਕਰ ਜਾਣ ਦਾ ਕਾਰਨ, ਪਤਨੀ ਦਾ ਆਰਥਿਕ ਪੱਖ ਤੋਂ ਵਧੇਰੇ ਮਜ਼ਬੂਤ ਹੋਣਾ ਅਤੇ ਪੁੱਤ ਰੋਹਿਤ ਹੈ।

ਡਾ.ਚਰਨਜੀਤ ਕੌਰ ਅਨੁਸਾਰਃ

ਇਹ ਸ਼ਾਇਦ ਪਹਿਲੀ ਵਾਰ ਹੈ ਕਿ ਮਰਦ ਵੱਲੋਂ ਆਪਣੇ ਬੱਚੇ ਦੀ ਖ਼ਾਤਰ ਪਰਿਵਾਰ ਨਾ ਤੋੜਨ ਦੀ ਪ੍ਰਥਾ ਵੀ ਪੈਦਾ ਕੀਤੀ ਗਈ ਹੈ। ਬਲਬੀਰ ਪਰਵਾਨਾ ਦੀਆਂ ਕਹਾਣੀਆਂ ਦੀ ਵਿਲੱਖਣਤਾ ਇਸੇ ਵਿਚ ਹੈ ਕਿ ਇਸ ਸਮੱਸਿਆ ਨੂੰ ਇਕ ਵਿਅਕਤੀ ਵਿਸ਼ੇਸ਼ ਦੀ ਸਮੱਸਿਆ ਨਾ ਬਣਾ ਕੇ, ਇਕ ਜੀਵਨ-ਜਾਚ ਵੱਲੋਂ ਦੂਜੀ ਜੀਵਨ-ਜਾਚ ਨੂੰ ਨਕਾਰ ਕੇ ਇਸ ਨੂੰ ਆਧੁਨਿਕ ਔਰਤ-ਮਰਦ ਦੀ ਦਰਪੇਸ਼ ਸਮੱਸਿਆ ਵਜੋਂ, ਨਵੇਂ ਪ੍ਰਸੰਗਾਂ ਵਿਚ ਪੇਸ਼ ਕਰਨ ਦਾ ਯਤਨ ਕੀਤਾ ਗਿਆ ਹੈ।[3]

ਕਹਾਣੀ 'ਹਵਾ ਦਾ ਆਪਣਾ ਫ਼ੈਸਲਾ' ਦੀ ਹਰਜੋਤ ਨੌਕਰੀ ਕਰਦੀ ਹੋਣ ਕਰਕੇ ਆਪਣੇ ਵੱਡੇ-ਛੋਟੇ ਭਰਾ-ਭੈਣਾਂ ਦੀ ਹਰ ਜ਼ੁੰਮੇਵਾਰੀ ਪੂਰੀ ਕਰਨ ਦਾ ਸਾਧਨ ਬਣ ਜਾਂਦੀ ਹੈ। ਘਰ ਵਿਚ ਉਸਦਾ ਵਜੂਦ ਧੀ ਦੀ ਥਾਂ ਧਨ ਦਾ ਜ਼ਰ੍ਹੀਆ ਹੋਣ ਕਾਰਨ, ਉਸਦੇ ਵਿਆਹ ਨੂੰ ਟਾਲ ਕੇ ਛੋਟੀ ਭੈਣ ਸਾਵੀ ਨੂੰ ਵਿਆਹ ਦਿੱਤਾ ਜਾਂਦਾ ਹੈ ਪਰ ਵੱਡੀ ਭੈਣ ਦੇ ਬਰਾਬਰ ਦਾ ਦਾਜ ਨਾ ਮਿਲਣ ਤੇ ਸਾਵੀ ਦੇ ਸਹੁਰੇ ਕਲੇਸ਼ ਰਹਿਣ ਕਾਰਨ ਉਹ ਪੇਕੇ ਆ ਬੈਠਦੀ ਹੈ। ਭਾਬੀ ਨਾਲ ਨਾ ਬਣਦੀ ਹੋਣ ਕਾਰਨ ਸਾਵੀ, ਹਰਜੋਤ ਕੋਲ ਰਹਿਣ ਚਲੀ ਜਾਂਦੀ ਹੈ। ਇਸ ਲਈ ਹੁਣ ਉਸ ਲਈ ਦੂਜਾ ਵਰ ਲੱਭਣ ਦੀ ਜ਼ੁੰਮੇਵਾਰੀ ਵੀ ਹਰਜੋਤ ਦੀ ਹੋ ਜਾਂਦੀ ਹੈ। ਸਾਵੀ ਲਈ ਲੱਭਿਆ ਦੂਜਾ ਵਰ ਛੀਨਾ ਹਾਂ ਤਾਂ ਭਾਵੇਂ ਸਾਵੀ ਨੂੰ ਕਰਕੇ ਗਿਆ ਹੁੰਦਾ ਹੈ ਪਰ ਇਹ 'ਹਾਂ' ਉਸ ਨੇ ਹਰਜੋਤ ਦੀ ਖ਼ਾਤਰ ਕੀਤੀ ਹੁੰਦੀ ਹੈ। ਇਕ ਦਿਨ ਘਰ ਵਿਚ ਇਕੱਲੀ ਨੂੰ ਦੇਖ ਹਰਜੋਤ ਉੱਤੇ ਝਪਟੇ ਛੀਨੇ ਦਾ ਅਜਿਹਾ ਵਰਤਾਰਾ ਨਿਰੰਤਰ ਚੱਲਣ ਲੱਗ ਪੈਂਦਾ ਹੈ। ਛੀਨੇ ਦੁਆਰਾ ਵਾਰ-ਵਾਰ ਹੱਕ ਜਤਾਉਣ ਉੱਤੇ ਪਹਿਲਾਂ ਦਿਮਾਗ਼ੀ ਮਜ਼ਬੂਰੀ ਵੱਸ ਅਤੇ ਫਿਰ ਸਰੀਰਕ ਇੱਛਾ ਅਨੁਸਾਰ ਹਰਜੋਤ, ਉਸਦਾ ਕਿਹਾ ਮੰਨਣ ਲੱਗ ਪੈਂਦੀ ਹੈ ਕਿਉਂਕਿ ਹਰਜੋਤ ਨੂੰ ਅਜਿਹਾ ਨਾ ਕਰਨ ਦੀ ਸੂਰਤ ਵਿਚ ਛੀਨੇ ਦੁਆਰਾ ਸਾਵੀ ਨੂੰ ਛੱਡ ਦੇਣ ਦੀ ਧਮਕੀ ਦੇ ਦਿੱਤੀ ਜਾਂਦੀ ਹੈ।

"ਉਹ ਰਾਤ ਭਰ ਮੇਰੇ ਨਾਲ 'ਬਲਾਤਕਾਰ' ਕਰਦਾ ਰਿਹਾ। ਹਾਂ, ਬਲਾਤਕਾਰ ਹੀ ਤਾਂ ਸੀ ਪਰ ਜਿਸ ਬਾਰੇ ਮੈਂ ਮੂੰਹ ਨਾ ਖੋਲ੍ਹ ਸਕੀ। ਸਾਵੀ ਦਾ ਘਰ ਵਸਾਉਣ ਲਈ ਮੈਂ ਆਪਣੇ ਨਾਲ ਖਿਲਵਾੜ ਸਹਿੰਦੀ ਰਹੀ। ਜੇ ਉਸ ਇੱਕ ਰਾਤ ਦੀ ਹੀ ਗੱਲ ਹੁੰਦੀ, ਫਿਰ ਵੀ ਗੱਲ ਹੋਰ ਸੀ। ਪਰ

ਉਸ ਦਾ ਤਾਂ ਮੂੰਹ ਪੈ ਗਿਆ ਸੀ। ਕਦੀ ਹਫ਼ਤਾ ਦਸੀਂ ਦਿਨੀਂ ਤੇ ਕਦੀ ਮਹੀਨਾ, ਦੋ ਮਹੀਨੇ ਬਾਅਦ ਉਹ ਕੋਈ ਨਾ ਕੋਈ ਘੁਮਾਈ ਮਾਰ ਆ ਹੀ ਧਮਕਦਾ। ਤੇ ਫਿਰ ਮੈਂ ਉਸ ਦੇ ਹੱਥਾਂ 'ਚ ਖਿਡਾਉਣਾ ਹੁੰਦੀ। ਉਂਜ ਪਹਿਲੀਆਂ ਇਕ-ਦੋ ਵਾਰਾਂ ਤੋਂ ਪਿੱਛੋਂ, ਸ਼ਾਇਦ ਮੈਂ ਵੀ 'ਦੇਹ-ਸੁੱਖ' ਮਾਨਣ ਲੱਗ ਪਈ ਸਾਂ, ਭਾਵੇਂ ਅਣਚਾਹਿਆ ਹੀ ਸਹੀ।[4]

ਸਕੂਲ ਵਿਚ ਹੀ ਲੱਗੇ ਕਲਰਕ ਗੁਰਨਾਮ ਦੇ ਸੰਪਰਕ ਵਿਚ ਆਉਣ ਨਾਲ, ਹਰਜੋਤ ਦੇ ਮਨ ਵਿਚ ਵਿਆਹ ਦਾ ਸੁਪਨਾ ਅੰਗੜਾਈਆਂ ਲੈਣ ਲੱਗ ਪੈਂਦਾ ਹੈ ਅਤੇ ਪਹਿਲਤਾ ਕਰਨ ਉੱਤੇ ਦੋਵੇਂ ਰਿਸ਼ਤੇ ਵਿਚ ਬੱਝ ਜਾਂਦੇ ਹਨ ਪਰ ਮਾਪਿਆਂ ਨੂੰ ਸਮਰਪਿਤ ਹਰਜੋਤ ਆਪਣੀ ਗ੍ਰਹਿਸਥੀ ਵੱਸਣ ਤੋਂ ਬਾਅਦ ਵੀ ਪਤੀ ਨੂੰ ਸਮਰਪਿਤ ਨਹੀਂ ਹੋ ਪਾਉਂਦੀ। ਆਏ ਦਿਨ ਪੇਕਿਆਂ ਦੀ ਮਦਦ ਕਰਨ ਕਾਰਨ ਦੋਹਾਂ ਵਿਚ ਖਿਬੜਨ ਲੱਗ ਪੈਂਦੀ ਹੈ ਅਤੇ ਅੰਤ ਹਰਜੋਤ ਦੇ ਮੂੰਹੋਂ ਇਸ ਗੱਲ ਦਾ ਇਕਬਾਲ ਹੋ ਜਾਂਦਾ ਹੈ ਕਿ ਉਸ ਵਰਗੇ ਦੁਹਾਜੂ ਕਲਰਕ ਨਾਲ ਉਸਨੇ ਵਿਆਹ ਤਾਂ ਹੀ ਕਰਵਾਇਆ ਹੈ, ਤਾਂ ਜੋ ਉਹ ਆਪਣੇ ਪੇਕਿਆਂ ਦੀ ਵੀ ਸਾਰ ਲੈ ਸਕੇ। ਕਿਉਂਕਿ ਪਤੀ ਨਾਲੋਂ ਵੱਧ ਕਮਾਉਂਦੀ, ਉਹ ਉਹਨਾਂ ਪਤਨੀਆਂ ਵਿਚੋਂ ਨਹੀਂ ਸੀ, ਜਿਹੜੀਆਂ ਪਤੀ ਦੀ ਮਰਜ਼ੀ ਨੂੰ ਮਹੱਤਵ ਦਿੰਦੀਆ ਹੋਣ।

ਕਿਸੇ ਦੀ ਬਾਂਦੀ ਬਣ ਕੇ ਰਹਿਣ ਦੇ ਵਿਚਾਰ ਨੂੰ ਤਜਦੀ ਹੋਈ, ਵਿਆਹ ਸੰਸਥਾ ਤੋਂ ਮੁਨਕਰ ਹੋ, ਜਿਸਮਾਨੀ ਸੁੱਖ ਨੂੰ ਮਾਨਣ ਵਿਚ ਗਿਲਾਤਨ, ਕਹਾਣੀ 'ਅਚਾਨਕ ਸਾਹਮਣੇ' ਵਿਚਲੀ ਤਲਾਕਸ਼ੁਦਾ ਮੀਰਾ ਦਾ, ਇਕ ਵਿਆਹੇ ਬੰਦੇ ਨਾਲ ਰਿਸ਼ਤਾ ਹੈ। ਅਜਿਹੇ ਪਾਤਰਾਂ ਦੀ ਵਰਤਮਾਨ ਸਮੇਂ ਵਿਚ ਮਾਤਰਾ ਵੱਧ ਰਹੀ ਹੈ, ਜਿਹੜੇ ਦੋਸਤੀ ਦੇ ਰਿਸ਼ਤੇ ਨੂੰ ਜਿਸਮੀ ਰਿਸ਼ਤੇ ਵਿਚ ਬਦਲ ਕੇ, ਵਿਆਹ ਦੇ ਰਿਸ਼ਤੇ ਦਾ ਮਜ਼ਾਕ ਬਣਾ, ਇਸ ਨੂੰ ਮਹੱਤਵਹੀਣ ਕਰ ਰਹੇ ਹਨ। ਐਕਸਰੇ ਕਹਾਣੀ ਦੀ ਔਰਤ ਪਾਤਰ ਲੋਕ-ਨਜ਼ਰ ਵਿਚ ਪਤੀਬਰਤਾ ਅਖਵਾਉਣ ਵਾਲੀ, ਤਿੰਨ ਜਵਾਨ ਧੀਆਂ ਦੀ ਮਾਂ, ਸਭ ਸੁੱਖ ਸਹੂਲਤਾਂ ਨਾਲ ਸੰਪੰਨ ਹੁੰਦੀ ਹੋਈ ਵੀ, ਬਾਹਰੀ ਮਰਦ ਨੂੰ ਘਰ ਤੱਕ ਦਾਵਤ ਦਿੰਦੀ ਹੈ। ਜ਼ਿਹਨੀ ਅੱਯਾਸ਼ੀ ਦੀ ਗਰਿਫ਼ਤ ਵਿਚ ਆਈ, ਵਕਤੀ ਰੁਚੀਆਂ ਵਾਲੀ ਅਜਿਹੀ ਔਰਤ ਦੇ ਕਿਰਦਾਰ ਉੱਤੇ ਅਲਾਮਤੀ ਵਿਧੀ ਦਾ ਪ੍ਰਸ਼ਨ-ਚਿੰਨ੍ਹ ਹੀ ਲਗਾਇਆ ਜਾ ਸਕਦਾ ਹੈ, ਜਿੱਥੇ ਆ ਕੇ ਔਰਤ ਆਜ਼ਾਦੀ ਦਾ ਮਤਲਬ ਸ਼ੂਨਿਆ ਹੋ ਜਾਂਦਾ ਹੈ।

'ਘਰ' ਕਹਾਣੀ ਵਿਚਲੀ ਮੈਂ-ਪਾਤਰ, ਆਪਣੇ ਮਾਂ-ਬਾਪ ਦੇ ਆਪਸੀ ਰਿਸ਼ਤੇ ਦੀ ਕੁੜੱਤਣ ਕਾਰਨ, ਵਿਆਹ-ਪਰਿਵਾਰ ਵਰਗੀਆਂ ਸਮੀਕਰਨਾਂ ਦੀ ਹੋਂਦ ਤੋਂ ਭਰੋਸਾ ਗਵਾਅ ਦਿੰਦੀ ਹੈ ਜਿਸ ਕਾਰਨ ਘਰੋਂ ਬਾਹਰ ਰਹਿ ਕੇ ਨੌਕਰੀ ਕਰਦੀ ਸਿਮਰਨ ਦਿਨ-ਦਿਹਾਰ ਵੀ ਘਰ ਜਾਣ ਨੂੰ ਕਾਹਲੀ ਨਹੀਂ ਪੈਂਦੀ ਅਤੇ 'ਘਰ' ਸ਼ਬਦ ਤੋਂ ਟੁੱਟੀ ਉਹ ਕਿਰਾਏ ਦੇ ਮਕਾਨ ਨੂੰ ਹੀ ਆਪਣਾ ਘਰ ਸਮਝਦੀ ਹੋਈ ਵਿਆਹ ਕਰਵਾਉਣ ਤੋਂ ਤ੍ਰੇਹਦੀ ਹੈ। ਬੇਸ਼ੱਕ ਘਰ ਸਿਰਜਣ ਦੀ ਭੁੱਖ ਉਸ ਵਿਚੋਂ ਮਰ ਜਾਂਦੀ ਹੈ ਪਰ ਆਪਣੀ ਅੰਦਰਲੀ ਬੇਚੈਨ ਭੁੱਖ ਨੂੰ ਉਹ ਬਾਹਰੀ ਮਰਦਾਂ ਸੰਗ ਵਿਚਰ ਕੇ ਮਿਟਾਅ ਲੈਂਦੀ ਹੈ।

"ਅੱਜ ਤੱਕ ਇਧਰ ਉਧਰ ਦੇ ਬਹਾਨੇ ਲਾ ਕੇ ਟਾਲਦੀ ਆਈ ਹਾਂ, ਪਰ ਇਸ ਵਾਰ ਜਦੋਂ ਘਰ ਨਾ ਪਹੁੰਚੀ ਤਾਂ ਲੱਗਦਾ ਹੈ ਜ਼ਰੂਰ ਹੀ ਬਹੁਤ ਕੁਝ ਸਾਫ-ਸਾਫ ਕਹਿਣਾ ਪਵੇਗਾ ਕਿ 'ਮੇਰੇ ਮਨ' 'ਚ ਘਰ ਪਰਵਾਰ ਦਾ ਕੋਈ ਸੁਪਨਾ ਹੀ ਨਹੀਂ ਉਗਮਦਾ। ਮੇਰਾ ਵਿਆਹ ਕਰਵਾਉਣ ਨੂੰ

ਜੀ ਨਹੀਂ ਕਰਦਾ। ਇਹ ਨਹੀਂ ਕਿ ਸਰੀਰਕ ਭੁੱਖ ਨਹੀਂ ਜਾਗਦੀ ਉਹ ਤਾਂ ਸਗੋਂ ਮੈਨੂੰ ਕਈ ਵਾਰ ਬੁਰੀ ਤਰ੍ਹਾਂ ਤੋੜ ਦੇਂਦੀ ਹੈ... ਬੁਰੀ ਤਰ੍ਹਾਂ ਛਟਪਟਾਉਂਦੀ ਹਾਂ ਤੇ ਇਸ ਛਟਪਟਾਹਟ 'ਚ ਕਈ ਵਾਰ ਬਹੁਤ ਕੁਝ ਅਪ੍ਰਕ੍ਰਿਤਕ ਕਰ ਜਾਂਦੀ ਹਾਂ। ਕਈ ਵਾਰ ਉਸ ਨਾਲ ਬਾਹਰ ਵੀ ਰਾਤਾਂ ਗੁਜ਼ਾਰ ਆਈ ਹਾਂ... ਪਰ ਇਸ ਸਾਰੇ ਕੁਝ ਦੌਰਾਨ ਕਿਤੇ ਵੀ ਵਿਆਹ ਦਾ ਸੁਪਨਾ ਮੇਰੇ ਮਨ 'ਤੇ ਹਾਵੀ ਨਹੀਂ ਹੁੰਦਾ।[5]

ਕੁਲ ਮਿਲਾ ਕੇ ਕਿਹਾ ਜਾ ਸਕਦਾ ਹੈ ਕਿ ਚੇਤਨਾ ਪ੍ਰਵਾਹ ਜੁਗਤ ਰਾਹੀਂ, ਭੂਤ, ਵਰਤਮਾਨ ਤੇ ਭਵਿੱਖ ਨੂੰ ਇਕੋ ਸਮੇਂ ਸਿਰਜਦੀਆਂ ਹੋਈਆਂ ਪਰਵਾਨਾ ਦੀਆਂ ਸੰਬੰਧਿਤ ਕਹਾਣੀਆਂ ਵਿਚ ਆਰਥਿਕਤਾ ਤੋਂ ਅੱਗੇ, ਸਟੇਟਸ ਸਿੰਬਲ, ਮਨ ਦੀ ਮੌਜ, ਘਰ ਦੀ ਜ਼ੁੰਮੇਵਾਰੀ ਦੇ ਤਹਿਤ ਬਾਹਰੀ ਮਰਦ ਨਾਲ ਰਿਸ਼ਤਾ ਕਾਇਮ ਕਰਦੀ ਔਰਤ ਨੂੰ ਪੇਸ਼ ਕੀਤਾ ਗਿਆ ਹੈ। ਜਿੱਥੇ ਅਜਿਹਾ ਕਰਨਾ ਬੇਸ਼ੱਕ ਪਹਿਲਾਂ ਉਸਦੀ ਲਾਚਾਰੀ ਵੀ ਹੋ ਸਕਦੀ ਹੈ ਪਰ ਸਮਾਂ ਪਾ ਕੇ ਉਸਦੀ ਇੱਛਾ ਬਣ ਜਾਂਦੀ ਹੈ ਅਤੇ ਉਸਦੇ ਅਜਿਹੇ ਵਿਹਾਰ ਦਾ ਆਧਾਰ, ਉਸਦਾ ਆਰਥਿਕ ਪੱਖੋਂ ਵਧੇਰੇ ਮਜ਼ਬੂਤ ਹੋਣਾ ਹੈ ਜਿਸ ਦੇ ਖ਼ਮਿਆਜ਼ੇ ਵਜੋਂ ਪਤਨੀ ਦਾਬੇ ਅਧੀਨ ਆਏ ਪਤੀ ਨੂੰ ਮਾਨਸਿਕ ਤ੍ਰਾਸਦੀ ਭੋਗਣੀ ਪੈਂਦੀ ਹੈ। ਬਦਲਦੇ ਯਥਾਰਥ ਨੂੰ ਕਲਾਤਮਿਕਤਾ ਨਾਲ ਕਹਾਣੀ ਵਿਚ ਢਾਲਣਾ ਇਕ ਚੁਣੌਤੀ, ਇਕ ਵੰਗਾਰ ਹੈ। ਇੰਜ ਬਲਬੀਰ ਪਰਵਾਨਾ ਨੇ ਪਰੰਪਰਾ ਦੀ ਤੜਾਗੀਵਾਦ ਤੋਂ ਉਲਟ ਤਰਜ਼ੀਹਾਂ ਸਿਰਜਦਿਆਂ, ਮਰਦ ਨੂੰ ਬੇਬੱਸ ਅਤੇ ਔਰਤ ਨੂੰ ਮਨਮੌਜੀ ਮਿਜ਼ਾਜ ਦੀ ਦਿਖਾ ਕੇ, ਪਤੀ, ਪਤਨੀ ਅਤੇ ਬਾਹਰੀ ਔਰਤ ਦੀ ਥਾਂ, ਪਤੀ, ਪਤਨੀ ਅਤੇ ਬਾਹਰੀ ਮਰਦ ਦੀ ਤਿਕੋਣ ਸਿਰਜੀ ਹੈ।

## ਹਵਾਲੇ ਤੇ ਟਿੱਪਣੀਆਂ


1. ਰਜਨੀਸ਼ ਬਹਾਦਰ ਸਿੰਘ (ਸੰਪਾ.), ਬਲਬੀਰ ਪਰਵਾਨਾ ਦਾ ਸਿਰਜਣੀ ਵਰਤਾਰਾ, ਪੰਨਾ 95.
2. ਬਲਬੀਰ ਪਰਵਾਨਾ, ਆਪਣੇ ਆਪਣੇ ਜਜ਼ੀਰੇ, ਅਚਾਨਕ ਸਾਹਮਣੇ, ਪੰਨਾ 42.
3. ਰਜਨੀਸ਼ ਬਹਾਦਰ ਸਿੰਘ (ਸੰਪਾ.), ਬਲਬੀਰ ਪਰਵਾਨਾ ਦਾ ਸਿਰਜਣੀ ਵਰਤਾਰਾ, ਪੰਨਾ 157.
4. ਬਲਬੀਰ ਪਰਵਾਨਾ, ਹਵਾ ਦਾ ਆਪਣਾ ਫ਼ੈਸਲਾ, ਅਚਾਨਕ ਸਾਹਮਣੇ, ਪੰਨੇ 62-63.
5. ਬਲਬੀਰ ਪਰਵਾਨਾ, ਘਰ, ਅਚਾਨਕ ਸਾਹਮਣੇ, ਪੰਨੇ 97-98.



ਇਹ ਪੁਸਤਕ ਜਗਜੀਤ ਸਿੰਘ ਆਨੰਦ ਦੇ ਜੀਵਨ ਅਤੇ ਉਨ੍ਹਾਂ ਦੇ ਕੰਮਾਂ ਦਾ ਭਰਪੂਰ ਲੇਖਾ-ਜੋਖਾ ਹੈ। ਇਨ੍ਹਾਂ ਕੰਮਾਂ ਵਿਚ ਉਨ੍ਹਾਂ ਦਾ ਅਨੁਵਾਦ, ਸਾਹਿਤ ਸਿਰਜਣਾ ਅਤੇ ਪੱਤਰਕਾਰੀ ਸ਼ਾਮਲ ਹੈ। ਉਨ੍ਹਾਂ ਦੇ ਜੀਵਨ ਪਾਸਾਰਾਂ ਵਿਚ ਉਨ੍ਹਾਂ ਦੀ ਰਾਜਸੀ ਸੂਝ ਦੀਆਂ ਵੱਖੋ-ਵੱਖਰੀਆਂ ਪਰਤਾਂ ਬਾਰੇ ਜਾਣਕਾਰੀ ਇਸ ਦਸਤਾਵੇਜ਼ ਦੇ ਆਰ-ਪਾਰ ਫੈਲੀ ਹੋਈ ਹੈ।

**- ਪ੍ਰਕਾਸ਼ਕ**

ਲੰਮੇ ਪੈਂਡਿਆਂ ਦਾ ਪਾਂਧੀ: ਜਗਜੀਤ ਸਿੰਘ ਆਨੰਦ
ਸੰਪਾਦਕ: ਰਜਨੀਸ਼ ਬਹਾਦਰ ਸਿੰਘ
ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ
ਪੰਨੇ: 320 ਮੁੱਲ: 280/-

ਕਹਾਣੀ:

# ਊਧਮ ਸਿੰਘ ਦੀ ਜੱਸੀ

-ਮਨਮੋਹਨ ਬਾਵਾ

ਜੱਸੀ ਦੀ ਡੋਲੀ ਚੌਧਰੀ ਜਗੀਰ ਸਿੰਘ ਦੇ ਪਿੰਡ ਵੱਲ ਤੁਰ ਪਈ। ਕਈ ਦਿਨ ਤੱਕ ਮੀਂਹ ਵਰ੍ਹਦੇ ਰਹਿਣ ਕਾਰਨ ਰਸਤਾ ਬਹੁਤ ਖ਼ਰਾਬ, ਥਾਂ ਥਾਂ ਟੋਏ। ਜਦੋਂ ਬਰਾਤ ਸੰਤੋਖੇ ਨੂੰ ਲੈ ਕੇ ਤੁਰੀ ਸੀ ਤਾਂ ਗੱਡੇ ਰਸਤੇ 'ਚ ਹੀ ਖੜੇ ਕਰ ਦੇਣੇ ਪਏ ਸਨ। ਗੱਡੇ ਅਤੇ ਬਲਦ ਇਕ ਪਾਸੇ ਖੜੇ ਕਰਕੇ ਤਿੰਨ ਚਾਰ ਜਣੇ, ਸਮੇਤ ਸੰਤੋਖ ਲਾੜੇ ਦੇ ਘੋੜਿਆਂ ਉੱਤੇ, ਅਤੇ ਬਾਕੀ ਪੈਦਲ ਚੱਲ ਕੇ ਹੀ ਗਏ ਸਨ। ਸੰਤੋਖ ਸਿੰਘ ਉਰਫ ਸੰਤੋਖ ਉਰਫ਼ ਸੁੱਖੇ ਦੇ ਦੋਵੇਂ ਪਾਸੇ ਇਕ ਇਕ ਆਦਮੀ ਚੱਲ ਰਿਹਾ ਸੀ ਤਾਂ ਜੋ ਉਹ ਘੋੜੇ ਤੋਂ ਡਿੱਗਣ ਲੱਗੇ ਤਾਂ ਸੰਭਾਲ ਲੈਣ। ਕਮਾਦ ਦੇ ਖੇਤਾਂ 'ਚੋਂ ਲੰਘਦਾ ਰਸਤਾ ਕਦੇ ਚੌੜਾ ਕਦੇ ਸੌੜਾ ਹੋ ਜਾਂਦਾ। ਕਦੀ ਕਦੀ ਕਮਾਦ ਉਨ੍ਹਾਂ ਦੇ ਕੱਪੜਿਆਂ, ਪੱਗਾਂ ਨੂੰ ਛੋਹਣ ਲੱਗਦੀ। ਘੋੜੀ ਤੇ ਚੜ੍ਹਿਆ ਸੁੱਖਾ ਕਦੀ ਕਦੀ ਗਰਦਨ ਘੁਮਾ ਕੇ ਪਿੱਛੇ ਵਲ ਵੇਖ ਲੈਂਦਾ ਅਤੇ ਕਲਪਨਾ ਕਰਨ ਲਗਦਾ ਜਦੋਂ ਉਹ ਘਰ ਪਹੁੰਚ ਕੇ ਜੱਸੀ ਦਾ ਘੁੰਡ ਚੁੱਕੇਗਾ....।

ਡੋਲੀ 'ਚ ਬੈਠੀ ਜੱਸੀ ਦਾ ਸਾਹ ਘੁਟਿਆ ਜਾ ਰਿਹਾ ਸੀ। ਉਹ ਕਦੀ ਕਦੀ ਡੋਲੀ ਦਾ ਪਰਦਾ ਚੁੱਕ ਕੇ ਬਾਹਰ ਵੱਲ ਤੱਕ ਲੈਂਦੀ। ਚਾਰ ਕਹਾਰ ਡੋਲੀ ਨੂੰ ਚੁੱਕੀ ਆਪਣੀ ਮਸਤ ਚਾਲ ਚਲਦੇ ਜਾ ਰਹੇ ਸਨ। ਤਿੰਨ ਕਹਾਰ ਦਰਮਿਆਨੇ ਕੱਦ ਦੇ ਅਤੇ ਚੌਥਾ ਉਨ੍ਹਾਂ ਤੋਂ ਲੰਬਾ ਝੰਮਾ ਅਤੇ ਕੁਝ ਵੱਖਰੇ ਵਿਅਕਤੀਤਵ ਦਾ ਸੀ। ਜਦੋਂ ਕਦੀ ਉਹ ਥੱਕ ਜਾਂਦੇ ਤਾਂ ਸਾਹ ਲੈਣ ਜਾਂ ਪਾਣੀ ਪੀਣ ਲਈ ਰੁਕ ਜਾਂਦੇ। ਜੱਸੀ ਨੂੰ ਬਹੁਤ ਹੀ ਤੇਹ ਲੱਗੀ ਤਾਂ ਉਸ ਤੋਂ ਰਿਹਾ ਨਾ ਗਿਆ। ਉਸ ਨੇ ਪਰਦਾ ਚੁੱਕ ਕੇ ਕਹਾਰਾਂ ਵੱਲ ਤੱਕਦਿਆਂ ਆਖਿਆ, 'ਕਿਤੇ ਪਾਣੀ ਮਿਲੇਗਾ ?' ਉੱਚੇ ਲੰਮੇ ਕਹਾਰ ਨੇ ਆਪਣੇ ਲੱਕ ਨਾਲ ਲਮਕਦੀ ਅਲਮੂਨੀਅਮ ਦੀ ਬੋਤਲ ਜੱਸੀ ਦੇ ਹੱਥ ਫੜਾਉਂਦਿਆਂ ਆਖਿਆ, "ਲਓ ਪੀਓ।" ਜੱਸੀ ਨੇ ਪਾਣੀ ਪੀਤਾ। ਮੂੰਹ ਤੇ ਛਿੱਟੇ ਮਾਰੇ ਅਤੇ ਦੁਪੱਟੇ ਨਾਲ ਮੂੰਹ ਪੂੰਝ ਲਿਆ। ਬਰਾਤੀ ਅਤੇ ਘੋੜੇ ਤੇ ਬੈਠਾ ਸੁਖਾ ਕੁਝ ਅੱਗੇ ਲੰਘ ਗਏ ਸਨ।

ਆਪਣੇ ਵਿਆਹੇ ਜਾਣ ਤੋਂ ਪਹਿਲਾਂ ਜੱਸੀ ਨੇ ਸੁੱਖੇ ਬਾਰੇ ਜਾਣਨਾ ਚਾਹਿਆ ਸੀ। ਸੁੱਖੇ ਦੇ ਪਿੰਡ ਦੀਆਂ ਦੋ ਤੀਵੀਆਂ ਜਦ ਜੱਸੀ ਦੇ ਘਰ ਆਈਆਂ ਤਾਂ ਉਸ ਨੇ ਸੁੱਖੇ ਬਾਰੇ ਪੁੱਛਿਆ। 'ਸੋਹਣਾ, ਸੁਨੱਖਾ, ਬਸ ਜ਼ਰਾ ਲੰਗ ਮਾਰ ਕੇ ਚੱਲਦਾ। ਸੁਖ ਭੋਗੇਂਗੀ, ਮੌਜ ਕਰੇਂਗੀ। ਇੱਕੀ ਕਿਲੇ ਜ਼ਮੀਨ, ਦਸ ਪੰਦਰਾਂ ਗਾਵਾਂ ਮੱਝਾਂ। ਹੋਰ ਵੀ 'ਕਈ ਤਰ੍ਹਾਂ ਦੀ ਕਮਾਈ।'

ਚੌਧਰੀ ਜਗੀਰ ਸਿੰਘ ਦੇ ਘਰ ਪਹੁੰਚ ਕੇ ਕਹਾਰਾਂ ਨੇ ਡੋਲੀ ਭੁੰਜੇ ਰੱਖ ਕੇ ਪਾਣੀ ਪੀਤਾ। ਪੈਸੇ ਲੈ ਕੇ ਤਿੰਨ ਕਹਾਰ ਚਲੇ ਗਏ। ਚੌਥੇ-ਲੰਬੇ ਕਹਾਰ ਨੇ ਕੁਝ ਦੇਰ ਰੁਕੇ ਰਹਿਣ ਤੋਂ ਬਾਅਦ ਪੁੱਛਿਆ, "ਕੋਈ ਹੋਰ ਸੇਵਾ ?" ਕਿਹੜੇ ਪਿੰਡ ਦਾ ਰਹਿਣ ਵਾਲਾ ? ਪਹਿਲਾਂ ਨਹੀਂ ਵੇਖਿਆ ਕਦੇ ?" ਜਗੀਰ ਸਿੰਘ ਨੇ ਉਸ ਵੱਲ ਤੱਕਦਿਆ ਆਖਿਆ।

"ਨਵਾਂ ਆਇਆਂ ਇਸ ਪਾਸੇ। ਰੋਜ਼ਗਾਰ ਲੱਭਦਾ ਫਿਰਦਾਂ। ਮੇਰੇ ਲਾਇਕ ਕੋਈ ਕੰਮ ਹੋਵੇ ਤਾਂ ਦੱਸਨਾਂ।"ਉਸ ਨੇ ਵਿਚਾਰਾ ਜਿਹਾ ਬਣਦਿਆਂ ਆਖਿਆ।

"ਅੱਛਾ ਦੱਸਾਂਗਾ।"

ਸੁੱਖਾ ਕਮਰੇ ਦਾ ਬੂਹਾ ਖੋਲ੍ਹ ਕੇ ਅੰਦਰ ਆ ਗਿਆ। ਪਲੰਗ ਤੇ ਬੈਠੀ ਜੱਸੀ ਨੇ ਅੱਖ ਚੁੱਕ ਕੇ ਵੇਖਿਆ: ਕੁਝ ਲੰਗ ਮਾਰ ਕੇ ਚੱਲ ਰਿਹਾ ਸੀ। ਨੇੜੇ ਆਇਆ ਤਾਂ ਵੇਖਿਆ: ਚਿਹਰੇ ਤੇ ਮਾਤਾ ਦੇ ਮੋਟੇ ਮੋਟੇ ਦਾਗ਼, ਮੂੰਹ ਵਿੰਗਾ ਜਿਹਾ, ਗਰਦਨ ਤੇ ਫੋੜੇ ਜਹੇ। ਜੱਸੀ ਦੇ ਮਸਤਕ ਨੂੰ ਝਟਕਾ ਜਿਹਾ ਵੱਜਾ। 'ਇਹ ਕੀ ?' ਬਾਅਦ 'ਚ ਪਤਾ ਲੱਗਿਆ ਕਿ ਉਸ ਦੇ ਘਰ ਆਈਆਂ ਕੁੜੀਆਂ ਨੇ ਝੂਠ ਬੋਲਿਆ ਸੀ। ਉਹ ਜਗੀਰ ਸਿੰਘ ਦੀਆਂ ਹੀ ਭੇਜੀਆਂ ਹੋਈਆਂ ਸਨ।

'ਤਾਂ ਉਸ ਨੇ ਜੋ ਸੁੱਖੇ ਬਾਰੇ ਪਹਿਲਾਂ ਸੁਣਿਆ ਸੀ, ਉਹੀ ਸੱਚ ਸੀ ? ਕੀ ਮੈਂ ਇਸੇ ਦੀ ਹੱਕਦਾਰ ? ਕੀ ਇਸ ਤਰ੍ਹਾਂ ਦੇ ਮਰਦ ਦੀ ਕਲਪਨਾ ਕੀਤੀ ਸੀ ? ਹੇ ਵਾਹਗੁਰੂ ? ਮੇਰੇ ਨਾਲ ਇਹ ਕੀ ਵਾਪਰ ਗਿਆ ? ਨਹੀਂ ਨਹੀਂ, ਮੈਂ ਇਹ ਕੁਝ ਵਾਪਰਨ ਨਹੀਂ ਦੇਵਾਂਗੀ। ਹਾਰ ਨਹੀਂ ਮੰਨਾਂਗੀ। ਮਾਂ ਨੇ ਮਰਨ ਤੋਂ ਪਹਿਲਾਂ ਆਖਿਆ ਸੀ: ਵੇਖ ਧੀਏ, ਮੇਰੀ ਜ਼ਿੰਦਗੀ ਤਾਂ ਤੇਰੇ ਪਿਓ ਨੇ ਘਚੋਲ ਦਿੱਤੀ। ਤੂੰ ਨਾ ਹੋਣ ਦਈ ਇਹ ਕੁਝ। ਇਹ ਜਨਮ ਵਾਰ ਵਾਰ ਨਹੀਂ ਮਿਲਨਾ।" ਮਾਂ ਜਿੰਨੀ ਸੋਹਣੀ ਸੀ ਉਨੀ ਜ਼ਿੱਦੀ ਵੀ। ਜੱਸੀ ਆਪਣੀ ਮਾਂ ਤੋਂ ਦੋ ਕਦਮ ਅੱਗੇ ਹੀ ਸੀ।

ਹੁਣ ਸੁੱਖੇ ਨੂੰ ਲੰਗ ਮਾਰਦਿਆਂ ਅਤੇ 'ਹੀ ਹੀ' ਕਰਦਿਆਂ ਆਪਣੇ ਵੱਲ ਆਉਂਦਿਆਂ ਵੇਖਿਆ ਤਾਂ ਉਹ ਇਕ ਦਮ ਪਲੰਗ ਤੋਂ ਉਠ ਖੜੀ ਹੋਈ। ਇਧਰ ਉਧਰ ਤੱਕਿਆ। ਹੋਰ ਤਾਂ ਕੁਝ ਨਜ਼ਰ ਨਾ ਆਇਆ, ਇਕ ਪਾਸੇ ਕੈਂਚੀ ਪਈ ਦਿਸ ਗਈ। ਕੈਂਚੀ ਨੂੰ ਹੱਥ 'ਚ ਫੜਦਿਆਂ ਸੁੱਖੇ ਵੱਲ ਤੱਕਿਆ ਅਤੇ ਲਲਕਾਰ ਕੇ ਬੋਲੀ, "ਮੈਨੂੰ ਹੱਥ ਨਾ ਲਾਈਂ। ਨਹੀਂ ਤੇ ਜਾਂ ਤੇਰੇ ਸੀਨੇ 'ਚ ਜਾਂ ਆਪਣੇ ਸੀਨਾ 'ਚ!"

ਸੁੱਖਾ ਡਰ ਗਿਆ। ਪੈਰ ਰੁਕ ਗਏ। ਫੇਰ ਅੱਗੇ ਵੱਧ ਕੇ ਦੋ ਕੁ ਵਾਰੀ ਜੱਸੀ ਨੂੰ ਫੜਨ ਦਾ ਯਤਨ ਕੀਤਾ। ਪਰ ਅਸਫ਼ਲ ਰਿਹਾ। ਸਵੇਰ ਹੋਈ। ਬਾਪ ਜਾਂ ਆਪ ਹੀ ਸਮਝ ਗਿਆ ਜਾਂ ਪਤਾ ਲੱਗ ਗਿਆ। ਸੁੱਖੇ ਨੂੰ ਬੋਲਿਆ, "ਤੂੰ ਚਿੰਤਾ ਨਾ ਕਰ ਪੁੱਤਰਾ। ਹੌਲੀ ਹੌਲੀ ਸਭ ਠੀਕ ਹੋ ਜਾਵੇਗਾ। ਰਹਿਣਾ ਤਾਂ ਉਸ ਨੇ ਇਥੇ ਹੀ ਹੈ ਸਾਰੀ ਉਮਰ। ਚੋਧਰੀ ਜਗੀਰ ਸਿੰਘ ਦੀ ਬੀਵੀ ਨੂੰ ਵੀ ਮਰਿਆ ਛੇ ਸੱਤ ਸਾਲ ਬੀਤ ਚੁੱਕੇ ਸਨ। ਸੋਹਣੀ ਕੁੜੀ ਉਸ ਦੇ ਅਪਾਹਜ ਜਹੇ ਪੁੱਤਰ ਦੀ ਤੀਵੀਂ ਬਣ ਕੇ ਆਵੇਗੀ ਨਾ ਉਹ ਆਪ ਵੀ....!

ਆਪਣੇ ਕਮਰੇ 'ਚ ਪਲੰਗ ਤੇ ਉਦਾਸ ਬੈਠੀ ਜੱਸੀ ਕੋਲ ਜਾ ਕੇ ਜਗੀਰ ਸਿੰਘ ਬੋਲਿਆ, "ਚੱਲ ਉੱਠ, ਨਹਾ ਧੋ, ਆਪਣੇ ਇਸ ਘਰ ਨੂੰ ਆਪਣਾ ਸਮਝ ਅਤੇ ਸਾਂਭ। ਇਹ ਮੇਲ ਤੇ ਧੁਰੋਂ ਲਿਖੇ ਆਉਂਦੇ ਹਨ।"

ਜੱਸੀ ਸਿਰ ਨੀਵਾਂ ਕੀਤਿਆਂ ਸੁਣਦੀ ਜਾ ਰਹੀ ਸੀ।

"ਮੇਰੀ ਗੱਲ ਧਿਆਨ ਨਾਲ ਸੁਣ। ਤੂੰ ਕੀ ਸੋਚ ਰਹੀ ਹੋਵੇਂਗੀ ? ਮੈਂ ਸਮਝਦਾ ਹਾਂ। ਜ਼ਿੰਦਗੀ 'ਚੋਂ ਤੀਵੀਂ ਨੂੰ ਆਦਮੀ ਦੇ ਇਲਾਵਾ ਵੀ ਬਹੁਤ ਕੁਝ ਚਾਹੀਦਾ ਹੁੰਦਾ ਹੈ। ਜੋ ਕੁਝ ਤੈਨੂੰ ਆਪਣੇ ਬਾਪ ਦੇ ਘਰ ਨਹੀਂ ਮਿਲਿਆ, ਇਥੇ ਸਭ ਕੁਝ ਹੈ: ਪੰਦਰਾਂ ਵੀਹ ਗਾਈਆਂ ਮੱਝਾਂ---ਫਾਰਮ, ਇੱਕੀ ਕਿੱਲੇ ਜ਼ਮੀਨ, ਐਡੀ ਵੱਡੀ ਹਵੇਲੀ, ਨੌਕਰ ਚਾਕਰ...।" ਇਹ ਨਹੀਂ ਦੱਸਿਆ ਕਿ ਦੇਸੀ ਸ਼ਰਾਬ ਕੱਢ ਕੇ ਵੇਚਦੇ ਹਨ।

ਜੱਸੀ ਚੁੱਪ ਚਾਪ ਸੁਣਦੀ ਰਹੀ। ਦੋ ਦਿਨ ਗੁਜ਼ਰ ਗਏ। ਜੱਸੀ ਨੇ ਸੁੱਖੇ ਨੂੰ ਆਪਣੇ ਨੇੜੇ ਨਹੀਂ ਲੱਗਣ ਦਿੱਤਾ, ਉਸ ਦਾ ਕਮਰਾ ਹਵੇਲੀ ਦੀ ਉਪਰਲੀ ਮੰਜ਼ਲ 'ਤੇ ਸੀ। ਬਾਰੀ 'ਚ ਬੈਠਿਆਂ

ਕਦੀ ਕਦੀ ਬਾਹਰ ਤੱਕਣ ਲੱਗਦੀ–ਜ਼ਿਆਦਾਤਰ ਆਪਣੇ ਪੇਕੇ ਪਿੰਡ ਵੱਲ, ਜਿੱਥੇ ਇਕ ਮੰਜ਼ਲਾ ਮਕਾਨਾਂ ਵਿਚਕਾਰ ਦੋ ਤਿੰਨ ਮੰਜ਼ਲਾ ਮਕਾਨ ਵੀ ਦਿਸ ਰਹੇ ਸਨ। ਉਸ ਨੇ ਹਵੇਲੀ ਤੋਂ ਜ਼ਰਾ ਕੁ ਦੂਰ ਪਿੱਪਲ ਦੇ ਥੱਲੇ ਲੰਮੇ–ਉੱਚੇ ਕਹਾਰ ਨੂੰ ਵੀ ਬੈਠਿਆ ਵੇਖਿਆ। ਯਾਦ ਆਇਆ ਕਿ ਉਸ ਨੇ ਉਸ ਨੂੰ ਪਹਿਲਾ ਵੀ ਕਿਤੇ ਵੇਖਿਆ ਹੈ–ਉਸ ਦੇ ਘਰ ਦੁਆਲੇ ਚੱਕਰ ਲਾਉਂਦਿਆਂ, ਜਦੋਂ ਉਹ ਆਪਣੇ ਘਰ ਦੇ ਬਾਹਰ ਕਰਕੇ ਪਾਥੀਆਂ ਪੱਥਦੀ ਜਾ ਬੂਟਿਆਂ ਨੂੰ ਪਾਣੀ ਦੇ ਰਹੀ ਹੁੰਦੀ। ਜਦੋਂ ਦੋ ਦਿਨ ਪਹਿਲਾ ਪਾਲਕੀ 'ਚ ਬੈਠੀ ਨੂੰ ਪਾਣੀ ਪਲਾ ਰਿਹਾ ਸੀ, ਉਦੋਂ ਵੀ ਉਸ ਦੇ ਮਨ 'ਚ ਇਹ ਹਲਕਾ ਜਿਹਾ ਵਿਚਾਰ ਆਇਆ ਸੀ।

ਤੀਸਰੇ ਦਿਨ ਜੱਸੀ ਦਾ ਬਾਪ ਆ ਗਿਆ, ਰੀਤ ਅਨੁਸਾਰ ਘਰ 'ਚ ਫੇਰਾ ਪਵਾਉਣ ਲਈ, ਚਾਹੇ ਫੇਰਾ ਪਾਉਣ ਦੇ ਕੋਈ ਮਤਲਬ–ਮਾਅਨੇ ਨਹੀਂ ਸਨ ਰਹੇ।

"ਕਿਵੇਂ ਲੈ ਕੇ ਜਾਵੇਂਗਾ ?" ਜਗੀਰ ਸਿੰਘ ਨੇ ਉਸ ਤੋਂ ਪੁੱਛਿਆ। ਬਾਪ ਚੁੱਪ ਰਿਹਾ।

"ਮੇਰੀ ਘੋੜੀ ਤੇ ਬਹਾ ਕੇ ਲੈ ਜਾ।"

"ਘੋੜੀ ਵਾਪਸ ਕਿਵੇਂ….. ?"

"ਘਰ ਪਹੁੰਚ ਕੇ ਛੱਡ ਦੇਵੀਂ। ਆਪੇ ਆ ਜਾਵੇਗੀ ਵਾਪਸ।"

ਥੋੜੀ ਦੇਰ ਬਾਅਦ ਜੱਸੀ ਘੋੜੀ ਤੇ ਬੈਠ ਕੇ ਆਪਣੇ ਬਾਪ ਦੇ ਘਰ ਵੱਲ ਤੁਰ ਪਈ, ਜੋ ਹੁਣ ਉਸ ਦਾ ਘਰ ਨਹੀਂ ਸੀ ਰਿਹਾ। ਤੁਰਨ ਤੋਂ ਪਹਿਲਾਂ ਜਗੀਰ ਸਿੰਘ ਨੇ ਉਸ ਨੂੰ ਬੋਤਲ ਫੜਾ ਦਿੱਤੀ ਸੀ ਜੋ ਉਸ ਨੇ ਪੂਰੀ ਦੀ ਪੂਰੀ ਅੰਦਰ ਲੰਘਾ ਲਈ। ਚਾਰ ਪੰਜ ਬੋਤਲਾਂ ਝੋਲੇ 'ਚ ਪਾ ਕੇ ਫੜਾ ਦਿੱਤੀਆਂ। ਵਿਆਹ ਤੋਂ ਪਹਿਲਾਂ ਜੱਸੀ ਸੋਚਦੀ ਰਹੀ ਸੀ ਕਿ ਉਸ ਦੇ ਬਾਪ ਕੋਲ ਬੋਤਲਾਂ ਕਿਥੋਂ ਆਉਂਦੀਆਂ ਹਨ ? ਹੁਣ ਉਹ ਲੜਖੜਾ ਕੇ ਚੱਲ ਰਿਹਾ ਸੀ। ਦੋ ਕੁ ਵਾਰੀ ਡਿੱਗਿਆ ਵੀ। ਕੱਪੜੇ ਮਿੱਟੀ ਨਾਲ ਲਿੱਬੜ ਗਏ। ਜਦੋਂ ਉਹ ਪਿੰਡ ਤੋਂ ਕੁਝ ਦੂਰ ਨਿਕਲ ਗਏ ਤਾਂ ਜੱਸੀ ਨੇ ਘੋੜੀ ਤੋਂ ਉਤਰ ਕੇ ਬਾਪ ਨੂੰ ਘੋੜੀ ਉੱਪਰ ਬਠਾ ਦਿੱਤਾ। ਘੋੜੀ ਅੱਗੇ ਅੱਗੇ ਅਤੇ ਜੱਸੀ ਅੱਠ ਦਸ ਕਦਮ ਪਿੱਛੇ ਪਿੱਛੇ।

ਜਦੋਂ ਜੱਸੀ ਕਮਾਦ ਦੇ ਖੇਤਾਂ ਕੋਲੋਂ ਦੀ ਹੋ ਕੇ ਨਿਕਲ ਰਹੀ ਸੀ ਤਾਂ ਅਚਾਨਕ ਦੋ ਮਜ਼ਬੂਤ ਹੱਥਾਂ ਨੇ ਜੱਸੀ ਨੂੰ ਚੁੱਕ ਲਿਆ ਅਤੇ ਕਮਾਦ ਦੇ ਖੇਤ ਅੰਦਰ ਲੈ ਤੁਰੇ। ਜੱਸੀ ਨੇ ਪਹਿਲਾਂ ਅੱਧੇ ਕੁ ਮਨ ਨਾਲ ਆਪਣੇ ਆਪ ਨੂੰ ਛਡਾਉਣਾ ਚਾਹਿਆ। ਪਰ ਛੇਤੀਂ ਹੀ ਉਸ ਨੇ ਆਪਣੇ ਆਪ ਨੂੰ ਢਿੱਲਾ ਛੱਡ ਦਿੱਤਾ। ਵਿਚਕਾਰ ਜਾ ਕੇ ਜੱਸੀ ਨੂੰ ਛੱਡਣ ਤੋਂ ਪਹਿਲਾਂ ਉਸ ਨੇ ਆਪਣੀ ਦੋ ਕੁ ਫੁਟ ਲੰਬੀ ਤਲਵਾਰ ਨਾਲ ਕਮਾਦ ਦੇ ਕੁਝ ਬੂਟੇ ਕੱਟ ਕੇ ਜ਼ਮੀਨ ਨੂੰ ਸਾਫ਼–ਸੁਥਰਾ ਕੀਤਾ; ਆਪਣੇ ਦੁਆਲੇ ਵਲੀ ਲੋਈ ਥੱਲੇ ਵਛਾਈ ਅਤੇ ਜੱਸੀ ਨੂੰ ਉਸ ਉੱਤੇ ਲੰਮਿਆਂ ਪਾ ਦਿੱਤਾ।

ਜੱਸੀ ਨੇ ਉਸ ਘੜੀ ਪਹਿਲੀ ਵਾਰੀ ਆਪਣੇ ਜੀਵਨ ਦੇ ਰਹੱਸ ਨੂੰ ਪੂਰੀ ਤਰ੍ਹਾਂ ਅਨੁਭਵ ਕੀਤਾ। ਇਹ 'ਉਹੀ ਕਹਾਰ' ਸੀ ਪਾਣੀ ਦੇਣ ਵਾਲਾ। ਕਈ ਸਾਲ ਦੇ ਦੱਬੇ ਹੋਏ ਪਰਬਲ ਆਵੇਗ ਦਾ ਜਿਵੇਂ ਅਚਾਨਕ ਵਿਸਫੋਟ ਹੋ ਗਿਆ ਸੀ। ਕੁਝ ਦੇਰ ਬਾਅਦ ਜੱਸੀ ਆਪਣੇ ਕੱਪੜੇ ਸੰਭਾਲਦੀ ਹੋਈ ਬੇਸੁਰਤੀ ਜਹੀ 'ਚ ਬੈਠੀ ਰਹੀ। ਉਸ ਦੇ ਬੁੱਲਾਂ ਤੇ ਪੂਰਨ ਤ੍ਰਿਪਤੀ ਦੀ ਮੁਸਕਾਨ ਸੀ।

'ਹੁਣ ਮੈਂ ਜਾਵਾਂ ?" ਆਖ਼ਰ ਜੱਸੀ ਦੇ ਬੁੱਲਾਂ 'ਚੋਂ ਹੌਲੀ ਦੇਣੀ ਨਿਕਲਿਆ।

"ਹੁਣ ਤੂੰ ਜਾ। ਫੇਰ ਆ ਜਾਵੀਂ ਪਿੰਡ ਦੇ ਬਾਹਰ ਲੱਡੂ ਦੇ ਖੂਹ ਤੇ। ਉਸ ਦੇ ਕੋਠੇ 'ਚ ਰਾਤੀਂ

ਕੋਈ ਨਹੀਂ ਹੁੰਦਾ।"

"ਨਹੀਂ ਨਹੀਂ, ਮੈਂ ਨਹੀਂ ਆਵਾਂਗੀ।"

"ਤੂੰ ਜ਼ਰੂਰ ਆਵੇਂਗੀ। ਤੇਰਾ ਅੰਗ ਅੰਗ ਕਹਿ ਰਿਹਾ ਹੈ। ਮੇਰਾ ਮਨ ਕਹਿ ਰਿਹਾ ਹੈ।"

"ਪਰ...ਪਰ ਤੂੰ ਹੈ ਕੌਣ ?"

"ਮੈਂ ? ਸੁਣਿਆ ਹੋਵੇਗਾ ਮੇਰਾ ਨਾਮ। ਊਧਾ ਧਾੜਵੀ, ਊਧਮ ਸਿੰਘ।"

ਵਾਸਤਵਿਕਤਾ ਇਕ ਇਹ ਕਿ ਹੁਣ ਊਧਾ ਧਾੜਵੀ ਨੇ ਆਪਣੀ ਲੰਮੀ ਦਾਹੜੀ ਕਟਵਾਈ ਹੋਈ–ਐਵੇਂ ਥੋੜੇ ਥੋੜੇ ਵਾਲ ਵਾਹੜੀ ਦੇ। ਪੱਗ ਵੀ ਨਹੀਂ। ਸਿਰ ਦੇ ਵਾਲ ਪਟਿਆ ਵਾਂਗ ਮੋਢੇ ਤੇ ਲਮਕਦੇ ਹੋਏ।

ਅਗਲੇ ਦਿਨ ਜੱਸੀ ਅੱਧੀ ਰਾਤੀਂ ਉੱਠੀ। ਆਪਣੇ ਦੁਆਲੇ ਭੂਰੇ ਰੰਗ ਦੀ ਲੋਈ ਵੱਲ-- ਚੁੱਪ ਚਾਪ ਨਿਕਲ ਗਈ। ਊਧਮ ਲੱਡੂ ਦੇ ਕਮਰੇ ਦੇ ਬਾਹਰ ਖੜਾ ਬੇਸਬਰੀ ਨਾਲ ਉਡੀਕ ਕਰ ਰਿਹਾ ਸੀ। ਉਸ ਨੇ ਪਹਿਲੇ ਦਿਨ ਦੀ ਤਰ੍ਹਾਂ ਜੱਸੀ ਨੂੰ ਆਪਣੀ ਮਜ਼ਬੂਤ ਬਾਹਾਂ 'ਚ ਚੁੱਕ ਲਿਆ। ਜੱਸੀ ਦੀ ਰੂਹ ਜਿਵੇਂ ਉੱਡਾਰੀਆਂ ਮਾਰਨ ਲੱਗੀ। ਕਮਾਦ ਦੇ ਖੇਤ 'ਚ ਹਲਕੀ ਹਲਕੀ ਹਵਾ ਚੱਲਦਿਆਂ ਸਰ ਸਰ ਦੀ ਆਵਾਜ਼ ਪੈਦਾ ਕਰ ਰਹੀ ਸੀ। ਤਾਰਿਆਂ ਨਾਲ ਭਰਿਆ ਆਕਾਸ਼ ਚੰਦ 'ਚ ਨਿਕਲਣ ਦੀ ਉਡੀਕ ਕਰ ਰਿਹਾ ਸੀ। ਜੱਸੀ ਦੇ ਅੰਤਰਮਨ ਦੀਆਂ ਤੈਹਾਂ 'ਚ ਸਤਾਰਾਂ/ ਅੱਠਾਰਾਂ ਸਾਲ ਦਾ ਡੱਕਿਆ ਆਵੇਗ ਕਿਸੇ ਨਦੀ ਦੇ ਹੜ੍ਹ ਦੀਆਂ ਲਹਿਰਾਂ ਵਾਂਗ ਬੇਤਾਬ, ਉਬਾਲੇ ਮਾਰ ਰਿਹਾ ਸੀ। ਜੱਸੀ ਸੰਜਮ ਰਹਿਤ ਆਵੇਗ ਨਾਲ ਕੰਬ ਰਹੀ ਸੀ, ਜਿਵੇਂ ਉਸ ਦੇ ਅੰਦਰ ਬੈਠਾ ਫਨੀਅਰ ਸੱਪ ਫੁੰਕਾਰੇ ਮਾਰ ਰਿਹਾ ਹੋਵੇ।

ਤੀਸਰੀ ਰਾਤ ਜਦ ਜੱਸੀ ਲੱਡੂ ਦੇ ਕੋਠੇ ਤੇ ਪਹੁੰਚੀ ਤਾਂ ਊਧਮ ਸਿੰਘ ਨੇ ਆਖਿਆ, "ਤੂੰ ਜ਼ਰਾ ਇਥੇ ਬੈਠ। ਮੈਂ ਬਸ ਥੋੜੀ ਦੇਰ 'ਚ ਆਇਆ।"

ਇਸ ਤੋਂ ਪਹਿਲਾਂ ਕਿ ਉਹ ਕੁਝ ਕਿੰਤੂ ਪ੍ਰੰਤੂ ਕਰਦੀ, ਊਧਮ ਸਿੰਘ ਕਾਲੇ ਕੰਬਲ ਦੀ ਬੁੱਕਲ ਮਾਰ ਕੇ ਨਿਕਲਿਆ ਅਤੇ ਹਨੇਰੇ 'ਚ ਲੋਪ ਹੋ ਗਿਆ। ਧੜਕਦੇ ਦਿਲ ਨਾਲ ਜੱਸੀ ਹਨੇਰੇ ਕਮਰੇ 'ਚ ਬੈਠੀ ਬੇਸਬਰੀ ਨਾਲ ਉਡੀਕ ਕਰਦੀ ਰਹੀ। ਕਾਫੀ ਦੇਰ ਬਾਅਦ ਜਦ ਊਧਮ ਸਿੰਘ ਪਰਤਿਆ ਤਾਂ ਜੱਸੀ ਉਸ ਨਾਲ ਚਿੰਬੜ ਗਈ। ਪਰ ਊਧਮ ਸਿੰਘ ਨੇ ਪਹਿਲੀਆਂ ਦੋ ਰਾਤਾਂ ਵਰਗਾ ਵਿਓਹਾਰ ਨਹੀਂ ਕੀਤਾ। ਉਸ ਦੇ ਸਾਰਾ ਵਜੂਦ ਪਿਆਰ ਦੀ ਬਜਾਏ ਹਿੰਸਾ ਅਤੇ ਤਨਾਅ ਦਾ ਪ੍ਰਗਟਾ ਕਰ ਰਿਹਾ ਸੀ। ਜੱਸੀ ਵੀ ਸਹਿਮ ਗਈ ਅਤੇ ਬੋਲੀ, "ਚੰਗਾ, ਮੈਂ ਚੱਲਦੀ ਹਾਂ।"

ਕੁਝ ਦੇਰ ਬਾਅਦ ਜਦ ਉਹ ਚੌਧਰੀ ਜਗੀਰ ਸਿੰਘ, ਭਾਵ ਆਪਣੇ ਘਰ ਪਹੁੰਚੀ ਤਾਂ ਪਿਓ-ਪੁੱਤ ਦੀਆਂ ਲਾਸ਼ਾਂ ਪਈਆਂ ਸਨ।

ਰੀਤ-ਰਵਾਜ ਮੁਤਾਬਿਕ ਹੁਣ ਜੱਸੀ ਇਸ ਘਰ ਦੀ ਮਾਲਕ ਸੀ-ਡੇਅਰੀ ਫਾਰਮ, ਜ਼ਮੀਨ, ਤਿੰਨ ਘੋੜੇ ਘੋੜੀਆਂ। ਦੋ ਤਿੰਨ ਦਿਨ ਬੇਸੁਰਤੀ ਜਹੀ 'ਚ ਰਹਿਣ ਅਤੇ ਜਾ ਸੰਸਕਾਰ ਦੇ ਕੰਮ ਨਿਭਾਉਣ ਤੋਂ ਬਾਅਦ ਉਸ ਨੇ ਘਰ ਦੇ ਸਾਰੇ ਨੌਕਰਾਂ ਚਾਕਰਾਂ ਨੂੰ ਬੁਲਾਇਆ। ਉਨ੍ਹਾਂ 'ਚ ਸੱਠ ਕੁ ਸਾਲ ਦੀ ਉਮਰ ਦਾ ਨੌਕਰਾਂ ਦਾ ਮੁਖੀ ਵੀ ਸੀ।

ਜਦੋਂ ਕਿਸੇ ਉੱਪਰ ਜ਼ੁੰਮੇਵਾਰੀਆਂ ਪੈ ਜਾਣ ਤਾਂ ਅਕਲ ਵੀ ਕੰਮ ਕਰਨ ਲੱਗਦੀ ਹੈ। ਜੱਸੀ ਨੇ ਨੌਕਰਾਂ ਦੇ ਮੁਖੀ ਗੁਰਨਾਮ ਸਿੰਘ ਦੇ ਹੱਥ ਚਾਬੀਆਂ ਦਾ ਗੁੱਛਾ ਫੜਾਉਂਦੀਆਂ ਆਖਿਆ,

"ਇਹ ਤੁਹਾਡੇ ਕੋਲ ਹੀ ਰਹਿਣਗੀਆਂ। ਬਾਕੀਆਂ ਨੂੰ ਵੀ ਆਖਿਆ ਕਿ ਹੁਣ ਤੁਸਾਂ ਮਿਲ ਕੇ ਹੀ ਇਸ ਘਰ ਦਾ ਕੰਮ ਚਲਾਉਣਾ ਹੈ, ਪਹਿਲਾਂ ਤੋਂ ਵੀ ਜ਼ਿਆਦਾ ਮੁਸਤੈਦੀ ਨਾਲ", ਇਸੇ ਤਰ੍ਹਾਂ ਦਾ ਇਕ ਛੋਟਾ ਜਿਹਾ ਭਾਸ਼ਣ ਵੀ ਦੇ ਦਿੱਤਾ।

ਇਸ ਤੋਂ ਬਾਅਦ ਉਸ ਨੇ ਵੇਖਿਆ ਕਿ ਬਹੁਤ ਵਰ੍ਹਿਆਂ ਤੋਂ ਘਰ 'ਚ ਕਿਸੇ ਤੀਵੀਂ ਦਾ ਨਾ ਹੋਣ ਕਰਕੇ ਹਵੇਲੀ ਦੇ ਹਰ ਕਮਰੇ 'ਚ ਬੇਤਰਤੀਬੀ ਨਾਲ ਖਿਲਾਰਾ ਪਿਆ ਹੋਇਆ ਸੀ। ਗੰਦਗੀ ਦੀ ਵੀ ਘਾਟ ਨਹੀਂ ਸੀ। ਉਸ ਨੇ ਘਰ ਦੇ ਸਾਰੇ ਬਿਸਤਰੇ ਕੱਢ ਕੇ ਅੱਗ ਲਾ ਦਿੱਤੀ। ਕੱਪੜੇ ਨੌਕਰਾਂ 'ਚ ਵੰਡ ਦਿੱਤੇ। ਪੱਕੇ ਫਰਸ਼ ਨੂੰ ਵਾਰ ਵਾਰ ਧੋਇਆ। ਕੱਚੇ ਫਰਸ਼ ਅਤੇ ਵਿਹੜੇ ਨੂੰ ਲਿੱਪਿਆ। ਸਾਰੇ ਕਮਰਿਆਂ 'ਚ ਧੂਫ਼ ਜਗਾਈ। ਪਿਓ-ਪੁੱਤ ਦੀ ਕੋਈ ਨਿਸ਼ਾਨੀ ਘਰ 'ਚ ਨਹੀਂ ਰਹਿਣ ਦਿੱਤੀ।

ਕੁਝ ਦਿਨ ਬਾਅਦ ਉਸ ਦਾ ਬਾਪ ਆ ਗਿਆ। ਜੱਸੀ ਨੇ ਨਾ ਉਸ ਨਾਲ ਕੋਈ ਗੱਲ ਕੀਤੀ, ਨਾ ਘਰ ਦੇ ਅੰਦਰ ਵੜਨ ਦਿੱਤਾ। ਸਿਰਫ਼ ਐਨਾ ਹੀ ਆਖਿਆ। "ਤੂੰ ਤਾਂ ਵੇਚ ਦਿੱਤਾ ਸੀ ਮੈਨੂੰ, ਹੁਣ ਕਦੀ ਇਸ ਘਰ 'ਚ ਨਾ ਆਈਂ।"

"ਮੈਂ ਤੇਰਾ ਬਾਪ ਹਾਂ।"

"ਤੂੰ ਮੈਨੂੰ ਬੋਤਲਾਂ ਅਤੇ ਕੁਝ ਨੋਟਾਂ ਖਾਤਰ ਵੇਚਿਆ ਸੀ। ਇਹ ਤੈਨੂੰ ਮਿਲਦੇ ਰਹਿਣਗੇ। ਬਸ ਹੁਣ ਨੱਸ ਜਾ ਇਥੋਂ, ਨਹੀਂ ਤੇ......।" ਕਹਿ ਕੇ ਜੱਸੀ ਮੁੜੀ ਅਤੇ ਹਵੇਲੀ ਦੇ ਅੰਦਰ ਵੱਲ ਤੁਰ ਪਈ। ਬਾਪ ਉਸ ਦੇ ਪਿੱਛੇ ਜਾਣ ਲੱਗਾ ਤਾਂ 'ਗੁਰਨਾਮ ਸਿੰਘ' ਨੇ ਉਸ ਨੂੰ ਰੋਕ ਦਿੱਤਾ।

ਕੁਝ ਦਿਨ ਬਾਅਦ ਊਧਾ ਧਾੜਵੀ ਆਇਆ ਅਤੇ ਜੱਸੀ ਤੇ ਗੁਰਨਾਮ ਸਿੰਘ ਨੂੰ ਹਵੇਲੀ ਦੇ ਬਾਹਰ ਖੜਾ ਵੇਖ ਕੇ ਆਖਿਆ!

"ਮੈਨੂੰ ਕੁਝ ਕੰਮ ਮਿਲੇਗਾ?

ਜੱਸੀ ਨੇ ਨਾ ਉਸ ਨਾਲ ਅੱਖਾਂ ਮਿਲਾਈਆਂ, ਨਾ ਕੋਈ ਗੱਲ ਕੀਤੀ। ਗੁਰਨਾਮ ਸਿੰਘ ਨੂੰ ਬਸ ਐਨਾ ਹੀ ਆਖਿਆ, "ਇਸ ਨੂੰ ਕਿਸੇ ਕੰਮ ਤੇ ਲਾ ਦੇਵੋਂ।"

"ਮੈਂ...ਮੈਂ...ਤੂੰ...ਤੁਸੀਂ ਮੈਨੂੰ ਪਛਾਣਿਆਂ ਨਹੀਂ?"

ਜੱਸੀ ਚੁੱਪ ਰਹੀ ਅਤੇ ਮੁੜ ਕੇ ਆਪਣੀ ਹਵੇਲੀ ਦੇ ਅੰਦਰ ਚਲੀ ਗਈ।

ਕੋਈ ਗੱਲ ਨਹੀਂ: ਊਧੇ ਨੇ ਮਨ ਹੀ ਮਨ ਆਖਿਆ। ਮੈਂ ਵੀ ਇਥੇ ਅਤੇ ਤੂੰ ਵੀ ਇਥੇ। ਦਸ ਪੰਦਰਾਂ ਦਿਨ ਬੀਤ ਗਏ।

ਇਕ ਦਿਨ ਊਧਮ ਸਿੰਘ ਤੋਂ ਰਿਹਾ ਨਹੀਂ ਲਿਆ। ਜੱਸੀ ਦੀ ਬਾਂਹ ਫੜ ਕੇ ਬੋਲਿਆ, "ਬਹੁਤ ਹੋ ਗਿਆ, ਜੇ ਬਾਂਹ ਛੜਾਵੇਂਗੀ ਤਾਂ ਮੈਂ ਚੱਲਿਆ।" ਜੱਸੀ ਵੀ ਜਿਵੇਂ ਇਸ ਅਵਸਰ ਦੀ ਉਡੀਕ ਕਰ ਰਹੀ ਸੀ, ਉਡੀਕ ਇਸ ਕਰਕੇ ਵੀ ਕਿ ਉਸ ਦੇ ਪੇਟ 'ਚ ਊਧਮ ਸਿੰਘ ਦਾ ਬੱਚਾ ਪਲ ਰਿਹਾ ਸੀ। ਜੱਸੀ ਨੇ ਆਪਣੀ ਬਾਂਹ ਨਹੀਂ ਖਿੱਚੀ। ਬਲਕਿ ਉਸ ਨੂੰ ਆਪਣੀ ਹਵੇਲੀ ਅੰਦਰ ਲੈ ਗਈ।

ਚਾਰ ਪੰਜ ਦਿਨ ਬਾਅਦ ਗੁਰਦੁਵਾਰੇ ਜਾ ਕੇ ਉਨ੍ਹਾਂ ਦੇ ਲਾਵਾਂ ਫੇਰੇ ਹੋ ਗਏ।

———

ਜੱਸੀ ਨੇ ਇਸ ਤੋਂ ਪਹਿਲਾਂ ਹੀ ਆਪਣੇ ਖੇਤਾਂ ਦੇ ਵਿਚਕਾਰ ਵਾਲੇ ਡੇਅਰੀ ਫਾਰਮ 'ਚ ਸੁਧਾਰ ਕਰ ਦਿੱਤਾ ਹੋਇਆ ਸੀ। ਊਧਮ ਸਿੰਘ ਨੇ ਡਾਇਰੀ ਫਾਰਮ ਦੀ ਕੱਚੀ ਥਾਵੇਂ ਇੱਟਾਂ ਦਾ

ਫਰਸ਼ ਲਵਾਇਆ, ਗਾਵਾਂ ਮੱਝਾਂ ਨੂੰ ਹਰ ਰੋਜ਼ ਨਵਾਉਣਾ ,ਫਰਸ਼ ਨੂੰ ਰੋਜ਼ ਧਵਾਉਣਾ। ਇਹ ਵੀ ਸਮਝਾਇਆ ਕਿ ਦੁੱਧ 'ਚ ਪਾਣੀ ਦਾ ਇਕ ਤੁਬਕਾ ਵੀ ਨਾ ਪਾਇਆ ਜਾਵੇਂ। ਡੇਅਰੀ ਫਾਰਮ ਦੇ ਕੰਮ ਲਈ ਦੋ ਆਦਮੀ ਹੋਰ ਰੱਖ ਲਏ। ਗੁਰਨਾਮ ਸਿੰਘ ਨਾਲ ਵੀ ਬਣਾ ਕੇ ਰੱਖੀਂ। ਉਹ ਵੀ ਸਮਝਦਾ ਸੀ ਕਿ ਹੁਣ ਊਧਮ ਸਿੰਘ ਹੀ ਮਾਲਕ ਹੈ। ਆਲੇ ਦੁਆਲੇ ਦੇ ਹਲਵਾਈਆਂ ਅਤੇ ਘਰਾਂ 'ਚ ਮਸ਼ਹੂਰੀ ਹੋ ਗਈ। ਕੰਮ ਖ਼ੂਬ ਵੱਧ ਗਿਆ।

———

ਚਾਰ ਪੰਜ ਵਰ੍ਹੇ ਬੀਤ ਗਏ। ਇਕ ਪੁੱਤਰ ਵੀ ਹੋ ਗਿਆ ਸੀ। ਕਦੀ ਕਦੀ ਊਧਮ ਸਿੰਘ ਉਰਫ਼ ਊਧੇ ਦੇ ਪੁਰਾਣੇ ਬੇਲੀ ਆ ਕੇ ਕਹਿੰਦੇ ਥੋਡੇ ਬਿਨਾਂ ਕੰਮ ਨਹੀਂ ਚਲਣਾ। ਉਹ ਟੋਲੀ ਨਾਲ ਮਿਲ ਕੇ ਕਦੀ ਕਦੀ ਡਾਕੇ ਵੀ ਮਾਰ ਆਉਂਦਾ। ਜ਼ਿਆਦਾਤਰ ਠੇਕੇਦਾਰਾਂ, ਐਮ.ਐਲ.ਏ ਅਤੇ ਦਲਾਲ ਕਿਸਮ ਦੇ ਆਦਮੀਆਂ ਦੇ ਘਰ 'ਚ ਉਹ ਚੰਗੀ ਤਰ੍ਹਾਂ ਜਾਣਦੇ ਸਨ ਕਿ ਇਹ ਲੋਕ ਆਪਣਾ ਕਾਲਾ ਧਨ ਕਿੱਥੇ ਕਿੱਥੇ ਲੁਕਾ ਕੇ ਰੱਖਦੇ ਹਨ। ਇਕ ਐਮ.ਐਲ.ਏ. ਦੇ ਘਰੋ ਤਾਂ ਮੱਝਾਂ ਦੀ ਖ਼ੁਰਲੀ 'ਚ ਲੁਕਾਏ ਹੋਏ, ਇਕ ਲੁਕਵੀ ਥਾਂ ਬਣਾ ਕੇ ਰੱਖੇ ਸਨ। ਇਕ ਨੇ ਗੁਰੂ ਗਰੰਥ ਸਾਹਿਬ ਦੀ ਬੀੜ ਦੇ ਥੱਲੇ। ਜਦੋਂ ਕਦੀ ਜੱਸੀ ਇਸ ਸੰਦਰਭ 'ਚ ਕੁਝ ਕਹਿੰਦੀ ਤਾਂ ਜਵਾਬ ਦੇਂਦਿਆਂ ਕਹਿੰਦਾ: "ਮੈਂ ਮੋਟੇ ਦਿਮਾਗ ਦਾ ਆਦਮੀ ਹਾਂ। ਐਨਾ ਕੁ ਸਮਝ ਸਕਿਆ ਹਾਂ ਕਿ ਬਹੁਤੇ ਅਮੀਰ ਆਦਮੀਆਂ ਦੀ ਕਮਾਈ ਹਲਾਲ ਦੀ ਨਹੀਂ ਹੁੰਦੀ-ਹਰਾਮ ਦੀ ਹੁੰਦੀ ਹੈ। ਲੁਟੇਰਿਆਂ ਨੂੰ ਲੁੱਟਣਾ ਕੋਈ ਗ਼ਲਤ ਕੰਮ ਨਹੀਂ।" ਉਸ ਦਾ ਮੰਨਣਾ ਸੀ ਕਿ ਆਦਮੀ ਨੂੰ ਆਪਣੀਆਂ ਲੋੜਾ ਅਨੁਸਾਰ ਮਿਲਦਾ ਰਹੇ, ਉਹੀ ਕਾਫ਼ੀ, ਥੋੜਾ ਬਹੁਤ ਉੱਪਰਲੀਆਂ ਖਰਚਾ ਲਈ। ਬਾਕੀ ਸਭ ਫ਼ਜ਼ੂਲ। ਡਾਕਿਆਂ ਵਾਲੇ ਆਪਣੇ ਹਿੱਸੇ ਦੇ ਪੈਸੇ 'ਚੋਂ ਬਾਕਾਇਦਾ, ਉਸ ਚੋਂ ਦਸਵੰਟ ਕੱਢਣ ਅਤੇ ਕੁਝ ਕਾਮਿਆਂ, ਗਰੀਬਾਂ 'ਚ ਵੰਡ ਦੇਂਦਾ ਸੀ।

ਜੱਸੀ ਸਮਝ ਗਈ ਸੀ ਕਿ ਉਹ ਚਾਰ ਪੰਜ ਦਿਨਾਂ ਲਈ ਘਰੋਂ ਗ਼ੈਰ-ਹਾਜ਼ਰ ਰਹਿ ਕੇ ਕੀ ਕਰਨ ਜਾਂਦਾ ਹੈ। ਪਰ ਚੁੱਪ ਹੀ ਰਹਿੰਦੀ, ਸਵਾਏ ਇਹ ਕਹਿਣ ਦੇ ਕਿ ਆਪਣਾ ਖ਼ਿਆਲ ਰੱਖਣਾ। ਜੱਸੀ ਲਈ ਉਹ ਇਕ ਦਲੇਰ, ਪੂਰਨ ਮਨੁੱਖ ਅਤੇ ਉਸ ਦਾ ਪ੍ਰੇਮੀ ਸੀ। ਪ੍ਰੇਮੀ ਹੀ ਨਹੀਂ ਬਲਕਿ ਉਸ ਨੂੰ ਭਾਵੀ ਨਰਕ ਤੋਂ ਨਿਜ਼ਾਤ ਦਵਾਉਣ ਵਾਲਾ। ਜੇ ਉਹ ਨਾ ਆਉਂਦਾ, ਉਸ ਦੇ ਜੀਵਨ 'ਚ ਉਸ ਕੀ ਦਸ਼ਾ ਹੁੰਦੀ ? ਇਹ ਸੋਚਦਿਆਂ ਹੀ ਕੰਬ ਉੱਠਦੀ।

ਇਸ ਵਿਚਕਾਰ ਜਦੋਂ ਇਕ ਰਾਤ ਉਹ ਕਿਤੇ ਡਾਕਾਂ ਮਾਰਨ ਦੀ ਵਿਓਂਤ ਲਈ ਆਪਣੇ ਪੁਰਾਣੇ ਸਾਥੀਆਂ ਵੱਲ ਜਾ ਰਿਹਾ ਸੀ ਤਾਂ ਇਕ ਪਿੰਡ 'ਚ ਭੀੜ ਜਹੀ ਵੇਖ ਕੇ ਰੁਕ ਗਿਆ। ਵੇਖਿਆ ਕਿ ਇਕ ਕੰਮ ਚਲਾਊ ਸਟੇਜ ਉੱਤੇ ਕੁਝ ਮੁੰਡੇ ਨਾਟਕ ਖੇਡ ਰਹੇ ਹਨ। ਨਾਟਕ ਉਸ ਨੂੰ ਚੰਗਾ ਲੱਗਾ, ਨਾਟਕ ਖ਼ਤਮ ਹੋਣ ਤੇ ਜਦੋਂ ਨਾਟਕ ਖੇਡਣ ਵਾਲਿਆਂ 'ਚੋਂ ਇਕ ਪਾਤਰ ਆਪਣੀ ਝੋਲੀ ਫੈਲਾ ਕੇ ਚੰਦਾ ਇਕੱਠਾ ਕਰਦਿਆਂ ਉਸ ਦੇ ਕੋਲ ਆਇਆ ਤਾਂ ਉਸ ਦੇ ਬੋਝੇ 'ਚ ਜਿੰਨੇ ਵੀ ਨੋਟ ਸਨ, ਸਾਰੇ ਉਸ ਦੇ ਝੋਲੇ 'ਚ ਪਾ ਦਿੱਤੇ।

ਉਨ੍ਹੀ ਦਿਨੀ ਹੀ ਜੱਸੀ ਦਾ ਪਿਓ ਦਾ ਦਿਹਾਂਤ ਹੋ ਗਿਆ। ਚਾਹੇ ਜੱਸੀ ਨੇ ਆਪਣੇ ਬਾਪ ਦੇ ਘਰ ਨਾ ਜਾਣ ਦੀ ਸੌਂਹ ਖਾਦੀ ਹੋਈ ਸੀ, ਪਰ ਫੇਰ ਵੀ ਉਹ ਪਿਓ ਸੀ। ਅੰਤਿਮ ਸੰਸਕਾਰ ਲਈ ਤਾਂ ਜਾਣਾ ਹੀ ਸੀ। ਤੇਰਾਂ ਦਿਨ ਉਥੇ ਹੀ ਰਹੀ। ਹਰ ਕਮਰੇ 'ਚ ਸ਼ਰਾਬ ਦੀਆਂ ਖਾਲੀ ਬੋਤਲਾਂ/

ਗੰਦਗੀ ਹੀ ਗੰਦਗੀ, ਸਫ਼ਾਈ ਕਰਾ ਕੇ ਇਥੇ ਵੀ ਸਾਰੇ ਕੱਪੜਿਆਂ, ਬਿਸਤਰਿਆਂ ਨੂੰ ਕੱਢ ਕੇ ਅੱਗ ਲਾ ਦਿੱਤੀ। ਘਰ ਇਕ ਰਾਮਦਾਸੀਏ ਨੂੰ ਦੇ ਦਿੱਤਾ, ਜੋ ਕਿਸੇ ਵੇਲੇ ਉਸ ਦੇ ਬਾਪ ਦੇ ਘਰ ਕੰਮ ਕਰਿਆ ਕਰਦਾ ਸੀ।

ਊਧਮ ਸਿੰਘ ਆਪਣੇ ਕਮਰੇ 'ਚ ਰਾਤੀਂ ਬੈਠਿਆ ਹੋਇਆ ਸੀ। ਨੀਂਦ ਨਹੀਂ ਸੀ ਆ ਰਹੀ। ਇਕ ਪਾਸੇ ਪਈ ਲਾਲਟੈਨ ਜਗ ਰਹੀ ਸੀ। ਕਦੀ ਬੈਠਦਾ ਕਦੀ ਲੰਮਾਂ ਪੈ ਜਾਂਦਾ। ਫੇਰ ਮੇਜ਼ ਤੇ ਪਈ ਸੁਰਾਹੀ ਨੂੰ ਉਲਟਾ ਕੇ ਪਾਣੀ ਗਲਾਸ 'ਚ ਪਾਉਣ ਲੱਗਾ ਤਾਂ ਠਾਹ ਕਰਕੇ ਭੁੰਜੇ ਡਿੱਗ ਪਈ। ਰਸੋਈ 'ਚ ਕੰਮ ਕਰਦੀ ਪੁਰਾਣੀ ਨੌਕਰਾਣੀ ਦੀ ਕੁੜੀ ਦੌੜੀ ਦੌੜੀ ਆਈ, ਪੋਚੇ ਨਾਲ ਫਰਸ਼ ਸਾਫ਼ ਕੀਤਾ। ਰਸੋਈ 'ਚ ਜਾ ਕੇ ਪਾਣੀ ਦਾ ਗਲਾਸ ਭਰ ਕੇ ਉਸ ਦੇ ਹੱਥ ਫੜਾ ਦਿੱਤਾ। ਵਾਪਸ ਜਾਣ ਲੱਗੀ ਤਾਂ ਬੋਲਿਆ;

"ਰੁਕ ਜਾ।"

ਉਹ ਰੁਕ ਗਈ

"ਤੂੰ ਧਿਆਨੋਂ ਦੀ ਧੀ ਏਂ ?"

"ਹਾਂ, ਮੈਂ 'ਮਿੰਨੀ' ਹਾਂ।"

"ਉਹ ਕਿੱਥੇ ? ਆਈ ਨਹੀਂ ?"

"ਉਹ ਕੁਝ ਵੱਲ ਨਹੀਂ। ਮੈਂ ਹੀ ਆ ਰਹੀ ਹਾਂ ਦੋ ਦਿਨਾਂ ਤੋਂ, ਤੁਸੀਂ ਵੇਖਿਆ ਨਹੀਂ ?"

"ਨਹੀਂ, ਮੈਂ ਧਿਆਨ ਨਹੀਂ ਦਿੱਤਾ।" ਫੇਰ ਅੱਖ ਚੁੱਕ ਕੇ ਉਸ ਦੇ ਝੱਗੇ ਦੇ ਅੱਧੇ ਕੁ ਖੁੱਲ ਬਟਨਾਂ ਦੇ ਪਿੱਛੇ ਲੁਕੇ ਉਭਾਰਾਂ ਵੱਲ ਤੱਕਿਆ, "ਤੂੰ ਐਡੀ ਵੱਡੀ ਹੋ ਗਈ।"

ਕੁੜੀ ਚੁੱਪ ਰਹੀ, ਥੋੜੀ ਦੇਰ ਰੁਕੇ ਰਹਿਣ ਤੋਂ ਬਾਅਦ ਰਸੋਈ ਵੱਲ ਤੁਰ ਪਈ। ਫੇਰ ਕਮਰੇ ਦੇ ਬੂਹੇ 'ਚ ਆ ਕੇ ਰੁਕ ਗਈ ਅਤੇ ਮੋਟੀਆਂ ਮੋਟੀਆਂ ਅੱਖਾਂ ਨਾਲ ਉਸ ਵੱਲ ਤੱਕਣ ਲੱਗੀ।

"ਕੀ ਗੱਲ ?" ਨੀਂਦ ਨਹੀਂ ਆ ਰਹੀ ? ਪੀਣ ਲਈ ਕੁਝ ਲਿਆਵਾਂ ?" ਕੁੜੀ ਨੇ ਪੁੱਛਿਆ।

ਉਸ ਵੱਲ ਕੁਝ ਦੇਰ ਵੇਖਦੇ ਰਹਿਣ ਤੋਂ ਬਾਅਦ ਊਧਮ ਸਿੰਘ ਨੇ ਆਖਿਆ, "ਲੈ ਆ"

ਕੁਝ ਦੇਰ ਬਾਅਦ ਕੁੜੀ ਬੋਤਲ ਅਤੇ ਗਲਾਸ ਲੈ ਆਈਂ। ਇਕ ਛੋਟਾ ਜਿਹਾ ਮੇਜ਼ ਮੰਜੇ ਕੋਲ ਖਸਕਾ ਕੇ ਬੋਤਲ ਉਸ ਉਪਰ ਰੱਖੀ ਅਤੇ ਸ਼ਰਾਬ ਗਲਾਸ ਚੋਂ ਪਾ ਕੇ ਮੰਜੇ ਤੇ ਹੀ ਬੈਠ ਗਈ। ਉਸ ਦੀਆਂ ਅੱਖਾਂ 'ਚੋਂ, ਅੱਧ ਨੰਗੇ ਅੰਗਾਂ 'ਚੋਂ ਜਿਵੇਂ ਅੱਗ ਨਿਕਲ ਰਹੀ ਸੀ। ਊਧਮ ਸਿੰਘ ਨੇ ਗਲਾਸ ਖ਼ਾਲੀ ਕਰਕੇ ਮੇਜ਼ ਉੱਤੇ ਰੱਖਿਆ ਅਤੇ ਉਸ ਨੂੰ ਖਿੱਚ ਕੇ ਆਪਣੇ ਨਾਲ ਪਾ ਲਿਆ......।

ਤੇਰਾਂ ਦਿਨ ਬਾਅਦ ਜੱਦ ਜੱਸੀ ਵਾਪਸ ਆਈ ਤਾਂ ਆਪਣੇ ਕਮਰੇ 'ਚ ਕਿੱਲੀ ਤੇ ਟੰਗੀ ਹੋਈ ਚੁੰਨੀ ਅਤੇ ਇਕ ਪਾਸੇ ਪਈ ਗੁੱਤ ਵੇਖੀ, ਨਾਲ ਹੀ ਮਿੰਨੀ ਵੱਲ ਤਿੱਖੀਆਂ ਨਜ਼ਰਾਂ ਨਾਲ ਤੱਕਿਆ। ਮਿੰਨੀ ਦੀਆਂ ਅੱਖਾਂ ਅਤੇ ਹਰਕਤਾਂ 'ਚ ਪਹਿਲੇ ਵਰਗਾ ਅਛੋਹ ਕੁਆਰਾਪਣ ਨਹੀਂ ਸੀ। ਜੱਸੀ ਨੂੰ ਸਭ ਕੁਝ ਸਮਝਣ 'ਚ ਦੇਰ ਨਹੀਂ ਲੱਗੀ। ਜੱਸੀ ਨੇ ਉਸ ਦੇ ਮੂੰਹ ਤੇ ਵੱਟ ਕੇ ਚਪੇੜ ਮਾਰਦਿਆਂ ਆਖਿਆ, "ਨਿੱਕਲ ਜਾ ਬੇਹਵਾ ਮੇਰੇ ਘਰੋਂ, ਇਸ ਤੋਂ ਪਹਿਲਾਂ ਕਿ ਮੈਂ ਤੇਰੀ ਛਾਤੀ 'ਚ ਛੁਰੀ ਖੋਹਬ ਦੇਆਂ।"

ਮਿੰਨੀ ਉਸੇ ਵੇਲੇ ਨਸ ਗਈ।

ਕੁਝ ਦੇਰ ਬਾਅਦ ਜਦ ਊਧਮ ਸਿੰਘ ਕਮਰੇ 'ਚ ਆਇਆ ਤਾਂ ਜੱਸੀ ਉਸੇ ਤਰ੍ਹਾਂ ਗੁੱਸੇ 'ਚ

ਸੀ। ਊਧਮ ਨੂੰ ਵੇਖ ਕੇ ਗੁੱਸੇ 'ਚ ਬੋਲੀ:

"ਤੂੰ ਆ ਗਿਆ ਆਪਣੀ ਆਈ ਤੇ ਊਧੇ ਧਾੜਵੀ ? ਆਪਣੇ ਘਰ 'ਚ ਹੀ ਡਾਕਾ!" ਅਤੇ ਮੇਜ਼ ਤੇ ਪਿਆ ਪਿੱਤਲ ਦਾ ਗਲਾਸ ਚੁੱਕ ਕੇ ਉਸ ਉੱਤੇ ਮਾਰ ਦਿੱਤਾ। ਊਧਮ ਸਿੰਘ ਨੂੰ ਵੀ ਗੁੱਸਾ ਆ ਗਿਆ। ਉਸ ਨੇ ਆਪਣੇ ਰਸਤੇ 'ਚ ਖੜੀ ਜੱਸੀ ਨੂੰ ਧੱਕਾ ਦਿੱਤਾ ਅਤੇ ਘਰੋਂ ਨਿਕਲ ਗਿਆ।

ਅੱਠ ਦੱਸ ਦਿਨਾਂ ਬਾਅਦ ਜਦੋਂ ਊਧਮ ਸਿੰਘ ਘਰ ਆਇਆ ਤਾਂ ਜੱਸੀ ਘਰ ਨਹੀਂ ਸੀ। ਪਤਾ ਲੱਗਾ ਕਿ ਜਿਸ ਦਿਨ ਉਹ ਘਰੋਂ ਨਿਕਲਿਆ, ਜੱਸੀ ਵੀ ਕਿਤੇ ਚਲੀ ਗਈ ਸੀ। ਸੂਹ ਲੈਂਦਿਆਂ ਲੈਂਦਿਆਂ ਉਹ ਆਪਣੇ ਡਾਕਿਆਂ ਦੇ ਸਾਥੀ ਵਰਿਆਮਾ ਧਾੜਵੀ ਦੇ ਪਿੰਡ ਵੱਲ ਤੁਰ ਪਿਆ। ਵਰਿਆਮਾ ਕਦੀ ਕਦੀ ਉਸ ਨੂੰ ਮਿਲਣ ਆ ਜਾਇਆ ਕਰਦਾ ਸੀ। ਕਦੀ ਰਾਤ ਵੀ ਉਸ ਕੋਲ ਰਹਿੰਦਾ, ਪੀਂਦਾ ਜਾਂ ਊਧਮ ਸਿੰਘ ਅਤੇ ਜੱਸੀ ਨਾਲ ਗੱਲਾਂ ਕਰਦਾ ਰਹਿੰਦਾ ਸੀ।

ਜੱਸੀ ਵਰਿਆਮੇਂ ਦੇ ਘਰ ਦੇ ਬਾਹਰ ਹੀ ਖੜੀ ਦਿਸ ਪਈ ਕਪਾਹ ਦੀਆਂ ਛਿਟੀਆਂ ਅਤੇ ਖੇਤ ਦੇ ਸੰਦਾਂ ਦੇ ਵਿਚਕਾਰ ਖੜੀ। ਊਧਮ ਸਿੰਘ ਨੂੰ ਆਉਂਦਿਆਂ ਵੇਖ ਕੇ ਜੱਸੀ ਵੀ ਇਸ ਉਡੀਕ 'ਚ ਖੜੀ ਹੋ ਗਈ ਕਿ ਵੇਖਦੀ ਹਾਂ, ਅੱਗੇ ਕੀ ਹੁੰਦਾ ਹੈ। ਊਧਮ ਸਿੰਘ ਤੇਜ਼ ਤੇਜ਼ ਤੁਰਦਿਆਂ ਉਸ ਦੇ ਕੋਲ ਆਇਆ ਅਤੇ ਦੋ ਤਿੰਨ ਚਪੇੜਾਂ ਮਾਰਦਿਆਂ ਬੋਲਿਆ, "ਬੇਸ਼ਰਮ! ਤੈਨੂੰ ਇਹੀ ਮਿਲਿਆ ਬਦਮਾਸ਼ ?"

ਜੱਸੀ ਨੇ ਵੀ ਇਕ ਚਪੇੜ ਉਸ ਦੇ ਮੂੰਹ ਤੇ ਟਕਾ ਦਿੱਤੀ ਅਤੇ ਬੋਲੀ, "ਤੈਨੂੰ ਵੀ ਉਹੀ ਮਿਲੀ-ਝਿਊਰੀ ਦੀ ਕੁੜੀ ?"

ਅੱਜ ਤੱਕ ਕਿਸੇ ਨੇ ਊਧਮ ਸਿੰਘ ਤੇ ਚਪੇੜ ਮਾਰਨ ਦੀ ਹਿੰਮਤ ਨਹੀਂ ਸੀ ਕੀਤੀ ਸਵਾਏ ਇਕ ਥਾਣੇਦਾਰ ਦੇ। ਉਸ ਤੋਂ ਬਦਲਾ ਲੈਣ ਦੀ ਰੜਕ ਉਸ ਦੇ ਦਿਲ 'ਚ ਬਾਕੀ ਸੀ। ਊਧਮ ਸਿੰਘ ਬੋਲਿਆ! "ਵੇਖ ਕੁੜੀਏ, ਮੈਂ ਊਧਮ ਸਿੰਘ ਹਾਂ, ਊਧਾ ਧਾੜਵੀ ਤੈਨੂੰ ਪਹਿਲੇ ਦਿਨ ਚੁੱਕ ਕੇ ਲੈ ਜਾਣ ਵਾਲਾ...।"

"ਮੈਂ ਵੀ ਜੱਸੀ ਹਾਂ ਜੱਸੀ। ਇਹ ਜਾਣਦਿਆਂ ਹੋਇਆ ਵੀ ਤੈਨੂੰ ਆਪਣਾ ਬਣਾਇਆ ਕਿ ਚੌਧਰੀ ਜਗੀਰ ਸਿੰਘ ਅਤੇ ਸੁੱਖੇ ਦਾ ਕਤਲ ਤੂੰ ਹੀ ਕੀਤਾ ਸੀ--।"

ਥੋੜੀ ਦੇਰ ਚੁੱਪ।

"ਤੇ ਉਹ ਨਾਟਕ ਕਰਨ ਵਾਲੀ...ਕੀ ਨਾਮ... ਇਪਟਾ ਸ਼ਿਪਟਾ ਵਾਲੀ...

ਲਲਿਤਾ ? ਲਲਿਤਾ ਨਹੀਂ ਲੈਲਾ-ਕਾਲੀ ਕਲੂਟੀ। ਕੀ ਵੇਖਿਆ ਤੂੰ ਉਸ 'ਚ ? ਮੈਂ ਸੁਣਿਆ ਬੰਗਾਲੀ ਤੀਵੀਆਂ ਜਾਦੂਗਰਨੀਆਂ ਹੁੰਦੀਆਂ ਹਨ...।'

"ਇਹ ਤੇਰੀ ਗ਼ਲਤ ਫਹਿਮੀ ਹੋ ਬਿਲਕੁਲ...।"

ਉਨੀ ਦੇਰ 'ਚ ਉਨ੍ਹਾਂ ਦਾ ਪੰਜ ਸਾਲ ਦਾ ਪੁੱਤਰ ਵੀ ਖੇਡਦਾ ਖੇਡਦਾ ਮਾਂ ਕੋਲ ਆ ਕੇ ਖੜਾ ਹੋ ਗਿਆ ਅਤੇ ਡਰੀਆਂ ਡਰੀਆਂ ਅੱਖਾਂ ਨਾਲ ਊਧਮ ਸਿੰਘ ਵੱਲ ਤਕਣ ਲੱਗਾ। ਵਰਿਆਮਾ ਵੀ ਆ ਕੇ ਇਕ ਪਾਸੇ ਖੜਾ ਉਨ੍ਹਾਂ ਦੋਹਾਂ ਵੱਲ ਪ੍ਰਸ਼ਨ ਭਰੀਆਂ ਨਜ਼ਰਾਂ ਨਾਲ ਵੇਖਣ ਲੱਗਾ।

ਊਧਮ ਸਿੰਘ ਨੇ ਦੋਹਾਂ, ਤਿੰਨਾਂ ਵੱਲ ਤੱਕਿਆ। ਕੁੜਤੇ ਪਿੱਛੇ ਝੁਕੀ ਹੋਈ ਪਸਤੌਲ ਵੱਲ ਹੱਥ ਵਧਾਇਆ। ਫੇਰ ਇਕ ਦਮ ਵਾਪਸ ਮੁੜ ਲਿਆ।

ਕੁਝ ਦੇਰ ਬਾਅਦ ਜੱਸੀ ਆਪਣੇ ਪੁੱਤਰ ਨੂੰ ਨਾਲ ਲੈ ਕੇ ਅਤੇ ਉਸ ਦੇ ਕੋਲ ਆ ਕੇ ਉਸ ਨਾਲ ਤੁਰਨ ਲੱਗੀ, ਊਧਮ ਸਿੰਘ ਨੇ ਉਸ ਵੱਲ ਭਾਵ-ਪੂਰਨ ਨਜ਼ਰਾਂ ਨਾਲ ਤੱਕਿਆ। ਦੋਹਾਂ ਦੀਆਂ ਨਜ਼ਰਾਂ ਜਿਵੇਂ ਕਹਿ ਰਹੀਆਂ ਹੋਣ "ਹਿਸਾਬ ਬਰਾਬਰ...।"

———

ਲਲਿਤਾ ਵਾਲੀ ਨਾਟਕ ਮੰਡਲੀ ਇਕ ਵਾਰੀ ਜੱਸੀ ਦੇ ਪਿੰਡ ਵੀ ਨਾਟਕ ਵਖਾਉਣ ਲਈ ਆਈ। ਜੱਸੀ ਵੀ ਵੇਖਣ ਗਈ। ਨਾਟਕ ਤੋਂ ਬਾਅਦ ਲਲਿਤਾ ਅਤੇ ਦੋ ਹੋਰ ਮੈਂਬਰ ਆਪਣੀਆਂ ਝੋਲੀਆਂ ਪਸਾਰ ਕੇ ਦਰਸ਼ਕਾਂ 'ਚ ਫਿਰਨ ਲੱਗੇ। ਕਿਸੇ ਨੇ ਰੁਪਈਆ, ਕਿਸੇ ਨੇ ਪੰਜ, ਲਲਿਤਾ ਜੱਸੀ ਕੋਲ ਆਈ। ਜੱਸੀ ਨੇ ਉਸ ਵੱਲ ਗੋਹ ਨਾਲ ਤੱਕਿਆ, ਉਸ ਦੇ ਅੰਗ ਅੰਗ 'ਚੋਂ ਸਵੈ ਵਿਸ਼ਵਾਸ, ਝਲਕ ਰਿਹਾ ਸੀ-ਨਾਟਕ ਦੀ ਨਾਇਕਾ ਵਾਲਾ। ਜੱਸੀ ਨੂੰ ਲੱਗਿਆ ਜਿਵੇਂ ਉਹ ਲਲਿਤਾ ਨਹੀਂ; ਆਪ ਹੀ ਹੋਵੇ। ਜੱਸੀ ਦੇ ਆਪਣੀ ਬਾਂਹ 'ਚੋਂ ਸੋਨੇ ਦਾ ਕੜਾ ਕੱਢ ਕੇ ਉਸ ਦੀ ਝੋਲੀ 'ਚ ਪਾ ਦਿੱਤਾ। ਲਲਿਤਾ ਨੇ ਭਾਵਪੂਰਨ ਨਜ਼ਰਾਂ ਨਾਲ ਉਸ ਵੱਲ ਤੱਕਿਆ ਅਤੇ ਬੋਲੀ:

"ਆਪ ਊਧਮ ਸਿੰਘ ਕੀ ਜੱਸੀ ਹੈ ?"

ਉਸ ਨੇ ਹਾਂ 'ਚ ਸਿਰ ਹਿਲਾ ਦਿੱਤਾ।

"ਊਧਮ ਸਿੰਘ ਦੀ ਜੱਸੀ !" ਇਹ ਸ਼ਬਦ ਉਸ ਦੇ ਕੰਨਾਂ 'ਚ ਪਹਿਲੀ ਵਾਰ ਪਏ ਸਨ।

ਫੇਰ ਆਇਆ ਪੰਜਾਬ ਚੋਂ ਕਾਲੇ ਦਿਨਾਂ ਦਾ ਦੌਰ।

ਊਧਮ ਸਿੰਘ ਇਸ ਮੁਆਮਲੇ 'ਚ ਨਿਰਪੱਖ। ਉਸ ਨੂੰ ਅੱਤਿਵਾਦੀਆਂ ਅਤੇ ਪੁਲਸ ਵਾਲਿਆਂ 'ਚੋਂ ਕੋਈ ਅੰਤਰ ਨਹੀਂ ਸੀ ਲੱਗਦਾ। ਕਈ ਦਿਨਾਂ ਤੋਂ ਉਸ ਨੇ ਧਾੜਵੀਆਂ ਵਾਲਾ ਧੰਦਾ ਵੀ ਤਿਆਗ ਦਿੱਤਾ ਸੀ। ਹੁਣ ਤਾਂ ਸਾਰਾ ਪੰਜਾਬ ਕੀ ਸਾਰਾ ਮੁਲਕ ਹੀ ਧਾੜਵੀਆਂ ਨਾਲ ਭਰਿਆ ਪਿਆ ਸੀ ਵੱਖ ਵੱਖ ਰੂਪਾਂ 'ਚ ਇਕ ਦਿਨ ਅੱਤਿਵਾਦੀਆਂ ਦੇ ਇਕ 'ਕਮਾਂਡਰ' ਦਾ ਸੁਨੇਹਾ ਆ ਗਿਆ ਕਿ 'ਪੰਥ ਦੀ ਸੇਵਾ' ਖ਼ਾਤਰ ਐਨਾ ਰੁਪਿਆ ਫਲਾਨੇ ਸਮੇਂ, ਫਲਾਨੀ ਥਾਂ ਪੁਚਾ ਦੇਵੇ। ਊਧਮ ਸਿੰਘ ਨੇ ਸੁਨੇਹੇ ਦੀ ਕੋਈ ਪਰਵਾਹ ਨਹੀਂ ਕੀਤੀ। ਅੱਤਿਵਾਦੀਆਂ ਨੇ ਉਸ ਦੀਆਂ ਦੋ ਮੱਝਾਂ ਫੂੰਡ ਦਿੱਤੀਆਂ। ਫੇਰ ਊਧਮ ਸਿੰਘ ਨੇ ਜੱਸੀ ਨਾਲ ਸੁਲਾਹ ਕਰਨ ਤੋਂ ਬਾਅਦ ਆਪਣੇ ਝੋਲੇ 'ਚ ਨੋਟਾ ਦੀਆਂ ਗੱਡੀਆਂ ਪਾਈਆਂ। ਇਕ ਪਸਤੌਲ ਆਪਣੇ ਝੋਲੇ ਥੱਲੇ ਲੁਕਾਈ ਅਤੇ ਨਿਸ਼ਚਿਤ ਸਥਾਨ ਵੱਲ ਤੁਰ ਪਿਆ। ਉਸ ਨੂੰ ਪਤਾ ਲੱਗ ਗਿਆ ਸੀ ਕਿ ਕਿਸੇ ਟੋਲੀ ਨੇ ਨਾਟਕ ਮੰਡਲੀ ਦੇ ਇਕ ਬੰਦੇ ਨੂੰ ਮਾਰਿਆ ਸੀ। ਸ਼ਾਇਰ ਕਿਸਮ ਦੇ ਉਸ ਆਦਮੀ ਨਾਲ ਊਧਮ ਸਿੰਘ ਦਾ ਖ਼ਾਸ ਸੁਨੇਹਾ ਸੀ।

ਰਸਤੇ 'ਚ ਇਕ ਨਹਿਰ ਪਾਰ ਕਰਨ ਤੋਂ ਪਹਿਲਾਂ ਨਿੰਮ ਦੇ ਇਕ ਰੁੱਖ ਕੋਲ ਰੁਕਿਆ ਅਤੇ ਝਾੜੀਆਂ 'ਚ ਪਸ਼ਾਬ ਕਰਨ ਲਈ ਬੈਠ ਗਿਆ। ਨਾਲ ਝੋਲੇ 'ਚੋਂ ਪਸਤੌਲ ਕੱਢ ਕੇ ਭਾਵਨਾਵਾਂ 'ਚ ਲੁਕਾਈ ਅਤੇ ਖੜਾ ਹੋ ਕੇ ਨਹਿਰ ਦਾ ਪੁਲ ਪਾਰ ਕਰਨ ਲਈ ਤੁਰ ਪਿਆ। ਉਹ ਸਮਝਦਾ ਸੀ ਚੰਗੀ ਤਰ੍ਹਾਂ ਕਿ ਅੱਤਿਵਾਦੀਆਂ ਦਾ ਕੋਈ ਬੰਦਾ ਜ਼ਰੂਰ ਉਸ ਦਾ ਪਿੱਛਾ ਕਰ ਰਿਹਾ ਹੋਵੇਗਾ।

ਨਹਿਰ ਪਾਰ ਕਰਦਿਆਂ ਹੀ ਦੋ ਅੱਤਿਵਾਦੀ ਉਸ ਦੇ ਨਾਲ ਤੁਰਨ ਲੱਗੇ। ਤਲਾਸ਼ੀ ਤੋਂ ਪਹਿਲਾਂ ਹੀ ਊਧਮ ਸਿੰਘ ਨੇ ਪਸਤੌਲ ਕੱਢ ਕੇ ਉਨ੍ਹਾਂ ਦੇ ਹੱਥ ਫੜਾ ਦਿੱਤੀ।

"ਇਹ ਕਾਹਦੇ ਲਈ ਲੈ ਕੇ ਤੁਰਿਆ ਸੀ ?"

"ਆਦਤ ਹੈ, ਨਾਲੇ ਤੁਹਾਡੇ ਵਰਗੇ ਦੂਸਰੇ ਜੱਥੇ ਦੇ ਇਸ ਪਾਸੇ ਫਿਰਦੇ ਰਹਿਣ ਦੀ

ਅਫ਼ਵਾਹ ਹੈ। ਪੁਲਸੀਆਂ ਦਾ ਵੀ ਡਰ।"

ਇਕ ਟਿਊਬਵੈਲ ਅਤੇ ਟੁੱਟੇ ਜਹੇ ਕੋਠੇ ਕੋਲ ਕਮਾਂਡਰ ਭੋਰਾ ਸਿੰਘ ਖੜਾ ਉਸ ਦੀ ਉਡੀਕ ਕਰ ਰਿਹਾ ਸੀ। ਊਧਮ ਸਿੰਘ ਨੇ ਹੱਥ ਜੋੜ ਕੇ ਸਤ ਸ੍ਰੀ ਅਕਾਲ ਬੁਲਾਈ ਅਤੇ ਨੋਟਾਂ ਨਾ ਭਰਿਆ ਝੋਲਾ ਉਸ ਵੱਲ ਵਧਾਉਂਦਿਆ ਆਖਿਆ। ਗਿਣ ਲਓ। ਪੂਰੇ ਹਨ ਇੱਕੀ ਹਜ਼ਾਰ।"

ਭੋਰਾ ਸਿੰਘ ਨੇ ਝੋਲਾ ਲੈ ਕੇ ਇਕ ਵਾਰੀ ਝੋਲੇ ਅੰਦਰ ਨਜ਼ਰ ਮਾਰੀ। ਫੇਰ ਊਧਮ ਸਿੰਘ ਵੱਲ ਗਹੁ ਨਾਲ ਤੱਕਦਿਆਂ ਬੋਲਿਆ:

"ਤੂੰ 'ਊਧਾ ਧਾੜਵੀ' ਨਹੀਂ ?"

"ਜੇ ਤੁਸਾਂ ਪਛਾਣ ਹੀ ਲਿਆ ਤਾਂ...!"

"ਤੂੰ ਸਾਡੇ ਨਾਲ ਆ ਕੇ ਮਿਲ ਜਾ। ਨਾਲੇ ਪੰਥ ਦੀ ਸੇਵਾ ਨਾਲੇ ਮਾਲ।"

"ਮਾਲ ਮੇਰੇ ਪਾਸ ਜਿੰਨਾਂ ਹੈ, ਉਨ੍ਹਾਂ ਕਾਫ਼ੀ, ਪੰਥ ਦੀ ਸੇਵਾ ਤੁਹਾਨੂੰ ਮੁਬਾਰਕ।"

"ਤੇਰੀ ਮਰਜ਼ੀ, ਪਰ ਜਦੋਂ ਜੀ ਕਰੇ, ਆ ਮਿਲੀਂ।"

"ਅੱਡਾ ਮੈਨੂੰ ਹੁਣ ਆਗਿਆ। ਮੈਂ ਤੁਹਾਡੇ ਤੋਂ ਆਪਣਾ ਪਸਤੌਲ ਤਾਂ ਇਸ ਵੇਲੇ ਨਹੀਂ ਮੰਗਦਾ, ਪਰ ਘਰ ਵਾਪਸ ਜਾਂਦਿਆਂ ਡਰ ਜ਼ਰੂਰ ਲਗਦਾ ਹੈ।"

"ਡਰ ਕਾਹਦਾ ?"

"ਅੱਤਵਾਦੀਆਂ ਦਾ ਇਕ ਹੋਰ ਜੱਥਾ ਇਸ ਪਾਸੇ ਫਿਰਨ ਬਾਰੇ ਸੁਣਿਆ ਹੈ। ਦੋ ਵੇਖੇ ਵੀ ਸਨ ਇਧਰ ਉਧਰ ਫਿਰਦੇ।"

"ਸਾਲੇ ਬਦਮਾਸ਼, ਸਾਨੂੰ ਬਦਨਾਮ ਕਰਦੇ ਹਨ। ਚੱਲ ਮੈਂ ਚੱਲਦਾ ਹਾਂ ਤੇਰੇ ਨਾਲ।" ਭੋਰਾ ਸਿੰਘ ਬੋਲਿਆ ਅਤੇ ਆਪਣੇ ਦੋਵਾਂ ਸਾਥੀਆਂ ਨੂੰ ਨਾਲ ਲੈ ਕੇ ਊਧਮ ਸਿੰਘ ਨਾਲ ਤੁਰ ਪਿਆ। ਨਹਿਰ ਦਾ ਪੁਲ ਪਾਰ ਕਰਨ ਤੋਂ ਬਾਅਦ ਉਹ ਨਿੰਮ ਦੇ ਰੁੱਖ ਕੋਲ ਪਸ਼ਾਬ ਕਰਨ ਦੇ ਬਹਾਨੇ ਬੈਠਿਆ ਅਤੇ ਝਾੜੀਆਂ 'ਚ ਲੁਕਾ ਕੇ ਰੱਖੀ ਪਸਤੌਲ ਕੱਢ ਕੇ ਤਿੰਨਾਂ ਨੂੰ ਉੜਾ ਦਿੱਤਾ।

ਵੀਹ ਪੰਝੀ ਦਿਨਾਂ ਬਾਅਦ ਥਾਣੇ ਤੋਂ ਬੁਲਾਵਾ ਆ ਗਿਆ।

"ਮੈਂ ਜਾਣਨਾ ਚੰਗੀ ਤਰ੍ਹਾਂ ਤੈਨੂੰ, ਤੂੰ ਊਧਾ ਧਾੜਵੀ ਏਂ।"

"ਜੀ, ਉਹ ਊਧਾ ਮਰ ਗਿਆ, ਹੁਣ ਮੈਂ...।"

"ਪਰ ਆਦਤਾਂ ਨਹੀਂ ਜਾਂਦੀਆਂ। ਤੂੰ ਅੱਤਵਾਦੀਆਂ ਨੂੰ ਪਨਾਹ ਦੇਂਦਾ ਏ।"

ਉਹ ਤੇਰੇ ਕੋਲ ਆ ਕੇ ਰਾਤ ਕੱਟਦੇ ਹਨ।" (ਇਹ ਉਹ ਦਸ ਨਹੀਂ ਸੀ ਸਕਦਾ ਕਿ ਉਸ ਨੇ ਤਿੰਨ ਅੱਤਵਾਦੀਆਂ ਨੂੰ ਮਾਰਿਆ, ਕਿਉਂਕਿ ਉਨ੍ਹਾਂ ਨੂੰ ਮਾਰ ਦੇਣ ਦਾ ਇਨਾਮ ਤਾਂ ਥਾਣੇਦਾਰ ਆਪ ਲੈ ਚੁੱਕਿਆ ਸੀ)। ਤੂੰ ਉਨ੍ਹਾਂ ਨੂੰ ਜਾ ਕੇ ਮਿਲਣਾ ਏਂ।"

ਕੁਝ ਦੇਰ ਤੱਕ ਉਨ੍ਹਾਂ ਵਿਚਕਾਰ ਇਹ ਤਕਰਾਰ ਚੱਲਦਾ ਰਿਹਾ। ਫੇਰ ਥਾਣੇਦਾਰ ਨੇ ਸਪਾਹੀਆਂ ਨੂੰ ਹੁਕਮ ਦਿੱਤਾ ਕਿ ਇਸ ਨੂੰ ਥੰਮ ਨਾਲ ਬੰਨ ਕੇ ਖ਼ੂਬ ਕੁੱਟ ਚਾੜੋ। ਸਪਾਹੀਆਂ ਨੇ ਥੰਮ ਨਾਲ ਬੰਨ ਕੇ ਅਤੇ ਢੂਈ ਨੰਗੀ ਕਰਕੇ ਕੁਝ ਦੇਰ ਕੁੱਟਿਆ। ਫੇਰ ਇਕ ਸਪਾਹੀ ਉਸ ਦੇ ਕੋਲ ਆ ਕੇ ਬੋਲਿਆ;

"ਤੂੰ ਕਿਹਾ ਧਾੜਵੀ ? ਐਨਾ ਵੀ ਨਹੀਂ ਸਮਝਿਆ ? ਕਈਆਂ ਨੂੰ ਬੰਨਿਆਂ ਜਾਂਦਾ ਹੈ ਇਸ ਥੰਮ ਨਾਲ, ਵਪਾਰੀਆਂ ਨੂੰ, ਠੇਕੇਦਾਰਾਂ ਨੂੰ, ਉਨ੍ਹਾਂ ਦੇ ਪੁੱਤਰਾਂ ਨੂੰ। ਮੂੰਹ ਮੰਗੀ ਕੀਮਤ ਤਾਰ ਕੇ ਛੁੜਾ

ਲੈ ਜਾਂਦੇ ਹਨ।"

"ਠੀਕ ਏ। ਥਾਣੇਦਾਰ ਮਾਦਰ....ਜਿੰਨਾ ਪੈਸਾ ਮੰਗਿਆ, ਉਨ੍ਹਾਂ ਤਾਂ ਹੈ ਹੀ ਨਹੀਂ ਮੇਰੇ ਪਾਸ। ਫੇਰ ਵੀ ਫੇਰ ਵੀ ਇੰਤਜ਼ਾਮ ਕਰਕੇ ਥੋੜਾ ਬਹੁਤ ਪੁਚਾ ਦੇਵਾਂਗਾ-ਦਸ ਪੰਦਰਾਂ ਦਿਨਾਂ ਤੱਕ।

ਇਸ ਵਿਚਕਾਰ ਜੱਸੀ ਵੀ ਕਈ ਚੱਕਰ ਠਾਣੇ ਦੇ ਲਾ ਚੁੱਕੀ ਸੀ, ਊਧਮ ਸਿੰਘ ਨੂੰ ਛੜਾਉਣ ਦੇ ਲਈ। ਉਸ ਦੇ ਕੰਨੀ ਵੀ ਇਹ ਪੈ ਗਿਆ ਹੋਇਆ ਸੀ ਕਿ ਪੈਸੇ ਦਿੱਤੇ ਬਿਨਾਂ ਊਧਮ ਸਿੰਘ ਦਾ ਛੁਟਕਾਰਾ ਨਹੀਂ।

ਘਰ ਆ ਕੇ ਉਸ ਨੇ ਜੱਸੀ ਨਾਲ ਸਲਾਹ ਕੀਤੀ।

"ਇਹ ਤਿੰਨ ਲੱਖ ਕਿਥੋਂ ਲਿਆਵਾਂਗੇ ?" ਜੱਸੀ ਬੋਲੀ।

"ਕੁਝ ਤਾਂ ਕਰਨਾ ਹੀ ਪਵੇਗਾ।"

"ਨਹੀਂ, ਮੈਂ ਨਹੀਂ ਦੇਣਾ ਕੁਝ ਵੀ ਇਨ੍ਹਾਂ ਕੁੱਤਿਆਂ ਨੂੰ।"

"ਜੇ ਅੱਤਵਾਦੀਆਂ ਨੂੰ ਦਿੱਤਾ ਤਾਂ ਇਨ੍ਹਾਂ ਨੂੰ ਕਿਓਂ ਨਹੀਂ ?"

"ਇਹ ਪੁਲਸੀਏ ਤਾਂ ਅੱਤਵਾਦੀਆਂ ਤੋਂ ਵੀ ਗਏ ਗੁਜ਼ਰੇ। ਮੇਰੇ ਦਿਲ 'ਚ ਜਿੰਨੀ ਨਫ਼ਰਤ ਇਨ੍ਹਾਂ ਲਈ ਹੈ, ਹੋਰ ਕਿਸੇ ਲਈ ਨਹੀਂ। ਇਹ ਤਨਖਾਹ ਲੈਂਦੇ ਹਨ ਲੋਕਾਂ ਦਾ ਜ਼ੁਰਮ ਤੋਂ ਬਚਾ ਕਰਨ ਲਈ, ਨਾ ਕਿ ਜ਼ੁਰਮ ਕਰਨ ਲਈ।"

"ਬਹੁਤ ਜ਼ਿੱਦੀ ਤੀਮੀ ਏ।" ਊਧਮ ਸਿੰਘ ਨੇ ਮਨ ਹੀ ਮਨ ਆਖਿਆ ਅਤੇ ਉਹ ਆਪਣੇ ਤੌਰ 'ਤੇ ਤਿੰਨ ਲੱਖ ਦਾ ਇੰਤਜ਼ਾਮ ਕਰਨ ਲਈ ਇਧਰ-ਉਧਰ, ਆਪਣੇ ਪੁਰਾਣੇ ਸਾਥੀਆਂ ਨੂੰ ਲੱਭਦਾ ਫਿਰਨ ਲੱਗਾ। ਪਰ ਕੋਈ ਨਾ ਲੱਭਿਆ। ਸਾਰੇ ਅੱਤਵਾਦੀਆਂ ਨਾਲ ਜਾ ਮਿਲੇ ਜਾਂ ਮਾਰੇ ਗਏ। ਵਰਿਆਮ ਸਿੰਘ ਵੀ ਘਰੋਂ ਲਾ-ਪਤਾ ਸੀ।

ਕੁਝ ਦਿਨ ਉਡੀਕ ਕਰਨ ਤੋਂ ਬਾਅਦ ਥਾਣੇਦਾਰ ਆਪਣੇ ਨਾਲ ਛੇ ਸੱਤ ਸਿਪਾਹੀਆਂ ਨੂੰ ਲੈ ਕੇ ਰਾਤ ਵੇਲੇ ਆ ਪਹੁੰਚਿਆ। ਜੱਸੀ ਨੇ ਘਰ ਦੇ ਬੂਹੇ ਬੰਦ ਕਰ ਲਏ। ਇਕ ਪਸਤੌਲ ਆਪ ਫੜ ਲਈ, ਦੂਜੀ ਊਦਮ ਸਿੰਘ ਦੇ ਹੱਥ ਫੜ ਦਿੱਤੀ।

"ਇਨ੍ਹਾਂ ਨਾਲ ਕੀ ਬਣਨਾ।" ਊਧਮ ਸਿੰਘ ਬੋਲਿਆ, "ਤੂੰ ਜਾ ਕੇ ਕਿਸੇ ਤਰ੍ਹਾਂ ਮੇਰੀ ਲੁਕਾਈ ਏ-ਕੇ-ਸੰਤਾਲੀ ਲਿਆ ਦੇ। ਕਮਾਦ ਦੇ ਖੇਤ 'ਚ ਉਸੇ ਥਾਂਵੇ ਦਬਾ ਕੇ ਰੱਖੀ ਹਵਾ ਹੈ ਜਿਥੇ ਮੈਂ ਤੈਨੂੰ ਪਹਿਲੀ ਵਾਰੀ ਲੈ ਗਿਆ ਸੀ ਚੁੱਕ ਕੇ। ਮਰਨਾ ਤੇ ਹੈ ਇਕ ਦਿਨ। ਮਰਦਾਂ ਵਾਂਗ ਜੀਵਿਆਂ ਹੈ, ਮਰਦਾਂ ਵਾਂਗ ਹੀ ਮਰਾਂ।"

ਜੱਸੀ ਨੇ ਆਪਣੇ ਦੁਆਲੇ ਕਾਲੇ ਰੰਗ ਦੀ ਲੋਈ ਲਪੇਟੀ ਅਤੇ ਪਿਛਲੇ ਦਰਵਾਜ਼ਿਓਂ ਖਿਸਕ ਗਈ। ਏ-ਕੇ ਸੰਤਾਲੀ ਲੈ ਕੇ ਵਾਪਸ ਆ ਰਹੀ ਸੀ ਕਿ ਇਕ ਸਪਾਹੀ ਨੇ ਵੇਖ ਲਿਆ। 'ਕੌਣ ਏਂ ?' ਰੁਕ ਜਾ, ਰੁੱਕ ਜਾ' ਕਹਿਣ ਤੇ ਵੀ ਜੱਦ ਜੱਸੀ ਨਹੀਂ ਰੁਕੀ ਤਾਂ ਸਪਾਹੀ ਨੇ ਫ਼ਾਇਰ ਕਰ ਦਿੱਤੇ। ਜੱਸੀ ਦੇ ਇਕ ਤੋਂ ਬਾਅਦ ਦੋ ਗੋਲੀਆਂ ਲੱਗੀਆਂ, ਉਹ ਡਿੱਗ ਪਈ। ਫੇਰ ਹਨੇਰੇ 'ਚ ਰਿੜਦੀ ਰਿੜਦੀ ਘਰ ਅੰਦਰ ਪਹੁੰਚ ਗਈ। ਊਧਮ ਸਿੰਘ ਨੇ ਵੇਖਿਆ ਤਾਂ ਉਸ ਨੇ ਏ ਕੇ ਸੰਤਾਲੀ ਆਪਣੇ ਚੌਦਾਂ ਪੰਦਰਾਂ ਵਰ੍ਹੇ ਦੇ ਪੁੱਤਰ ਦੇ ਹੱਥਾਂ 'ਚ ਫੜਾਉਂਦੇ ਕਿਹਾ, "ਜਾ ਅਤੇ ਮਕਾਬਲਾ ਕਰ।"

"ਮੈਨੂੰ ਤਾਂ ਚਲਾਉਣ ਵੀ ਨਹੀਂ ਆਉਂਦੀ ਇਹ ਬੰਦੂਕ।"

"ਬਸ ਤੂੰ ਰਫਲ ਵਾਂਗ ਘੋੜਾ ਦਬਾਈ ਜਾ, ਐਨਾ ਹੀ ਕਾਫ਼ੀ ਹੈ, ਮੈਂ ਤੇਰੀ ਮਾਂ ਨੂੰ ਵੇਖਦਾ

ਹਾਂ।”

ਊਧਮ ਸਿੰਘ ਨੇ ਉਸ ਨੂੰ ਉਸੇ ਤਰ੍ਹਾਂ ਚੁੱਕਿਆ ਜਿਵੇਂ ਪਹਿਲੇ ਦਿਨ ਚੁੱਕਿਆ ਸੀ, ਕਮਾਦ ਦੇ ਖੇਤ ’ਚ ਲੈ ਜਾਣ ਲਈ।

ਜੱਸੀ ਖ਼ੂਨ ਵਿੱਚ ਲੱਥ-ਪੱਥ ਅਰਧ-ਬੇਹੋਸ਼ੀ ’ਚ ਪਈ ਸੀ। ਉਸ ਨੇ ਹੋਲੀ ਦੇਣੀ ਅੱਖਾਂ ਖੋਲ੍ਹੀਆਂ, ਉਸ ਨੂੰ ਵਰਤਮਾਨ ਲੋਪ ਹੁੰਦਾ ਜਾਪਿਆ ਅਤੇ ਮੁੜ ਅੱਖਾਂ ਬੰਦ ਕਰ ਲਈਆਂ। “ਕੀ ਮੈਂ ਸੱਚ ਮੁੱਚ ਮਰ ਜਾਵਾਂਗੀ ? ਕੀ ਮੈਂ ਮੁੜ ਖੁੱਲੇ ਨੀਲੇ ਆਕਾਸ਼, ਤਾਰਿਆਂ ਭਰੀ ਰਾਤ, ਰੁੱਖਾਂ ਤੇ ਬੈਠੇ ਚਓ ਚਹਾਉਂਦੇ ਪੰਛੀਆਂ ਨੂੰ ਨਹੀਂ ਵੇਖ ਸਕਾਂਗੀ ? ਫੇਰ ਮਨ ਅੰਦਰ ਇਕ ਆਵਾਜ਼ ਉੱਠੀ। ਕੁਝ ਦੇਰ ਉਸ ਆਵਾਜ਼ ਨੂੰ ਸੁਣਦੀ ਰਹੀ, ਬੁਲਾਂ ਤੇ ਹਲਕੀ ਜਹੀ ਵੇਦਨਾਪੂਰਨ ਮੁਸਕਾਨ ਖਿਲਰ ਗਈ, “ਹੇ ਵਾਹੇਗੁਰੂ, ਤੂੰ ਮੇਰੇ ਤੋਂ ਬਹੁਤ ਕੁਝ ਖੋਹਿਆ ਅਤੇ ਬੜਾ ਕੁਝ ਦਿੱਤਾ। ਆਪਣੇ ਆਪਣੇ ਦਲਿਦਰੀ ਘਰ ’ਚੋਂ ਕੱਢਿਆ, ਪਰ ਅਪਾਹਜ ਦੇ ਪੱਲੇ ਪਾ ਦਿੱਤਾ। ਤੂੰ ਦੱਸ ਰੱਬਾ ਕਿ ਕੀ ਤੂੰ ਮੇਰੀ ਖ਼ੂਬਸੂਰਤ ਦੇਹਿ ਅਤੇ ਜੀਵਨ ਨੂੰ ਦੂਸ਼ਤ ਕਰਨ ਲਈ ਭੇਜਿਆ ਸੀ ਦੁਨੀਆ ਵਿੱਚ ? ਤਾਂ ਫੇਰ ਇਹ ਦਿਲ, ਇਹ ਅੱਖਾਂ ਇਹ ਅੰਗ ਕਿਉਂ ਦਿੱਤੇ ? ਤੂੰ ਰੱਬਾ ਮੈਨੂੰ ਆਪ ਤੇ ਨਹੀਂ ਦੱਸਿਆ ! ਇਹ ਕੁਝ। ਮੈਨੂੰ ਆਪਣੀ ਦੇਹਿ ਨਾਲ, ਅੰਗਾਂ ਨਾਲ, ਆਪਣੀ ਸੁੰਦਰਤਾ ਨਾਲ ਪ੍ਰੇਮ ਸੀ। ਮੈਨੂੰ ਆਪ ਹੀ ਲੱਭਣਾ ਪਿਆ ਸਭ ਕੁਝ ਆਪਣੇ ਸਰੀਰ ਨੂੰ, ਮਨ ਨੂੰ ਉਸੇ ਤਰ੍ਹਾਂ ਵਰਤਿਆਂ-ਜ਼ਰੂਰ ਵਰਤਿਆ...। ਜੇ ਮੈਂ ਕੋਈ ਪਾਪ ਕੀਤਾ ਤਾਂ ਮੈਨੂੰ ਕੋਈ ਅਫ਼ਸੋਸ ਨਹੀਂ, ਨਾ ਹੀ ਮੈਨੂੰ ਤੇਰੇ ਬਣਾਏ ਕਿਸੇ ਨਰਕ ਦਾ ਡਰ, ਮੈਂ ਤੇਰੇ ਦਿੱਤੇ ਇਸ ਨਰਕ ’ਚ ਜਿਊਣਾ ਨਹੀਂ ਸੀ ਚਾਹੁੰਦੀ-ਚਾਹੇ ਰੱਬਾ ਤੂੰ ਬਹੁਤ ਕੋਸ਼ਿਸ਼ ਕੀਤੀ ਉਸ ਘਰ ’ਚ ਪੈਦਾ ਕਰਕੇ--ਅਪਾਹਜ ਦੇ ਘਰ ਭੇਜ ਕੇ...। ਮੈਂ...ਤੇਰੇ ਇਰਾਦਿਆਂ ਨੂੰ ਨਾਕਾਮ ਕਰ ਦਿੱਤਾ---।”

ਮੰਜੇ ਦੀ ਬਾਹੀ ਤੇ ਬੈਠਾ ਊਧਮ ਸਿੰਘ ਉਸ ਦੀਆਂ ਅੱਖਾਂ ਖੁਲਣ ਦੀ ਉਡੀਕ ਕਰ ਰਿਹਾ ਸੀ, ਜੱਸੀ ਨੇ ਅੱਖਾਂ ਖੋਲ੍ਹ ਕੇ ਉਸ ਵੱਲ ਪਿਆਰ ਅਤੇ ਹਸਰਤ ਭਰੀਆਂ ਨਜ਼ਰਾਂ ਨਾਲ ਤੱਕਿਆ। ਊਧਮ ਸਿੰਘ ਬੋਲਿਆ: “ਮੈਂ ਦਵਾਈ ਲਾ ਕੇ ਮੱਲਮ ਪੱਟੀ ਕਰ ਦਿੱਤੀ ਹੈ। ਤੂੰ ਮਰੇਂਗੀ ਨਹੀਂ, ਮੈਂ ਤੈਨੂੰ ਮਰਨ ਨਹੀਂ ਦਵਾਂਗਾ...!”

ਥੋੜੀ ਦੇਰ ਉਸ ਵੱਲ ਚੁੱਪ ਚਾਪ ਵੇਖਦੇ ਰਹਿਣ ਤੋਂ ਬਾਅਦ ਦਰਦ ਨਾਲ ਕੰਬਦਿਆਂ ਜੱਸੀ ਬੋਲੀ, “ਮੈਨੂੰ ਇਥੋਂ ਚੁੱਕ ਕੇ ਵਿਹੜੇ ’ਚ ਲੈ ਜਾਓ, ਮੈਂ ਇਥੇ ਬੰਦ ਕਮਰੇ ’ਚ ਮਰਨਾ ਨਹੀਂ ਚਾਹੁੰਦੀ। ਮੈਂ ਤਾਰਿਆਂ ਭਰੇ ਆਕਾਸ਼ ਵੱਲ, ਰੁੱਖਾਂ ਵੱਲ ਵੇਖਦਿਆਂ ਇਸ ਦੁਨੀਆ ਤੋਂ ਅਲਵਿਦਾ ਲੈਣਾ ਚਾਹੁੰਦੀ ਹਾਂ।”

ਦੋ ਜਣੇ ਮੰਜੇ ਨੂੰ ਚੁੱਕ ਕੇ ਵਿਹੜੇ ’ਚ ਲੈ ਗਏ। ਬਾਹਰੋਂ ਕੁਝ ਕੁਝ ਰੁਕ ਕੇ ਬੰਦੂਕਾਂ ਅਤੇ ਏ-ਕੇ ਸੰਤਾਲੀ ’ਚ ਚੱਲਣ ਦੀ ਆਵਾਜ਼ ਆ ਰਹੀ ਸੀ।

ਊਧਮ ਸਿੰਘ ਨੇ ਵੇਦਨਾ ਭਰੀਆਂ ਅੱਖਾਂ ਨਾਲ ਉਸ ਵੱਲ ਤੱਕਿਆ ਅਤੇ ਹੌਲੀ ਹੌਲੀ ਬੋਲਿਆ: ਤੂੰ ਮਰੇਂਗੀ ਨਹੀਂ ਜੱਸੀ, ਤੂੰ ਮੈਨੂੰ ਨਵਾਂ ਜੀਵਨ ਦਿੱਤਾ, ਮੈਂ ਤਾਂ ਐਵੇਂ ਹਵਾ ’ਚ ਉੱਡਦਾ ਤੀਲਾ ਸਾਂ।.....ਜੇ....ਜੇ ਤੂੰ ਮਰ ਗਈ ਜੱਸੀ ਤਾਂ ਵਾਹਿਗੁਰੂ ਵੀ ਸੌਂਹ, ਮੈਂ ਇਸ ਥਾਣੇਦਾਰ ਨੂੰ ਨਹੀਂ ਛੱਡਾਂਗਾ...। ਮੈਂ...ਮੈਂ ਇਸ ਦਾ ਬੀਜ ਨਾਸ਼ ਕਰ ਦੇਵਾਂਗਾ....। ਮੈਂ ਵੀ ਊਧਮ ਸਿੰਘ ਹਾਂ, ਊਧਾ ਧਾੜਵੀ....।”

✶✶✶

## ਸਾਡੇ ਹਿੱਸੇ ਦਾ ਹਿੰਦੁਸਤਾਨ/ ਅਤਰਜੀਤ

ਗਾਂ ਦੇ ਡੰਡਾ ਮਾਰਨ ਵਾਲ਼ਾ ਤਾਂ ਉਹ ਮਾਰ ਬੈਠਾ, ਪਰ ਕੀ ਪਤਾ ਸੀ ਕਿ ਨਿੱਕੀ ਜਿੰਨੀ ਗੱਲ-'ਬਾਤ ਦਾ ਬਤੰਗੜ' ਬਣ ਜਾਵੇਗੀ। ਧਰਮ ਦੇ ਦੋ ਰਾਖਿਆਂ, ਮੱਥੇ ਉੱਪਰ ਲਾਲ ਟਿੱਕਾ ਲਾਈ ਕੋਠੇ ਤੋਂ ਸੂਰਜ ਨੂੰ ਪਾਣੀ ਦੇ ਕੇ ਉੱਤਰੇ, ਭਗਤ ਰਾਮ ਅਤੇ ਬੱਸ ਕੰਡਕਟਰ ਸੋਮ ਨਾਥ ਉਸ ਦੇ ਗਲ਼ ਪੈ ਗਏ। ਬੋਲੇ ਵੀ ਇਉਂ ਖਾ ਜਾਣ ਵਾਲ਼ਿਆਂ ਵਾਂਗ- ਨਿਰੀ ਜ਼ਹਿਰ ਉਗਲੱਛਦੇ, ਬੇਇੱਜ਼ਤੀ ਕਰਨ ਵਾਲ਼ੇ ਸ਼ਬਦ-"ਮਾਹਟਰਾ! ਕਿਉਂ ਕਸਾਪੁਣਾ ਕਰਦੈਂ ? ਕੀ ਹੋ ਗਿਆ ਜੇ ਭੁੱਖੀ ਮਰਦੀ ਬੂਟਿਆਂ ਨੂੰ ਮੂੰਹ ਮਾਰ ਗਈ ? ਪਤੰਦਰਾ ਧੇਹ ਕਰਕੇ ਧਰ ਦਿੱਤੀ ਸੋਟੀ ਵਿਚਾਰੀ ਦੇ। ਵੱਡਾ ਮਾਹਟਰ ਬਣਿਆ ਫਿਰਦੈਂ।" ਪੁਲਸੀਆ ਰਾਮ ਪ੍ਰਕਾਸ਼ ਵੀ ਕੋਲ਼ ਦੀ ਲੰਘਿਆ ਜਾਂਦਾ ਰੁਕ ਗਿਆ ਤੇ ਦੰਦ ਜਿਹੇ ਵਿਖਾਉਂਦਾ ਖੜ੍ਹਾ ਸਭ ਕੁੱਝ ਦੇਖਦਾ ਰਿਹਾ।

ਕੋਲ਼ੋਂ ਲੰਘੇ ਜਾਂਦੇ ਥਾਣੇਦਾਰ ਰਾਮ ਪ੍ਰਕਾਸ਼ ਤੋਂ ਉਸ ਨੂੰ ਉਮੀਦ ਸੀ ਕਿ ਉਹ ਠੰਡਾ ਛਿੜਕੇਗਾ, ਪਰ ਉਹ ਚੁੱਪ ਕਰਕੇ ਅੱਖਾਂ ਵਿੱਚ ਮੁਸਕ੍ਰਾਉਂਦਾ ਅਗਾਂਹ ਤੁਰ ਗਿਆ ਸੀ। ਵਿਨੋਦ ਕੁਮਾਰ ਤੋਂ ਰਿਹਾ ਨਾ ਗਿਆ-ਉਹ ਉੱਚੀ ਉੱਚੀ ਬੋਲਣ ਲੱਗ ਪਿਆ ਜਿਵੇਂ ਕਮਲ ਚੜ੍ਹ ਗਿਆ ਹੋਵੇ-" ਦੇਖੋ ਜੇ ਕਿਸੇ ਨੂੰ ਬਹੁਤਾ ਤਰਸ ਆਉਂਦੈ ਤਾਂ ਆਪਣੇ ਘਰ ਰੱਖ ਕੇ ਉਸਦੀ ਸੇਵਾ ਤੇ ਇਲਾਜ ਕਰਾ ਸਕਦੈ। ਮੰਨ ਲਉ ਕਿ ਗਊ ਸਾਡੀ ਮਾਂ ਹੈ... ਤਾਂ ਫਿਰ ਇਹ ਦੱਸੋ ਬਈ ਕੋਈ ਆਪਣੀ ਮਾਂ ਨੂੰ ਇਉਂ ਸੜਕਾਂ 'ਤੇ ਭੁੱਖੀ ਮਰਨ ਦਿਊਗਾ। ਕੋਈ ਮਾਂ ਨੂੰ ਘਰੋਂ ਕੱਢੂਗਾ, ਜਿਵੇਂ ਇਹ ਸੈਂਕੜੇ ਤੇ ਹਜ਼ਾਰਾਂ ਹੀ ਸੜਕਾਂ 'ਤੇ ਅਵਾਰਾ ਫਿਰਦੀਆਂ ਹਨ ? ਕੋਈ ਆਪਣੀ ਮਾਂ ਨਾਲ਼ ਅਵਾਰਾ ਸ਼ਬਦ ਲੱਗਿਆ ਪਸੰਦ ਕਰੂਗਾ ? ਜਿੰਨਾ ਚਿਰ ਦੁੱਧ ਦਿੰਦੀ ਹੈ, ਗਊ ਮਾਤਾ, ਜਦੋਂ ਦੁੱਧ ਦੇਣੋ ਹਟ ਗਈ, ਮਾਰੋ ਡੰਡਾ ਕੱਢੋ ਬਾਹਰ। ਫਿਰ ਇਹ ਮਤ੍ਰੇਈ ਮਾਂ ਵੀ ਨਹੀਂ ਰਹਿੰਦੀ। ਤੇ ਫਿਰ ਜਿਹੜੇ ਢੱਠੇ ਸੜਕਾਂ 'ਤੇ ਲੋਕਾਂ ਦੇ ਕਾਤਲ ਬਣੇ ਫਿਰਦੇ ਐ, ਆਖੋ ਬਈ ਸਾਡੇ ਪਿਉ ਨੇ। ਤੇ ਆਹ ਗਊਸ਼ਾਲਾ ਵਾਲ਼ੇ-ਅਖੇ ਗਊਆਂ ਦਾ ਸਰਾਪ ਨੀ ਲਹਿ ਸਕਦਾ ਭਾਵੇਂ ਲੱਖ ਤੀਰਥਾਂ 'ਤੇ ਨ੍ਹਾ ਲੀਂ। ਦੁੱਧ ਦੇਣ ਵਾਲ਼ੀਆਂ ਗਊਸ਼ਾਲਾ ਵਿੱਚ ਤੇ ਬਾਕੀ ਦੀਆਂ ਪਾਪ ਧੋਣ ਲਈ ਸੜਕਾਂ 'ਤੇ।"

ਗਲ਼ੀ ਦੇ ਬਾਕੀ ਲੋਕਾਂ ਨੂੰ ਭਾਵੇਂ ਸਾਰੀ ਗੱਲ ਦਾ ਪਤਾ ਲੱਗ ਗਿਆ ਸੀ ਪਰ ਉਹਨਾਂ ਵਿੱਚੋਂ ਕੋਈ ਨਾ ਉਸਦੇ ਵਿਰੋਧ ਵਿੱਚ ਆਇਆ ਨਾ ਪੱਖ ਵਿੱਚ। ਬਾਹਰ ਗਲ਼ੀ ਵਿੱਚ ਕਈ ਜਣੇ ਖੜ੍ਹੇ ਦੇਖਦੇ ਰਹੇ ਬੱਸ। ਮਨ ਮਸੋਸ ਕੇ ਉਹ ਅੰਦਰ ਆ ਵੜਿਆ।

ਵਿਸ਼ਵ ਵਾਤਾਵਰਨ ਦਿਵਸ ਮੌਕੇ ਉਸਨੇ ਆਪਣੀ ਗਲ਼ੀ ਵਿੱਚ ਕੰਧ ਦੇ ਨਾਲ਼ ਦੋ ਕਿਆਰੀਆਂ ਬਣਾ ਕੇ ਅਤੇ ਜੰਗਲਾ ਲਵਾ ਕੇ ਫੁੱਲਦਾਰ ਬੂਟੇ ਅਤੇ ਕੁੱਝ ਵੱਡੇ ਝਾੜੀਦਾਰ ਸ਼ਿੰਗਾਰ ਬੂਟੇ ਲਾ ਦਿੱਤੇ ਸਨ। ਅੱਜ ਕੀ ਹੋਇਆ ਕਿ ਇਕ ਢਾਈ ਕੁ ਹੱਡੀਆਂ ਵਾਲ਼ੀ ਅਵਾਰਾ ਗਾਂ, ਜੋ ਸੜਕ 'ਤੇ ਘਸ ਘਸ ਕੇ ਜ਼ਖ਼ਮੀ ਹੋਏ ਖੁਰਾਂ ਕਰਕੇ, ਤੁਰਨ ਤੋਂ ਵੀ ਆਰੀ ਸੀ, ਐਨੀ ਉੱਚੀ ਗਰਿੱਲ ਦੇ ਉੱਤੋਂ ਦੀ ਪਤਾ ਨਹੀਂ ਕਿਵੇਂ ਮੂੰਹ ਪਾ ਕੇ ਵੱਡੇ ਸ਼ਿੰਗਾਰ-ਬੂਟੇ ਮੁੱਛ ਗਈ ਸੀ। ਉਸਨੂੰ ਇਸ ਦਾ ਬਹੁਤ ਦੁੱਖ ਹੋਇਆ ਸੀ, ਬੂਟਿਆਂ ਉੱਪਰ ਰੂਪ ਵੀ ਲੋਹੜੇ ਦਾ ਚੜ੍ਹਿਆ ਸੀ, ਸਵੇਰੇ ਉੱਠ ਕੇ ਜ਼ਰੂਰ ਵੇਖਣ ਆਉਂਦਾ। ਉੱਪਰੋਂ ਚਾਰ ਚਾਰ ਉਂਗਲ਼ਾਂ ਲਾਪਰੇ ਬੂਟੇ ਦੇਖ ਕੇ ਉਸ ਦਾ ਮਨ ਵਲੂੰਧਰਿਆ ਗਿਆ ਤੇ ਹਰਖ ਜਿਹੇ ਵਿੱਚ ਉਸ ਨੇ ਗਾਂ ਦੇ ਪੁੜੇ 'ਤੇ ਡੰਡਾ ਮਾਰ ਦਿੱਤਾ ਜੋ ਧਰਮ ਦਾ ਮੁੱਦਾ ਬਣ ਗਿਆ।

ਹਰ ਰੋਜ਼ ਵੇਖਦਾ ਸੀ ਉਹ ਕਿ ਗਲ਼ੀ ਗੁਆਂਢ ਦੀਆਂ ਔਰਤਾਂ ਅਤੇ ਕੁੱਝ ਮਰਦ ਉਸ ਗਾਂ ਦੇ ਮੂੰਹ ਵਿੱਚ ਆਟੇ ਦਾ ਪੇੜਾ ਜਾਂ ਰੋਟੀ ਦਾ ਟੁਕੜਾ ਪਾਉਂਦਿਆਂ ਨੂੰ। ਕੁੱਝ ਔਰਤਾਂ ਤਾਂ ਉਸ ਦੇ ਪੈਰੀਂ ਹੱਥ ਲਾਉਦੀਆਂ ਸਨ। ਪਰ ਤਕਰੀਬਨ ਹਰ ਰੋਜ਼ ਹੀ ਇਹ ਗਾਂ ਉਸ ਦੇ ਬੂਹੇ ਅੱਗੇ ਮੋਕ ਮਾਰ ਕੇ ਸਵੱਛ ਭਾਰਤ ਕਰ ਜਾਂਦੀ ਸੀ, ਜਿਵੇਂ ਉਸ ਨਾਲ਼ ਹੀ ਕੋਈ ਵੈਰ ਕੱਢ ਰਹੀ ਹੋਵੇ।

ਹੁਣ ਉਸ ਦੇ ਮਨ ਵਿੱਚ ਇਹ ਵਿਚਾਰ ਘੁੰਮ ਰਹੇ ਸਨ ਕਿ ਉਸ ਨੂੰ ਇਹ ਆਖ ਦੇਣੇ ਚਾਹੀਦੇ ਸਨ–"ਵੀਹ ਸਾਲ ਚਿੱਤੜ ਘਸਾਏ ਐ ਡਿਗਰੀਆਂ ਤਾਂ ਮਿਲ਼ੀਐਂ। ਤੂੰ ਨਾ ਲੈ ਲੀਆਂ ਸੂਰਜ ਨੂੰ ਪਾਣੀ ਪਾ ਪਾ ਕੇ ਡਿਗਰੀਆਂ। ਐਵੇਂ ਨੀ ਮਾਸਟਰ ਬਣਿਆ, ਚਿੱਤੜ ਉੱਚੜ ਜਾਂਦੇ ਸੀ ਤੱਪੜ 'ਤੇ ਬੈਠੇ ਦੇ।"

ਸ਼ਾਇਦ ਮਸਲਾ ਖ਼ਿਆਲਾਂ ਦਾ ਸੀ। ਜਗਰਾਤੇ ਵਾਲ਼ੇ ਦਿਨ ਜਦੋਂ ਗਲ਼ੀ ਵਿੱਚ ਜੋਤ ਆਉਂਦੀ ਸੀ, ਉਹ ਤੇ ਸਵਿੱਤਰੀ ਨੱਚਣ ਵਾਲ਼ਿਆਂ ਵਿੱਚ ਸ਼ਾਮਿਲ ਨਹੀਂ ਸੀ ਹੁੰਦੇ। ਇਕ ਦੂਜੇ ਵੱਲ ਦੇਖ ਕੇ ਦੰਦ ਕੱਢਣ ਲੱਗ ਪੈਂਦੇ ਸਨ। ਭੌਂਪੂ ਵਾਜਿਆਂ ਦੇ ਸ਼ੋਰ ਵਿੱਚ ਕੰਨ ਪਾੜਦੇ ਪਟਾਕਿਆਂ ਦੀ ਦਾੜ ਦਾੜ ਵਿੱਚ ਆ ਰਹੀ ਦੋ ਘੋੜਿਆਂ ਵਾਲ਼ੀ ਬੱਘੀ ਉੱਪਰ ਬਾਰਾਂ ਚੌਦਾਂ ਕੁ ਸਾਲ ਦੀ ਕੁੜੀ ਦੇ ਸਾੜ੍ਹੀ ਪਵਾ ਕੇ ਸ਼ੇਰਾਂ ਵਾਲ਼ੀ ਮਾਤਾ ਬਣੀ ਨੂੰ ਵੇਖ ਕੇ ਦੂਜੇ ਲੋਕਾਂ ਵਾਂਗ ਇਕ ਦੂਜੇ ਤੋਂ ਮੂਹਰੇ ਹੋ ਕੇ ਕੁੜੀ ਦੇ ਚਰਨ ਨਹੀਂ ਸੀ ਛੂੰਹਦੇ।

ਹੁਣ ਇਹ ਜਿਹੜੀ ਹਿੰਦੁਸਤਾਨ ਵਿੱਚ 'ਜੈ ਸ੍ਰੀ ਰਾਮ' ਅਤੇ 'ਗਊ ਮਾਤਾ ਦੀ ਜੈ' ਦੀ ਮੁਹਾਰਨੀ ਪੜ੍ਹੀ ਜਾ ਰਹੀ ਸੀ, ਉਸ ਨੂੰ ਪ੍ਰੇਸ਼ਾਨ ਕਰ ਰਹੀ ਸੀ। ਉਹ ਸਵੇਰੇ ਰੋਜ਼ ਗਾਰਡਨ ਵਿੱਚ ਸੈਰ ਕਰਨ ਜਾਂਦਾ ਸੀ, ਜਿੱਥੇ ਕੁੱਝ ਖਾਕੀ ਨਿੱਕਰਾਂ ਵਾਲ਼ਿਆਂ ਨੂੰ ਇਹ ਨਾਅਰੇ ਲਾਉਂਦਿਆਂ ਨੂੰ ਉਹ ਰੋਜ਼ ਵੇਖਦਾ ਸੀ। ਬੇਸ਼ੱਕ ਹਰ ਕੋਈ ਆਪਣੇ ਆਪ ਵਿੱਚ ਮਸਤ ਉਨ੍ਹਾਂ ਕੋਲ਼ੋਂ ਲੰਘ ਜਾਂਦਾ ਸੀ, ਪਰ ਵਿਨੋਦ ਕੁਮਾਰ ਇਸ ਵਰਤਾਰੇ ਤੋਂ ਸੋਚਾਂ ਵਿੱਚ ਪਿਆ ਹੋਇਆ ਸੀ। ਉਸ ਨੂੰ ਨਾਅ੍ਹਰੇ ਲਾਉਣ ਵਾਲ਼ਿਆਂ ਦੇ ਤੌਰ ਸਹਿਜ ਨਹੀਂ ਸਨ ਜਾਪੇ, ਭੜਕਾਹਟ ਅਤੇ ਨਫ਼ਰਤ ਭਰੇ ਲੱਗੇ ਸਨ ਲਾਲ ਸੂਹੇ ਚਿਹਰੇ ਤੇ ਘਸੁੰਨ ਹਵਾ ਵਿੱਚ ਲਹਿਰਾਏ ਹੋਏ। "ਠੀਕ ਹੈ, ਉਨ੍ਹਾਂ ਦਾ ਇਸ਼ਟ ਹੈ, ਵਿਸ਼ਵਾਸ ਹੈ, ਲਾਉਣ ਨਾਅਰੇ ਪਰ ਸਹਿਜਤਾ ਵੀ ਤਾਂ ਕੋਈ ਚੀਜ਼ ਹੁੰਦੀ ਐ।"

ਖ਼ੁਦ ਬ੍ਰਹਿਮਣ ਪਰਿਵਾਰ ਵਿੱਚ ਪੈਦਾ ਹੋਇਆ ਵਿਨੋਦ ਕੁਮਾਰ ਗਊ ਨੂੰ ਮਾਤਾ ਦਾ ਦਰਜ਼ਾ ਨਹੀਂ ਸੀ ਦਿੰਦਾ। ਉਸ ਨੇ ਪੜ੍ਹਿਆ ਸੀ ਕਿ ਵੈਦਿਕ ਯੁੱਗ ਵਿੱਚ ਗਊ ਮਾਸ ਦਾ ਯੱਗ ਕੀਤਾ ਜਾਂਦਾ ਸੀ। ਹੁਣ ਵੀ ਕੇਰਲਾ, ਬੰਗਾਲ ਤੇ ਕਈ ਹੋਰ ਖੇਤਰਾਂ ਵਿੱਚ ਬਹੁਤ ਹਿੰਦੂ ਗਊ ਦਾ ਮਾਸ ਖਾਂਦੇ ਹਨ, ਮੁਸਲਿਮ ਭਾਈਚਾਰਾ ਤਾਂ ਖਾਂਦਾ ਹੀ ਹੈ। ਦਿੱਲੀ ਮੁਸਲਿਮ ਇਲਾਕੇ ਵਿੱਚ ਪਹਿਲੀ ਵਾਰ ਉਸ ਨੇ ਵੇਖਿਆ ਸੀ ਕਿ ਕਿਵੇਂ ਗਾਂਵਾਂ ਵੱਢ ਕੇ ਟੰਗੀਆਂ ਹੋਈਆਂ ਸਨ। ਇਸ ਗੱਲ ਨੂੰ ਵੀਹ ਪੱਚੀ ਸਾਲ ਹੋ ਗਏ ਹੋਣਗੇ, ਜਦੋਂ ਉਹ ਮੁਸਲਮਾਨੀ ਇਲਾਕੇ ਵਿੱਚੋਂ ਲੰਘਿਆ ਸੀ। ਬਹੁਤ ਘਰ ਹਿੰਦੂਆਂ ਦੇ ਵੀ ਸਨ। ਉਸ ਦੀ ਭੂਆ ਦਾ ਘਰ ਉਸ ਇਲਾਕੇ ਵਿੱਚ ਹੀ ਸੀ। ਉਸ ਤੋਂ ਬਾਅਦ ਵੀ ਉਹ ਅਨੇਕਾਂ ਵਾਰ ਭੂਆ ਨੂੰ ਮਿਲਣ ਗਿਆ ਸੀ ਤੇ ਹਰ ਵਾਰ ਖੁੱਲ ਕੇ ਟੰਗੀਆਂ ਗਊਆਂ ਨੂੰ ਵੇਖਦਾ ਰਿਹਾ ਸੀ। ਹਰ ਵਾਰ ਉਹ ਤੇ ਉਸ ਦੀ ਭੂਆ ਦਾ ਪੁੱਤ ਤੇ ਹੋਰ ਲੋਕ, ਕੋਲ਼ੋਂ ਦੀ ਬੇਧਿਆਨੇ ਹੀ ਲੰਘ ਜਾਂਦੇ ਸਨ। ਦੁਨੀਆਂ ਦਾ ਕੋਈ ਮੁਲਕ ਅਜਿਹਾ ਨਹੀਂ ਜਿੱਥੇ ਗਾਂ ਦਾ ਮਾਸ ਨਾ ਖਾਧਾ ਜਾਂਦਾ ਹੋਵੇ। ਸਾਡੇ ਹੀ ਪਤਾ ਨੀ ਲੋਕਾਂ ਨੂੰ ਕੀ ਫਿਟਕ ਵੱਜੀ ਐ ?"

ਇੱਥੇ ਸ਼ਹਿਰ ਵਿੱਚ ਆ ਕੇ ਉਸ ਨੇ ਸਭ ਤੋਂ ਪਹਿਲਾ ਕੰਮ ਨੇਮ ਪਲੇਟ ਤੋਂ ਆਪਣੇ ਨਾਂ

ਨਾਲ਼ ਲੱਗਿਆ ਸ਼ਰਮਾ ਸ਼ਬਦ ਹਟਾਇਆ ਸੀ। ਇਹ ਉਸਦਾ ਗੁਣ ਸੀ ਜਾਂ ਔਗੁਣ, ਉਹ ਆਪਣੇ ਰੋਜ਼ਾਨਾ ਦੇ ਵਿਵਹਾਰ 'ਚੋਂ ਹੀ ਗਲ਼ੀ ਮੁਹੱਲੇ ਦੇ ਲੋਕਾਂ ਨਾਲ਼ ਘਿਉ-ਖਿਚੜੀ ਨਾ ਹੋ ਸਕਿਆ। ਸ਼ਹਿਰ ਵਿੱਚ ਇਕੱਠੀ ਹੋਈ ਵਣ ਵਣ ਦੀ ਲੱਕੜੀ, ਕੌਣ ਕਿਸੇ ਨਾਲ਼ ਘਿਉ-ਖਿਚੜੀ ਹੋ ਕੇ ਰਹਿ ਰਿਹਾ ਸੀ ? ਸਭ ਆਪੋ ਆਪਣੇ ਸੀਮਤ ਧਾਰਮਿਕ ਅਤੇ ਸਮਾਜਿਕ ਘੇਰੇ ਵਿੱਚ ਭੱਜੇ ਨੱਠੇ ਫਿਰਦੇ ਦਿਖਾਈ ਦਿੰਦੇ ਸਨ, ਆਪਣੇ ਆਪਣੇ ਧੰਦਿਆਂ ਵਿੱਚ ਮਸਤ। ਨਿੱਤਨੇਮ ਨਾਲ਼ ਗੁਰਦੁਆਰੇ ਜਾਣ ਵਾਲ਼ਾ ਵਿਨੋਦ ਕੁਮਾਰ ਹੁਣ ਕਦੇ ਗੁਰਦੁਆਰੇ ਨਹੀਂ ਗਿਆ। ਬਸਤੀ ਵਿੱਚ ਸਿਰਫ਼ ਦੋ ਬੰਦੇ ਸਨ, ਜੋ ਉਸ ਨਾਲ਼ ਗੁਰੂ ਘਰ ਵਿੱਚ ਵਾਕਫ਼ ਹੋਏ ਸਨ-ਬਿਸ਼ਨ ਸਿੰਘ ਅੰਮ੍ਰਿਤਧਾਰੀ ਸਿੰਘ ਤੇ ਸੇਵਾ ਮੁਕਤ ਹੌਲਦਾਰ ਚਰੰਜੀ ਲਾਲ ਸ਼ਰਮਾ, ਜੋ ਵਿਨੋਦ ਕੁਮਾਰ ਨਾਲ਼ ਹੋਏ ਵਚਨ ਬਿਲਾਸ ਤੋਂ ਕਾਫ਼ੀ ਪ੍ਰਭਾਵਤ ਹੋਏ ਸਨ। ਪਹਿਲੀ ਵਾਰ ਬੰਦਗੀ ਸ਼ਬਦ ਦੇ ਅਰਥ ਇਨਸਾਨੀਅਤ ਜਾਂ ਆਦਮੀਅਤ ਸੁਣ ਕੇ ਜਿਵੇਂ ਉਨ੍ਹਾਂ ਦੇ ਕਪਾਟ ਹੀ ਖੁੱਲ੍ਹ ਗਏ। ਜਦੋਂ ਵੀ ਬਿਸ਼ਨ ਸਿੰਘ ਉਸ ਨੂੰ ਜਾਂਦਿਆਂ ਆਉਂਦਿਆਂ ਮਿਲ਼ਦਾ ਸੀ, ਹੱਥ ਭਰ ਝੁਕ ਕੇ ਫਤਿਹ ਬੁਲਾਉਂਦਾ ਸੀ ਤੇ ਓਨਾ ਚਿਰ ਹੱਥ ਜੋੜ ਕੇ ਖੜ੍ਹਾ ਰਹਿੰਦਾ, ਜਦੋਂ ਤੱਕ ਵਿਨੋਦ ਕੁਮਾਰ ਉਸਦੇ ਦੁਹਾਂ ਹੱਥਾਂ ਨੂੰ, ਦੁਹਾਂ ਹੱਥਾਂ ਨਾਲ਼ ਫੜ ਕੇ ਆਪਣੇ ਮੱਥੇ ਨਾਲ਼ ਨਾ ਲਾ ਲੈਂਦਾ। ਇਸ ਗੱਲ ਦਾ ਸਕੂਨ ਹੋਣ ਦੇ ਬਾਵਜੂਦ ਲੋਕਾਂ ਦੀ ਹਰ ਮਸਲੇ 'ਤੇ ਚੁੱਪ ਅਤੇ ਕਿਸੇ ਵੀ ਗੱਲ ਵਿੱਚ ਦਖ਼ਲ ਨਾ ਦੇਣ ਦਾ ਸੁਭਾਅ ਉਸ ਨੂੰ ਪ੍ਰੇਸ਼ਾਨ ਕਰ ਰਿਹਾ ਸੀ ਜਿਵੇਂ ਉਹ ਇਸ ਸ਼ਹਿਰ ਦੀ ਭੀੜ ਵਿੱਚ ਉਸਦੀ ਆਵਾਜ਼ ਇਕੱਲੀ ਸੀ।

"ਮਾਸਟਰ ਜੀ, ਆਇਆ ਕਰੋ ਗੁਰੂ ਘਰ, ਸੰਗਤ ਨੂੰ ਸੁਣਾਇਆ ਕਰੋ, ਕੋਈ ਵਚਨ ਬਿਲਾਸ।" ਹੌਲਦਾਰ ਚਰੰਜੀ ਲਾਲ ਨੇ ਕਿਹਾ ਸੀ। ਸੁਣ ਕੇ ਵਿਨੋਦ ਕੁਮਾਰ ਦੇ ਚਿਹਰੇ ਉੱਪਰ ਵਿਅੰਗਮਈ ਮੁਸਕ੍ਰਾਹਟ ਤੈਰ ਗਈ ਸੀ। ਨਾ ਚਾਹੁੰਦਿਆਂ ਵੀ ਉਸ ਨੇ ਦਿਲ ਦੀ ਗੱਲ ਆਖ ਹੀ ਦਿੱਤੀ-"ਸੰਗਤਾਂ ਨੀ ਸੁਣਦੀਆਂ ਜੀ ਵਚਨ-ਬਿਲਾਸ। ਸੰਗਤਾਂ ਤਾਂ ਆਉਂਦੀਆਂ ਹੀ ਅਰਦਾਸ ਮੌਕੇ ਨੇ ਤੇ ਦੇਗ ਲੈ ਕੇ ਸਭ ਨੂੰ ਭੱਜਣ ਦੀ ਕਾਹਲ ਹੁੰਦੀ ਹੈ। ਮੈਂ ਤਾਂ ਵੇਖ ਲਿਆ ਹੈ।"

ਬਿਸ਼ਨ ਸਿੰਘ ਨੇ ਉਸ ਦੀ ਹਾਮੀ ਭਰੀ ਸੀ-"ਗੱਲ ਤਾਂ ਥੋਡੀ ਰੋੜ ਅਰਗੀ ਐ ਮਾਹਟਰ ਜੀ। ਹੁਕਮਨਾਮਾ ਵੀ ਨੀ ਸੁਣਦੇ ਚੱਜ ਨਾਲ਼ ! ਬੱਸ ਗੋਲਕ ਵਿੱਚ ਢਾਲਾ ਸੁੱਟਿਆ। ਗੁਰੂ ਘਰ ਵਿੱਚ ਹਾਜ਼ਰੀ ਲੱਗ ਗਈ। ਐਨਾ ਕੁ ਗਿਆਨ ਈ ਐ ਸੰਗਤਾਂ ਨੂੰ।"

ਅਜੇ ਉਸ ਦੀ ਗੱਲ ਵਿਚਾਲੇ ਹੀ ਸੀ ਚਰੰਜੀ ਲਾਲ ਬੋਲ ਪਿਆ। ਉਸਨੇ ਸਹਿਵਨ ਹੀ ਵਿਨੋਦ ਕੁਮਾਰ 'ਤੇ ਸੁਆਲ ਕੀਤਾ ਸੀ-"ਮਾਸਟਰ ਜੀ, ਇਹ ਜਿਹੜਾ ਰਾਮ ਰਾਮ ਦਾ ਰੌਲ਼ਾ ਪਿਆ ਹੋਇਆ ਹੈ, ਥੋਡਾ ਕੀ ਵਿਚਾਰ ਹੈ ? ਬਾਣੀ ਤਾਂ ਕਹਿੰਦੀ ਐ-ਰਾਮ ਰਾਮ ਕਰਤਾ ਜਗ ਫਿਰੇ ਰਾਮ ਨਾ ਪਾਇਆ ਜਾਏ। ਕੀ ਮਾਜਰਾ ਹੈ ?"

ਵਿਨੋਦ ਕੁਮਾਰ ਨੂੰ ਝਟਕਾ ਜਿਹਾ ਵੱਜਾ ਕਿ ਇਕ ਹਿੰਦੂ ਹੋ ਕੇ ਇਹ ਕੀ ਪੁੱਛ ਰਿਹਾ ? ਪਲ ਕੁ ਸੋਚ ਕੇ ਉਸਨੇ ਝਿਜਕਦਿਆਂ ਜਿਹੇ ਜਵਾਬ ਦਿੱਤਾ ਸੀ-" ਬਾਣੀ ਤਾਂ ਇਹ ਵੀ ਕਹਿੰਦੀ ਹੈ- "ਕੋਈ ਬੋਲੈ ਰਾਮ ਰਾਮ ਕੋਈ ਖੁਦਾਇ ॥ ਕੋਈ ਸੇਵੈ ਗੁਸਈਆਂ ਕੋਈ ਆਲਾਇ ॥ ਮੈਂ ਸਮਝਦਾ ਹਾਂ ਕਿ ਰਾਮ ਸਾਡੇ ਮੁਲਕ ਦੇ ਗਿਆਨ ਅਨੁਸਾਰ ਸਰਵ ਵਿਆਪਕ ਸ਼ਬਦ ਹੈ। ਰਾਮ, ਰਹੀਮ, ਅੱਲਾ, ਪ੍ਰਮਾਤਮਾ, ਰੱਬ, ਈਸ਼ਵਰ, ਵਾਹਿਗੁਰੂ ਜੋ ਮਰਜ਼ੀ ਸਮਝ ਲਉ, ਇਕੋ ਅਰਥ ਰੱਖਦੇ ਹਨ। ਜਿਸ ਰਾਮ ਨੂੰ ਇਕ ਖ਼ਾਸ ਕਿਸਮ ਦੇ ਲੋਕ ਰਾਮ ਮੰਨਦੇ ਹਨ, ਉਹ ਰਾਮ ਨੂੰ ਸਿਰਫ਼ ਆਪਣੇ ਤੱਕ ਸੀਮਤ ਕਰ ਲੈਂਦੇ ਹਨ, ਸਰਵ ਸਾਂਝਾ ਨਹੀਂ ਰਹਿਣ ਦਿੰਦੇ।" ਉਹ ਕਹਿਣਾ ਚਾਹੁੰਦਾ ਸੀ ਕਿ ਮਿਥਿਹਾਸ ਦੇ

ਰਾਮ ਚੰਦਰ ਰਾਜੇ ਨੂੰ ਹੀ ਰਾਮ ਮੰਨ ਛੱਡਿਆ ਹੈ ਸਕੀਰਨ ਲੋਕਾਂ ਨੇ। ਜੀਅ ਤਾਂ ਉਸ ਦਾ ਇਹ ਕਹਿਣ ਨੂੰ ਵੀ ਕਰਦਾ ਸੀ ਕਿ ਉਹ ਆਖੇ–"ਬਾਲਮੀਕ ਸਾਹਿਬ ਉੱਚ ਕੋਟੀ ਦੇ ਕਵੀ ਹੋਏ ਹਨ, ਉਨ੍ਹਾਂ ਨੇ ਰਾਮਾਇਣ ਕਾਵਿ ਨਾਟਕ ਦੀ ਰਚਨਾ ਕੀਤੀ, ਕਿਤੇ ਵੀ ਰਾਮ ਨੂੰ ਅਵਤਾਰ ਨੀ ਲਿਖਿਆ। ਤੁਲਸੀ ਨੇ ਕਈ ਕੁੱਝ ਨਵਾਂ ਪਾ ਕੇ ਰਾਮ ਨੂੰ ਭਗਵਾਨ ਦਾ ਦਰਜਾ ਦੇਣ ਦੀ ਕੋਸ਼ਿਸ਼ ਕੀਤੀ ਸੀ। ਹਰੇਕ ਲੇਖਕ ਆਪਣੇ ਵਿਚਾਰਾਂ ਦਾ ਵਾਧਾ ਘਾਟਾ ਕਰ ਹੀ ਜਾਂਦੈ।" ਪਰ ਉਹ ਸੰਜਮ ਵਰਤ ਗਿਆ।

———

ਕੁੱਝ ਦਿਨਾਂ ਬਾਅਦ ਬਿਸ਼ਨ ਸਿੰਘ ਤੇ ਹੌਲਦਾਰ ਚਰੰਜੀ ਲਾਲ ਉਸ ਨੂੰ ਮਿਲ਼ਣ ਆਏ ਸਨ। ਫਿਕਰਮੰਦੀ ਜਿਹੀ ਜਾਹਿਰ ਕਰਦਿਆਂ ਬਿਸ਼ਨ ਸਿੰਘ ਨੇ ਕਿਹਾ ਸੀ–"ਮਾਹਟਰ ਜੀ ਆਹ ਗਾਂ ਗੂੰ ਜੀ ਦਾ ਕੀ ਮਸਲਾ ਖੜ੍ਹਾ ਹੋ ਗਿਆ। ਕਨਡਕਟਰ ਸੋਮ ਨਾਥ ਹਿੰਦੂ ਪਰਿਵਾਰਾਂ 'ਚ ਤੁਹਾਡੇ ਵਿਰੁੱਧ ਪ੍ਰਚਾਰ ਕਰਨ ਲੱਗਿਆ ਹੋਇਐ, ਅਖੇ ਗਊ ਮਾਤਾ ਦੇ ਡਾਂਗ ਮਾਰੀ।" ਸੁਣ ਕੇ ਵਿਨੋਦ ਕੁਮਾਰ ਬੇਚੈਨ ਹੋ ਗਿਆ। ਉਸ ਨੂੰ ਪਿਛਲੇ ਦਿਨੀ ਹੋਈ ਘਟਨਾ ਚੇਤੇ ਆ ਗਈ, ਜਦੋਂ ਕੰਡਕਟਰ ਸੋਮ ਨਾਥ ਨਾਲ਼ ਤਾਂ ਉਸਦਾ ਪਹਿਲੀ ਵਾਰ ਵਾਹ ਪਿਆ ਸੀ... ਜਦੋਂ ਸਾਮ੍ਹਣੇ ਘਰ ਵਾਲ਼ਿਆਂ ਦੀ ਕੁੜੀ ਨੇ ਚੂਰਨ ਦੀਆਂ ਗੋਲ਼ੀਆਂ ਦੇ ਭੁਲੇਖੇ ਚੂਹੇ ਮਾਰਨ ਵਾਲ਼ੀਆਂ ਗੋਲ਼ੀਆਂ ਦਾ ਫੱਕਾ ਮਾਰ ਲਿਆ ਸੀ। ਪਤਾ ਲੱਗਦੇ ਹੀ, ਹਰਫਲ਼ਿਆ ਵਿਨੋਦ ਕੁਮਾਰ ਉਸ ਘਰ ਗਿਆ ਸੀ। ਵੇਖਿਆ ਕਿ ਘਰ ਵਿੱਚ ਬਾਕੀ ਜੀਅ ਕਿਧਰੇ ਬਾਹਰ ਅੰਦਰ ਗਏ ਹੋਏ ਸਨ। ਉਸਨੇ ਲੂਣ ਘੋਲ਼ ਕੇ ਕਾਫ਼ੀ ਸਾਰਾ ਪਾਣੀ ਕੁੜੀ ਨੂੰ ਧੱਕੇ ਨਾਲ਼ ਪਿਆ ਕੇ ਉਲ਼ਟੀਆਂ ਕਰਵਾਈਆਂ ਸਨ। ਉਸਦੀ ਮਾੜੀ ਹਾਲਤ ਵੇਖ ਕੇ ਉਹ ਬੌਂਦਲ਼ ਜਿਹਾ ਗਿਆ ਪਰ ਤਾਂ ਵੀ ਉਸ ਨੇ ਆਪਣਾ ਸਕੂਟਰ ਕੱਢਿਆ ਤੇ ਕੰਡਕਟਰ ਸੋਮ ਨਾਥ ਨੂੰ ਬੇਨਤੀ ਕੀਤੀ ਕਿ ਉਹ ਕੁੜੀ ਨੂੰ ਸਕੂਟਰ ਦੇ ਮਗਰ ਬਿਠਾ ਕੇ ਮਗਰੋਂ ਸੰਭਾਲ ਕੇ ਬੈਠ ਜਾਵੇ ਤੇ ਹਸਪਤਾਲ ਛੁਡਾ ਕੇ ਆਵੇ। ਸੋਮ ਨਾਥ ਕੁੱਝ ਸਮਾਂ ਚੁੱਪ ਚਾਪ ਖੜ੍ਹਾ ਰਿਹਾ ਤਾਂ ਵਿਨੋਦ ਕਮਾਰ ਨੇ ਦੁਬਾਰਾ ਜ਼ੋਰ ਦੇ ਕੇ ਕਿਹਾ ਸੀ–"ਯਾਰ ਗੱਲ ਕੀ ਐ, ਮੈਂ ਜ਼ਿੰਮੇਵਾਰ ਆਂ ਸਭ ਕਾਸੇ ਦਾ।" ਤਾਂ ਉਹ ਗੁਣਗੁਣੀ ਜਿਹੀ ਆਵਾਜ਼ ਵਿੱਚ ਬੋਲਿਆ ਸੀ–"ਹਸਪਤਾਲ ਵਿੱਚ ਮੈਨੂੰ ਕੌਣ ਜਾਣਦੈ ? ਮੈਂ ਮ...ਮ..."

"ਮੇਰੇ ਨਾਲ਼ ਤਾਂ ਛੁਡਾ ਆਉ ਕੁੜੀ ਨੂੰ, ਗੱਲ ਮੈਂ ਆਪੇ ਸਾਂਭ ਲੂੰ ਯਾਰ। ਐਡੀ ਕੀ ਗੱਲ ਐ ? ਛੱਡ ਕੇ ਆ ਜੀਂ। ਕੁੜੀ ਦੀ ਜਾਨ ਬਚਾਉਣੀ ਜ਼ਰੂਰੀ ਹੈ। ਕੁਛ ਤਾਂ ਇਨਸਾਨੀਅਤ ਚਾਹੀਦੀ ਬੰਦੇ 'ਚ ਯਾਰ।" ਵਿਨੋਦ ਕੁਮਾਰ ਨੂੰ ਇਕ ਤਰ੍ਹਾਂ ਚੀਹ ਚੜ੍ਹ ਗਈ ਸੀ।

"ਪੁਲਸ ਮੈਨੂੰ ਬਿਆਨਾਂ 'ਚ ਘੜੀਸੀ ਫਿਰੂ ਮਾਹਟਰ ਜੀ।" ਕੰਡਕਟਰ ਤੁਰ ਗਿਆ ਸੀ ਤੇ ਕਾਹਲੀ ਨਾਲ਼ ਘਰ ਦਾ ਬੂਹਾ ਲੰਘ ਕੇ ਅੰਦਰ ਵੜ ਗਿਆ ਸੀ। ਅਖੀਰ ਉਸ ਨੂੰ ਇਕ ਦੋਧੀ ਨੂੰ ਰੋਕਣਾ ਪਿਆ ਸੀ। ਉਸ ਦੇ ਮੋਟਰ ਸਾਈਕਲ ਤੋਂ ਢੋਲ ਉਤਰਵਾ ਕੇ ਵਿਨੋਦ ਕੁਮਾਰ ਨੇ ਜੱਫਾ ਭਰ ਕੇ ਕੁੜੀ ਨੂੰ ਮੋਟਰ ਸਾਈਕਲ ਦੀ ਸੀਟ 'ਤੇ ਸੁੱਟਿਆ ਸੀ ਤੇ ਆਪ ਉਸ ਨੂੰ ਬੁੱਕਲ ਵਿੱਚ ਲੈ ਕੇ ਮਗਰ ਬੈਠ ਗਿਆ ਸੀ। ਭਲੇ ਵੇਲ਼ੇ ਨੂੰ ਹਸਪਤਾਲ ਪਹੁੰਚਣ ਨਾਲ਼ ਕੁੜੀ ਦੀ ਜਾਨ ਬਚ ਗਈ ਸੀ। ਵਿਨੋਦ ਕੁਮਾਰ ਨੇ ਇਕ ਵਾਰ ਤਾਂ ਕੁੜੀ ਆਪਣੀ ਲਿਖਾ ਦਿੱਤੀ ਪਰ ਜਦੋਂ ਉਸ ਦੇ ਮਾਂ ਬਾਪ ਆਏ ਤਾਂ ਮਾਮਲਾ ਉਨ੍ਹਾਂ ਨੇ ਸੰਭਾਲ ਲਿਆ ਸੀ। ਉਹ ਦਿਨ ਹੱਦ, ਵਿਨੋਦ ਕੁਮਾਰ ਨੇ ਸੋਮ ਨਾਥ ਤੋਂ ਪੱਕੇ ਤੌਰ 'ਤੇ ਹੀ ਪਾਸਾ ਵੱਟ ਲਿਆ ਸੀ ਤੇ ਉਸ ਨਾਲ਼ ਕਦੀ ਵੀ ਜ਼ੁਬਾਨ ਸਾਂਝੀ ਨਹੀਂ ਸੀ ਕੀਤੀ।

"ਕਿੱਧਰ ਗਈ ਇਨਸਾਨੀਅਤ ਭਲਿਉ ਲੋਕੋ, ਬੰਦਾ ਬੰਦੇ ਦੀ ਦਾਰੂ ਹੁੰਦੈ। ਪਰ ਜੇ ਬੰਦਾ ਹੋਵੇ ਤਾਂ ਹੀ ਨਾ। ਅੰਨ ਪਾੜਨ ਵਾਲ਼ੇ ਤਾਂ ਬਥੇਰੇ ਫਿਰਦੇ ਐ, ਘਾਟ ਤਾਂ ਬੰਦਿਆਂ ਦੀ ਮਾਰਦੀ ਐ।"

ਤੇ ਉਹ ਬੰਦਾ ਗਊ ਦਾ ਵੱਡਾ ਰਖਵਾਲਾ ਬਣ ਕੇ ਉਸਦੀ ਬੇਇਜ਼ਤੀ ਕਰ ਗਿਆ ਸੀ। ਸਾਰੀ ਹੋਈ ਬੀਤੀ ਸੁਣਾ ਕੇ ਉਸ ਨੇ ਕਿਹਾ।

"ਬਿਸ਼ਨ ਸਿੰਘ ਜੀ ਮੈਂ ਤਾਂ ਏਸ ਗੱਲੋਂ ਹੈਰਾਨ ਆਂ ਬਈ ਇਹ ਲੋਕ ਚੰਗਾ ਬੀਜਦੇ ਨੂੰ ਵੀ ਨਹੀਂ ਬਖ਼ਸ਼ਦੇ।" ਉਸ ਦੇ ਖ਼ਿਆਲਾਂ ਦੀ ਚਕਰੀ ਇਕੋ ਥਾਂ ਘੁੰਮਣ ਲੱਗੀ ਸੀ। ਇਸ ਪ੍ਰਭਾਵ ਤੋਂ ਮੁਕਤ ਹੋਣ ਦੀ ਇੱਛਾ ਹੋਣ ਦੇ ਬਾਵਜੂਦ ਮੁੜ ਮੁੜ ਉਹੋ ਵਿਚਾਰ ਉਸ ਦੇ ਦਿਮਾਗ਼ ਵਿੱਚ ਖੌਰੂ ਪਾਉਣ ਲੱਗੇ। ਉਹੀ ਘਟਨਾ ਉਸ ਦੇ ਮਨ 'ਤੇ ਹਾਵੀ ਹੋਈ ਪਈ ਸੀ, ਜਿਸ ਤੋਂ ਬਿਸ਼ਨ ਸਿੰਘ ਨੇ ਫ਼ਿਕਰ ਕਰਦਿਆਂ ਪੂਰੇ ਜੋਸ਼ ਵਿੱਚ ਕਿਹਾ–"ਮਾਹਟਰ ਜੀ ਫ਼ਿਕਰ ਵਿੱਚ ਪੈਣ ਦੀ ਕੋਈ ਲੋੜ ਨੀ ਹੈਗੀ। ਸਾਰੇ ਹਿੰਦੂ ਨੀ ਉਹਦੇ ਵਰਗੇ, ਕਹਿੰਦਾ ਸੀ, ਅਸੀਂ ਸੰਘ ਕੋਲ਼ ਜਾਵਾਂਗੇ। ਅਸੀਂ ਹੈਗੇ ਆਂ ਥੋਡੇ ਨਾਲ। ਕੌਡੀ ਦੇ ਬੰਦੇ ਨੀ ਜਿਨ੍ਹਾਂ ਨੂੰ ਲਈ ਫਿਰਦੈ ਨਾਲ਼।"

ਬਿਸ਼ਨ ਸਿੰਘ ਦੇ ਸ਼ਬਦਾਂ ਨੇ ਇਕ ਵਾਰ ਤਾਂ ਉਸ ਦਾ ਡਿੱਗ ਰਿਹਾ ਹੌਸਲਾ ਥਾਂ ਸਿਰ ਆ ਗਿਆ, ਪਰ ਉਨ੍ਹਾਂ ਦੇ ਚਲੇ ਜਾਣ ਪਿੱਛੋਂ ਫਿਰ ਦਿਮਾਗ਼ ਚਕਰਾ ਗਿਆ।

ਕਈ ਘਟਨਾਵਾਂ ਸਨ ਜੋ ਉਸ ਦੇ ਪਿੱਛਾ ਨਹੀਂ ਸੀ ਛੱਡਦੀਆਂ। ਕਿੰਨੀ ਵਾਰ ਮੂਹਰੇ ਆ ਚੁੱਕੀਆਂ ਸਨ। ਇਕ ਘਟਨਾ ਚੇਤੇ ਕਰਕੇ ਤਾਂ ਉਸਨੂੰ ਹਾਸੀ ਹੀ ਆ ਗਈ, ਜਦੋਂ ਉਸ ਨੂੰ ਯਾਦ ਆਇਆ ਕਿ ਮਰਨ ਵਾਲ਼ਾ ਮੋਦਨ ਸਿੰਘ ਡਰਾਈਵਰ ਉਹਦੇ ਕੋਲ਼ ਆ ਕੇ ਫਰਿਆਦ ਕਰਨ ਵਾਲ਼ਿਆਂ ਵਾਂਗ ਬੋਲਿਆ ਸੀ–"ਮਾਹਟਰ ਜੀ, ਆਹ ਜਗਦੇਵ ਤੇ ਬੂਟਾ ਗਲ਼ੀ ਵਿੱਚ ਬੈਂਚ ਡਾਹੁਣ ਦੀ ਗੱਲ ਕਰ ਰਹੇ ਐ, ਬਹੁਤ ਮਾੜੀ ਗੱਲ ਐ। ਥੋਨੂੰ ਪਤਾ ਈ ਐ ਬਈ ਇਹ ਦੋਵੇਂ ਬੰਦੇ ਕੁਰਸੀਆਂ ਡਾਹ ਕੇ ਬੈਠੇ ਹੁੰਦੇ ਐ ਨਾ ਰੋਜ਼, ਪੱਕੀ ਗੱਲ ਐ ਬਈ ਬੁੜ੍ਹੀਆਂ ਨੂੰ ਤੁਰੀਆਂ ਜਾਂਦੀਆਂ ਵੇਖ ਕੇ, ਬੂਟੇ ਨੂੰ ਮੈਂ ਆਪ ਸੁਣਿਐ ਕਹਿੰਦੇ ਨੂੰ, "ਵੇਖ ਤੁਰਦੀ ਕਿਵੇਂ ਐ ? ਆਹ ਵੇਖ ਸਾਲੀ ਦੇ ਮੁੰਮੇ ਜਿਵੇਂ ਮਾਵਾ ਦਿੱਤਾ ਹੁੰਦੈ। ਚਿੱਤੜ ਦੇਖੋ ਕਿਵੇਂ ਪਤਾਸ਼ੇ ਭੋਰਦੀ ਜਾਂਦੀ ਐ।' ਹੁਣ ਪੈਸੇ 'ਕੱਠੇ ਕਰਦੇ ਫਿਰਦੇ ਐ, ਅਖੇ ਸੀਮਿੰਟ ਦੇ ਬੈਂਚ ਲਿਆਉਣੇ ਐ। ਸਾਰਾ ਸਿਆਲ਼ ਰਾਹ ਵਿੱਚ ਬੈਠਿਆ ਕਰਨਗੇ। ਤੁਸੀਂ ਦੱਸੋ ਬਈ ਇਹ ਚੰਗੀ ਗੱਲ ਐ ?"

"ਮੋਦਨ ਸਿਆਂ ਭਾਈ, ਜਦੋਂ ਆਪਣੇ ਘਰ ਪੈਸੇ ਲੈਣ ਆਉਣ, ਨਾ ਦਿਉ। ਮੱਲੋ ਮੱਲੀ ਤਾਂ ਕੱਢ ਨੀ ਸਕਦੇ ਜੇਬ 'ਚੋਂ।" ਤੋੜ ਕੇ ਦਿੱਤੇ ਜਵਾਬ ਦੀ ਔਖ ਮੰਨੀ ਸੀ ਮੋਦਨ ਸਿੰਘ ਨੇ। ਇਸ ਔਖ ਨੂੰ ਉਸਦਾ ਚਿਹਰਾ ਬਿਆਨ ਕਰ ਰਿਹਾ ਸੀ ਤੇ ਕੌੜ ਕੌੜ ਝਾਕਦੀਆਂ ਅੱਖਾਂ ਬਹੁਤ ਕੁੱਝ ਕਹਿ ਗਈਆਂ ਸਨ। ਫਿਰ ਹਫਤਾ ਵੀ ਨਹੀਂ ਸੀ ਬੀਤਿਆ, ਗਲ਼ੀ ਵਿੱਚ ਤਿੰਨ ਬੈਂਚ ਆ ਡੱਠੇ ਸਨ ਤੇ ਮੋਦਨ ਸਿੰਘ ਵੀ ਉਨ੍ਹਾਂ ਦੇ ਵਿਚਕਾਰਲੇ ਬੈਂਚ 'ਤੇ ਬੈਠਾ ਹੁੰਦਾ ਸੀ–"ਆਹ ਚਲਦੀ ਐ ਅੱਜ ਕੱਲ੍ਹ ਰਾਜਨੀਤੀ, ਅਗਲੇ ਨੂੰ ਮੂਹਰੇ ਕਰ ਕੇ ਆਪ ਪਿੱਛੇ ਹੋ ਜਾਉ। ਵਾਹ ਉਇ ਮੋਦਨ ਸਿਆਂ !"

———

ਉਹ ਕੀ ਵੇਖਦਾ ਹੈ ਕਿ ਗਲ਼ੀ ਵਿੱਚ ਬਹੁਤ ਸਾਰੇ ਲੋਕਾਂ ਦੀ ਭੀੜ ਜਮ੍ਹਾਂ ਹੋ ਗਈ ਹੈ। ਲੋਕ ਹੱਥਾਂ ਵਿੱਚ ਡਾਂਗਾਂ ਚੁੱਕੀ ਉਸ ਦੇ ਬੂਹੇ ਅੱਗੇ ਜਮ੍ਹਾ ਹੋਏ ਹੋਏ ਹਨ ਤੇ ਉਸ ਦੇ ਖ਼ਿਲਾਫ਼ ਬੁਰਾ ਭਲਾ ਬੋਲੀ ਜਾਂਦੇ ਹਨ। ਉਹ ਰੌਲਾ ਸੁਣ ਕੇ ਬਾਹਰ ਨਿੱਕਲਿਆ ਹੈ। ਜ਼ਿਆਦਾ ਤਰ ਭੀੜ ਵਿੱਚ ਖਾਕੀ

ਨਿੱਕਰਾਂ, ਅੰਗਰੇਜ਼ਾਂ ਵਾਲੀਆਂ ਅੱਧੀਆਂ ਪੈਂਟਾਂ ਵਾਲ਼ੇ ਹਨ। ਉਹ ਥੋੜ੍ਹਾ ਹੀ ਅੱਗੇ ਵਧਿਆ ਸੀ ਕਿ ਪਿੱਛਲੇ ਪਾਸਿਉਂ ਇਕ ਡਾਂਗ ਉਸ ਦੇ ਸਿਰ ਵਿੱਚ ਆ ਵੱਜੀ। ਮਾਰ 'ਤਾ ਉਇ! ਉਸ ਦੇ ਮੂੰਹੋਂ ਜ਼ੋਰ ਦੀ ਨਿੱਕਲ਼ਿਆ। ਸਵਿੱਤਰੀ ਭੱਜ ਕੇ ਅਈ।

"ਹੈਂ ਜੀ, ਕੀ ਹੋਇਆ?" ਭੜੱਕ ਕਰਕੇ ਉਸ ਦੀ ਜਾਗ ਖੁੱਲ੍ਹ ਗਈ ਤੇ ਉਸ ਨੇ ਮਹਿਸੂਸ ਕੀਤਾ ਕਿ ਉਹ ਪਸੀਨੇ ਨਾਲ਼ ਬੁਰੀ ਤਰ੍ਹਾਂ ਨੁੱਚੜ ਰਿਹਾ ਸੀ। ਵੇਖਦੇ ਸਾਰ ਸਵਿੱਤਰੀ ਦਾ ਕਾਲਜਾ ਇਕ ਤਰ੍ਹਾਂ ਸੂਤਿਆ ਹੀ ਗਿਆ–

"ਕੀ ਗੱਲ ਪਹਿਲਾਂ ਤਾਂ ਕਦੇ ਐਂ ਹੋਇਆ ਨੀ। ਅੱਜ ਕੀ ਗੱਲ ਹੋਗੀ?"

"ਦਬਾਅ ਜਿਆ ਆ ਗਿਆ ਸੀ। ਸੌਂ ਜਾ ਤੂੰ ਜਾ ਕੇ।"

ਸਵਿੱਤਰੀ ਨੇ ਫਰਿੱਜ ਵਿੱਚੋਂ ਪਾਣੀ ਲਿਆ ਕੇ ਦਿੱਤਾ। ਪਾਣੀ ਪੀ ਕੇ ਉਸ ਨੇ ਕੁੱਝ ਸਹਿਜ ਹੋਣ ਦਾ ਯਤਨ ਕੀਤਾ ਪਰ ਸਹਿਜ ਨਾ ਹੋ ਸਕਿਆ। ਧਿਆਨ ਹੋਰ ਪਾਸੇ ਲਾਉਣ ਲਈ, ਉਸ ਨੇ ਕੈਨੇਡਾ ਰਹਿੰਦੇ ਆਪਣੇ ਦੋਸਤ ਬਚਿੱਤਰ ਨੂੰ ਫੋਨ ਕਰਨ ਲਈ ਘੜੀ ਵੇਖੀ। ਗੱਲ ਕਰਨ ਦਾ ਸਮਾਂ ਸੀ, ਬਚਿੱਤਰ ਕੋਲ਼। ਉਸ ਨੇ ਮਿੱਸ ਕਾਲ ਦੀ ਰਿੰਗ ਮਾਰ ਦਿੱਤੀ। ਬਚਿੱਤਰ ਨੇ ਉੱਧਰੋਂ ਫੋਨ ਖੜਕਾ ਦਿੱਤਾ। ਬਹੁਤ ਸਾਰੀਆਂ ਗੱਲਾਂ ਦੇ ਦੌਰਾਨ ਭਾਰਤ ਵਿੱਚ ਬਣੇ ਹਾਲਾਤ ਉੱਪਰ ਗੱਲ ਛਿੜ ਪਈ। ਹੋਰ ਗੱਲਾਂ ਦੇ ਨਾਲ ਗਊ ਦਾ ਵਿਸ਼ਾ ਵੀ ਛਿੜ ਪਿਆ। ਗਊ ਹੀ ਤਾਂ ਮਾਤਾ ਦੀ ਥਾਂ ਅੱਜ ਕੱਲ੍ਹ ਹਊਆ ਬਣੀ ਹੋਈ ਸੀ, ਮੌਤ ਮੌਤ ਦਾ ਹੋਕਾ ਦਿੰਦੀ।

"ਪੰਡਤਾ ਤੂੰ ਤਾਂ ਚੰਗੀ ਤਰ੍ਹਾਂ ਸਮਝਦਾ ਈ ਐਂ, ਇਹ ਤਾਂ ਜਦੋਂ ਖੇਤੀ-ਬਾੜੀ ਵਾਸਤੇ ਬਲਦਾਂ ਵੱਛਿਆਂ ਦੀ ਲੋੜ ਪੈ ਗਈ ਤਾਂ ਗਊ ਨੂੰ ਪਵਿੱਤਰ ਮੰਨ ਲਿਆ ਗਿਆ। ਤੂੰ ਇਹ ਦੇਖ ਲੈ ਬਈ ਸਾਰੀ ਦੁਨੀਆਂ ਵਿੱਚ ਗਊ ਦਾ ਮਾਸ ਖਾਧਾ ਜਾਂਦਾ ਹੈ ਤੇ ਇਹ ਵੀ ਕਿ ਵਿਦੇਸ਼ਾਂ ਵਿੱਚ ਵਸਦੇ ਭਾਰਤੀ ਲੋਕਾਂ 'ਚੋਂ ਬਹਤਿਆਂ ਦੇ ਫਰਿੱਜ ਬੀਫ਼ ਜਾਂ ਗਊ ਮਾਸ ਨਾਲ਼ ਭਰੇ ਹੁੰਦੇ ਐ। ਸਾਡਾ ਤਾਂ ਆਪ ਸਾਰਾ ਟੱਬਰ ਗਾਂ ਦਾ ਮਾਸ ਖਾਂਦਾ ਹੈ। ਭਰਾ ਮੇਰਿਆ ਏਥੇ ਤਾਂ ਪਸੰਦ ਹੀ ਗਾਂ ਦਾ ਮਾਸ ਕੀਤਾ ਜਾਂਦੈ। ਇਹ ਤਾਂ ਹਿੰਦੁਸਤਾਨ ਦੀ ਧਰਤੀ 'ਤੇ ਰਹਿੰਦੇ ਲੋਕਾਂ ਨੂੰ ਹੀ ਬਿਮਾਰੀ ਪਈ ਹੋਈ ਹੈ, ਜੋ ਥੋੜ੍ਹੇ ਕੁ ਸਾਲਾਂ ਵਿੱਚ ਗਾਂ ਗਾਂ ਹੋਣ ਲੱਗ ਪਈ ਹੈ। ਮੰਨ ਲਉ ਗਊ ਮਾਤਾ ਹੈ, ਪਰ ਇਹ ਦੱਸੋ ਕਿ ਦੋਗਲੀ ਨਸਲ ਦੀਆਂ ਅਮਰੀਕਨ ਗਾਂਵਾਂ ਸਾਡੀਆਂ ਕੀ ਲੱਗਦੀਆਂ ਹਨ, ਜੋ ਨਾ ਗਾਂਵਾਂ ਹਨ ਤੇ ਨਾ ਹੀ ਮੱਝਾਂ।" ਬਚਿੱਤਰ ਦਾ ਹਾਸਾ ਫੋਨ ਵਿੱਚ ਛਣਕਣ ਲੱਗ ਪਿਆ। ਫੋਨ ਕਰਦਿਆਂ ਵੀ ਹੱਸੀ ਜਾਣਾ ਉਸ ਦੀ ਆਦਤ ਸੀ। ਉਸਦੀ ਹਾਸੀ ਦਾ ਰੰਗ ਵਿਨੋਦ ਕੁਮਾਰ ਦੇ ਚਿਹਰੇ ਉੱਪਰ ਵੀ ਫੈਲ ਗਿਆ।–

"ਜੇ ਗਾਂ ਮਾਤਾ ਹੈ ਤਾਂ ਅਵਾਰਾ ਫਿਰਦੇ ਢੱਠੇ ਕੀ ਲੱਗਦੇ ਨੇ? ਰੋਝ ਵੀ ਤਾਂ ਗਾਂ ਦੀ ਹੀ ਨਸਲ ਵਿੱਚੋਂ ਹੈ, ਜਿਸ ਨੂੰ ਪਲਾਂ ਵਿੱਚ ਗੋਲ਼ੀ ਮਾਰ ਕੇ ਢੇਰੀ ਕਰ ਦਿੰਦੇ ਨੇ ਸ਼ਿਕਾਰੀ। ਉਦੋਂ ਤਾਂ ਕੋਈ ਬੋਲਦਾ ਨੀ। ਅਸੀਂ ਕੈਨੇਡਾ ਵਿੱਚ ਬੈਠੇ ਵੀ ਇਹ ਗੱਲ ਸਮਝਦੇ ਹਾਂ ਕਿ ਮੁਸਲਿਮ ਭਾਈਚਾਰੇ ਅਤੇ ਛੋਟੀਆਂ ਜਾਤਾਂ ਦੇ ਗਰੀਬ ਗੁਰਬੇ ਦੇ ਖ਼ਿਲਾਫ਼ ਸਾਜਿਸ਼ੀ ਮਾਹੌਲ ਪੈਦਾ ਕੀਤਾ ਜਾ ਰਿਹਾ ਹੈ।"

ਵਿਨੋਦ ਕੁਮਾਰ ਨੂੰ ਵੀ ਗੱਲ ਕਹਿਣ ਦਾ ਹੌਸਲਾ ਪੈ ਗਿਆ–"ਭੀੜਾਂ ਇਕੱਠੀਆਂ ਹੋ ਰਹੀਆਂ ਹਨ। ਅਜੇ ਪਤਾ ਨੀ ਕੀ ਹੋਣੈ, ਪਰ ਮੁਲਕ ਦੇ ਹਾਲਾਤ ਚੰਗੇ ਨਹੀਂ। ਹਰ ਰੋਜ਼ ਮੋਟਰ ਸਾਈਕਲਾਂ ਸਕੂਟਰਾਂ ਵਾਲ਼ੇ ਦੁਰਘਟਨਾਵਾਂ ਦਾ ਸ਼ਿਕਾਰ ਹੋਈ ਜਾਣ, ਬੰਦੇ ਜਿੰਨੇ ਮਰਜ਼ੀ ਮਰੀ ਜਾਣ, ਕੋਈ ਪਰਵਾਹ ਨੀ, ਕੋਈ ਫ਼ਿਕਰ ਨਹੀਂ ਪਰ ਅਵਾਰਾ ਗਾਂਵਾਂ ਤੇ ਢੱਠਿਆਂ ਦੇ ਪਿੰਡੇ ਤੋਂ ਇਕ ਵਾਲ਼ ਵੀ ਨਹੀਂ ਪੁੱਟਿਆ ਜਾਣਾ ਚਾਹੀਦਾ। ਕਿਹਾ ਜਿਹੀ ਵਿਡੰਮਨਾ ਹੈ ਯਾਰ ਬਚਿੱਤਰ!?"

"ਫਿਰ ਇਹਨਾਂ ਖੋਲੀਆਂ ਨੂੰ ਮੀਟ ਪਲਾਂਟਾਂ ਦੇ ਹਵਾਲੇ ਕਰ ਕੇ ਭਾਰਤ ਲਈ ਅਰਬਾਂ ਧਨ ਕਿਉਂ ਨਹੀਂ ਕਮਾਇਆ ਜਾਂਦਾ? ਵਿਨੋਦ ਤੈਨੂੰ ਪਤਾ ਈ ਹੋਊਗਾ, ਬਹੁਤੇ ਬੁੱਚੜਖਾਨੇ ਬਾਹਮਣਾ ਕੋਲ਼ ਈ ਨੇ। ਬਥੇਰਾ ਧਨ ਕਮਾਉਂਦੇ ਨੇ, ਗਾਂ ਦਾ ਮਾਸ ਵੇਚ ਕੇ। ਵਪਾਰ ਦਾ ਰੌਲ਼ੈ, ਹੋਰ ਕੋਈ ਗੱਲ ਨੀ।"

"ਮੈਂ ਸਮਝਦਾਂ ਸਾਰੀ ਗੱਲ, ਪਰ ਹੁਣ ਤਾਂ ਗੱਲ ਹੱਦਾਂ ਬੰਨੇ ਟੱਪ ਗਈ ਐ। ਆਉਣ ਵਾਲ਼ਾ ਸਮਾਂ ਬਹੁਤ ਭਿਆਨਕ ਆ ਰਿਹੈ। ਜਮਹੂਰੀਅਤ ਦੇ ਪਰਦੇ ਹੇਠ ਕਸਾਪੁਣਾ ਆਰੰਭ ਹੋ ਗਿਆ ਹੈ, ਭਰਾਵਾ।" ਵਿਨੋਦ ਕੁਮਾਰ ਫਿਸਣ 'ਤੇ ਆਇਆ ਪਿਆ ਸੀ। ਲੰਮੀ ਚੌੜੀ ਗੱਲ ਬਾਤ ਤੋਂ ਬਾਅਦ ਫੋਨ ਰੱਖਣ ਸਮੇਂ ਵੀ ਵਿਨੋਦ ਕਮਾਰ ਤੋਂ ਉੱਚੀ ਸਾਰੀ ਆਵਾਜ਼ ਵਿੱਚ ਬੋਲਿਆ ਗਿਆ–"ਬੇੜਾ ਗਰਕ ਹੋਣ 'ਤੇ ਆਇਆ ਪਿਐ ਬਚਿੱਤਰ ਵੀਰ।"

ਸਵਿੱਤਰੀ ਦੀ ਫੇਰ ਜਾਗ ਖੁੱਲ੍ਹ ਗਈ ਸੀ। ਉਸ ਨੂੰ ਵਿਨੋਦ ਕੁਮਾਰ ਦੇ ਆਖਰੀ ਬੋਲ ਹੀ ਸੁਣੇ ਸਨ।

"ਮੈਨੂੰ ਕਿਹੈ ਜੀ ਕੁੱਛ ?" ਨਿਆਣੇ ਨੂੰ ਛਾਤੀ ਨਾਲ਼ੋਂ ਤੋੜ ਕੇ ਉਹ ਕਾਹਲ਼ੀ ਨਾਲ਼ ਉਹਦੇ ਕੋਲ਼ ਆਈ।

"ਨਹੀਂ ਕੋਈ ਗੱਲ ਨੀ ਤੂੰ ਸੌਂ ਜਾ ਜਾ ਕੇ, ਕੋਈ ਐਸੀ ਗੱਲ ਨਹੀਂ।"

"ਗੱਲ ਕਿਉਂ ਨੀ ਮੇਰੇ ਕੋਲ਼ੋਂ ਕਿਉਂ ਉਹਲਾ ਰੱਖਦੇ ਓ ?"

"ਓ ਨਹੀਂ ਭਲੀਏ ਲੋਕੇ, ਬਚਿੱਤਰ ਨਾਲ਼ ਗੱਲ ਹੋ ਰਹੀ ਸੀ ਕੈਨੇਡਾ।"

———

...ਤੇ ਅੱਜ ਕੱਲ੍ਹ ਜੋ ਭਾਰਤ ਵਿੱਚ ਹਵਾ ਵਗਾਉਣ ਦਾ ਯਤਨ ਕੀਤਾ ਜਾ ਰਿਹਾ ਸੀ, ਬਹੁਤ ਖ਼ਤਰਨਾਕ ਸੀ। ਮੁਲਕ ਨੂੰ ਪਾੜਨ ਵਾਲ਼ਾ ਸੀ ਸਭ ਕੁੱਝ, ਵੰਡ ਪਾਊ ਸੀ ਤੇ ਇਹ ਰਾਹ ਖ਼ੂਨ ਦੀਆਂ ਨਦੀਆਂ ਵੱਲ ਜਾਂਦਾ ਸੀ। ਧਿਆਨ ਪਾਸੇ ਹਟਾਉਣ ਲਈ ਉਸ ਨੇ ਫੇਸਬੁੱਕ ਖੋਲ੍ਹ ਲਈ। ਵੇਖਿਆ ਤਾਂ ਅਨੇਕ ਕਿਸਮ ਦੀਆਂ ਵੀਡੀਉ ਵਾਇਰਲ ਹੋਈਆਂ ਹੋਈਆਂ ਸਨ। ਤਕਰੀਬਨ ਸਾਰੀਆਂ ਵਿੱਚ ਹੀ ਗੁੰਡਾਗਰਦੀ, ਭੀੜ ਵੱਲੋਂ ਹਿੰਸਕ ਕਾਰਵਾਈਆਂ, ਦਲਿਤਾਂ ਜਾਂ ਮੁਸਲਮਾਨ ਮੁੰਡਿਆਂ ਦੀ ਮਾਰ ਕੁੱਟ ਅਤੇ ਕਤਲ ਕਰਨ ਦੀਆਂ ਘਟਨਾਵਾਂ। ਕਿਸੇ ਵੀਡੀਉ ਵਿੱਚ ਬਜਰੰਗ ਦਲ, ਕਿਸੇ ਵਿੱਚ ਸ਼ਿਵ ਸੈਨਾ, ਕਿਸੇ ਵਿੱਚ ਆਰ. ਐੱਸ. ਐੱਸ. ਦੇ ਗੁੰਡਿਆਂ ਵੱਲੋਂ ਹੀ ਇਨ੍ਹਾਂ ਘਟਨਾਵਾਂ ਨੂੰ ਅੰਜਾਮ ਦਿੱਤਾ ਹੋਇਆ ਸੀ। ਤਾਜ਼ੀ ਤਾਜ਼ੀ ਵੀਡੀਉ ਵਿੱਚ ਤਰਬੇਜ਼ ਅਨਸਾਰੀ ਨਾਂ ਦੇ ਇਕ ਲੜਕੇ ਨੂੰ ਖੰਭੇ ਨਾਲ਼ ਬੰਨ੍ਹ ਕੇ ਕੁੱਟਿਆ ਜਾ ਰਿਹਾ ਸੀ ਤੇ ਹਜੂਮ ਉਸ ਕੋਲੋਂ ਜ਼ਬਰਦਸਤੀ 'ਜੈ ਸ੍ਰੀ ਰਾਮ' ਅਤੇ 'ਜੈ ਹਨੂਮਾਨ' ਦੇ ਨਾਅਰੇ ਲਗਵਾ ਰਿਹਾ ਸੀ। ਬੜਾ ਦੁਖੀ ਹੋਇਆ ਸੀ ਮਨ ਵਿਨੋਦ ਕੁਮਾਰ ਦਾ। ਕਾਲਜੇ ਵਿੱਚ ਛੁਰੀ ਹੀ ਤਾਂ ਫਿਰ ਗਈ ਸੀ। ਉਸਨੇ ਦੰਦ ਘੁੱਟ ਕੇ ਕਸੀਸ ਵੱਟੀ ਸੀ–"ਇਹ ਕਿਹੜੇ ਧਰਮ ਦੀ ਰਾਖੀ ਕਰ ਰਹੇ ਸਨ ਬਦਮਾਸ਼ ?" ਇਕ ਹੋਰ ਪੋਸਟ ਵਿੱਚ ਮੋਢੇ ਤੀਰ ਕਮਾਨ ਪਾਈ ਰਾਮ ਨੂੰ ਹੱਥ ਬੰਨ੍ਹੀ ਖੜ੍ਹਾ ਵਿਖਾਇਆ ਗਿਆ ਸੀ ਜੋ ਕਹਿ ਰਿਹਾ ਸੀ–"ਮੇਰੇ ਨਾਂ 'ਤੇ ਇਹ ਗੁੰਡਾਗਰਦੀ ਬੰਦ ਕਰੋ। ਤਰਬੇਜ਼ ਅਨਸਾਰੀ ਵਾਲ਼ੀ ਪੋਸਟ ਉਸ ਨੇ ਸ਼ੇਅਰ ਕਰ ਦਿੱਤੀ। ਸਾਰੇ ਦਿਨ ਵਿੱਚ ਦੇਖਿਆ, ਚਾਰ ਸਾਢੇ ਹਜ਼ਾਰ ਫਰੈਂਡਾਂ ਵਿੱਚੋਂ ਇਕ ਨੇ ਸ਼ੇਅਰ ਕੀਤੀ ਤੇ ਕੁੱਲ ਮਿਲਾ ਕੇ ਵੀਹ ਕੁ ਲਾਈਕ ਅਤੇ ਸਿਰਫ਼ ਪੰਜ ਟਿੱਪਣੀਆਂ ਸਨ। ਜੇਕਰ ਲੱਲੂ ਪੱਝੂ ਜਿਹੀ ਕੋਈ

ਪਸਟ ਪਾਈ ਹੁੰਦੀ ਤਾਂ ਸੈਕੜੇ ਲਾਈਕ ਤੇ ਦਰਜਨਾਂ ਟਿਪਣੀਆਂ ਦੀਆਂ ਲਾਈਨਾਂ ਲੱਗ ਜਾਣੀਆਂ ਸਨ। ਕਿਵੇਂ ਸੋਸ਼ਲ ਮੀਡੀਏ ਨੇ ਦੋਸਤੀ ਸ਼ਬਦ ਦਾ ਵੀ ਰੂਪ ਵਿਗਾੜ ਕੇ ਰੱਖ ਦਿੱਤਾ। ਗਰਜ਼ਾਂ ਨਾਲ਼ ਬੱਝੇ ਜਾਂ ਊਟ-ਪੁਟਾਂਗ ਨਾਲ਼ ਜੁੜੇ ਦੋਸਤ!!!!!

ਕੱਲ੍ਹ ਹੀ ਉਸਦੇ ਇਕ ਫੇਸਬੁੱਕੀਏ ਦੋਸਤ ਨੇ ਹਿੰਦੀ ਵਿੱਚ ਪੋਸਟ ਪਾਈ ਸੀ, ਜੋ ਜਾਪਦਾ ਸੀ ਕਿ ਕਿਸੇ ਮੈਗਜ਼ੀਨ ਵਿੱਚੋਂ ਫੋਟੋ ਖਿੱਚ ਕੇ ਪਾਈ ਸੀ। ਮੈਗਜ਼ੀਨ ਦੀ ਸੰਪਾਦਕੀ ਦਾ ਇਕ ਪੈਰਾ ਸੀ। "ਅਬ ਤੋਂ ਐਸਾ ਲਗ ਰਹਾ ਹੈ ਜੈਸੇ ਦੇਸ਼ ਭਗਤੀ ਕੇ ਨਾਮ ਪਰ ਖ਼ੂਨ ਕੀ ਨਦੀਆਂ ਵਹਾਨੇ ਕਾ ਛੜਯੰਤਰ ਰਚਾ ਜਾ ਰਹਾ ਹੈ। ਵਿਕਾਸ ਕੇ ਨਾਮ ਪਰ ਗਰੀਬ ਲੋਗੋਂ ਕਾ ਜਲ ਜੰਗਲ ਔਰ ਜ਼ਮੀਨ ਮਲਟੀ ਕਾਰਪੋਰੇਸ਼ਨਜ਼ ਕੋ ਕੌਡੀਉਂ ਕੇ ਭਾਅ ਲੁਟਾਏ ਜਾ ਰਹੇ ਹੈਂ, ਆਦਿਵਾਸੀ ਲੋਗੋਂ ਕੇ ਗਾਉਂ ਕੇ ਗਾਉਂ ਸੁਰੱਖਿਆ ਬਲੋਂ ਔਰ ਸਲਵਾ ਜੁਡਮ ਕੇ ਗੁੰਡੋਂ ਕੀ ਮੱਦਦ ਸੇ ਜਲਾਏ ਜਾ ਰਹੇ ਹੈਂ। ਜੋ ਸੱਤਾਧਾਰੀ ਹਾਕਮੋਂ ਕੀ ਹਾਂ ਮੇਂ ਹਾਂ ਨਹੀਂ ਮਿਲਾਤਾ, ਦੇਸ਼ ਧਰੋਹੀ। ਅਬ ਗਾਏ ਕੇ ਨਾਮ ਪਰ ਮੁਸਲਿਮ ਭਾਈਚਾਰੇ ਕੇ ਲੋਗੋਂ ਕੋ ਕਤਲ ਕੀਆ ਜਾ ਰਹਾ ਹੈ। ਮਰੀ ਹੂਈ ਗਾਏ ਕੀ ਖਾਲ ਉਤਾਰ ਰਹੇ ਦਲਿਤ ਲੋਗੋਂ ਕੋ ਪੀਟ ਪੀਟ ਕਰ ਮਾਰ ਡਾਲਾ ਗਿਆ। ਦਲਿਤੋਂ ਕੀ ਪੂਰੀ ਕੀ ਪੂਰੀ ਬਸਤੀ ਹੀ ਜਲਾ ਦੀ ਗਈ। ਅਬ ਭੀ ਉਨਕਾ ਮੰਦਰੋਂ ਮੇਂ ਪਰਵੇਸ਼ ਕਰਨਾ ਮਨ੍ਹਾ ਹੈ। ਯੇਹ ਕਹਾਂ ਕਾ ਜਮਹੂਰੀ ਤੰਤਰ ਹੈ? ਸਭੀ ਮੁਸਲਮਾਨੋ ਕੋ ਏਕ ਸਾਥ ਆਤੰਕਵਾਦੀ ਘੋਸ਼ਤ ਕੀਆ ਜਾ ਰਹਾ ਹੈ, ਦੇਸ਼ ਧਰੋਹੀ। ਅਗਰ ਕੋਈ ਵੰਦੇ ਮਾਤਰਮ ਨਹੀਂ ਕਹੇਗਾ, ਵੁਹ ਦੇਸ਼ ਧਰੋਹੀ ਹੈ, ਉਸ ਕੋ ਭਾਰਤ ਮੇਂ ਰਹਿਨੇ ਕਾ ਕੋਈ ਅਧਿਕਾਰ ਨਹੀਂ, ਜਬ ਕਿ ਭਾਰਤ ਮੇਂ ਰਹਿਨੇ ਵਾਲ਼ੇ ਮੁਸਲਮਾਨ ਕਹਿ ਰਹੇ ਹੈਂ ਕਿ ਵੋਹ ਹਿੰਦੁਸਤਾਨੀ ਹੈਂ। ਹਮਾਰੇ ਪੂਰਵਜ ਆਪਨੀ ਮਰਜ਼ੀ ਸੇ ਯਹਾਂ ਠਹਿਰੇ ਥੇ। ਪਾਕਿਸਤਾਨ ਨਹੀਂ ਗਏ ਥੇ। ਭੀੜ! ਬੱਸ ਭੀੜ ਤੰਤਰ ਕਾ ਰਾਜ ਹੀ ਸਥਾਪਤ ਹੋ ਗਿਆ ਹੈ ਚਾਰੋਂ ਤਰਫ਼।"

ਉਸ ਨੇ ਇਸ ਪੋਸਟ ਨੂੰ ਵੀ ਲਾਈਕ ਹੀ ਨਹੀਂ ਸੀ ਕੀਤਾ ਸਗੋਂ ਸ਼ੇਅਰ ਵੀ ਕੀਤੀ ਸੀ ਅਤੇ ਆਪਣੇ ਮਨ ਦੇ ਇਹ ਵਿਚਾਰ ਵੀ ਹਿੰਦੀ ਵਾਲ਼ਾ ਕੀ ਬੋਰਡ ਕੱਢ ਕੇ ਟਿੱਪਣੀ ਵਜੋਂ ਅੰਕਤ ਕਰ ਦਿੱਤੇ ਸਨ-"ਮੈਂ ਇਨ ਵਿਚਾਰੋਂ ਕਾ ਸਮਰਥਨ ਕਰਤਾ ਹੂੰ ਔਰ ਸਭੀ ਤਰਹ ਕੇ ਕੱਟਰ ਧਰਮੀਉ ਕੀ ਪੁਰਜ਼ੋਰ ਸ਼ਬਦੋਂ ਸੇ ਨਿੰਦਾ ਕਰਤਾ ਹੂੰ। ਅਸਲ ਮੇਂ ਯਹ ਲੋਗ ਮੁਲਕ ਕੋ ਫਿਰ ਸੇ ਬਾਂਟਨਾ ਚਾਹਤੇ ਹੈਂ। ਧਰਮ ਕੇ ਨਾਮ ਪਰ ਯੇਹ ਬਹੁਤ ਬੜਾ ਅਪਰਾਧ ਕਰ ਰਹੇ ਹੈਂ ਵੁਹ ਵੀ ਰਾਮ ਕੇ ਨਾਮ ਪਰ। ਕਿਆ ਰਾਮ ਇਤਨਾ ਜ਼ਾਲਮ ਹੋ ਸਕਤਾ ਹੈ?"

ਸਾਰੇ ਦਿਨ ਵਿੱਚ ਇਸ ਪੋਸਟ ਉੱਪਰ ਵੀ ਤਿੰਨ ਟਿੱਪਣੀਆਂ, ਅਤੇ ਪੱਚੀ ਲਾਈਕ ਦਾ ਨਿਸ਼ਾਨ ਆਇਆ ਸੀ। "ਵਾਹ ਉਇ ਫੇਸਬੁੱਕੀਏ ਦੋਸਤੋ। ਆਥਣੇ ਜਿਹੇ ਜਦੋਂ ਪ੍ਰਤੀਕਰਮ ਜਾਣਨ ਲਈ ਉਸ ਨੇ ਆਪਣੀ ਪਰੋਫ਼ਾਈਲ ਖੋਲ੍ਹ ਕੇ ਪ੍ਰਤੀਕਰਮ ਵੇਖੇ, ਤਾਂ ਸੁਤੇ ਹੀ ਉਸ ਦੇ ਮੂੰਹੋਂ ਨਿੱਕਲਿਆ। ਕਿਉਂ ਨੀ ਬੋਲਦੇ?-ਇਸ ਲਈ ਕਿ ਅਸਲ ਆਤੰਕਵਾਦੀ ਆਤੰਕ ਦਾ ਮਾਹੌਲ ਪੈਦਾ ਕਰਨ ਵਿੱਚ ਕਾਮਯਾਬ ਹੋ ਗਏ ਹਨ! ਉਸਦਾ ਜੀਅ ਕੀਤਾ ਸੀ ਕਿ ਇਹ ਸ਼ਬਦ ਵੀ ਆਪਣੀ ਟਿੱਪਣੀ ਵਿੱਚ ਪਾ ਦੇਵੇ, ਪਰ ਕਿਸੇ ਕਾਰਨ ਦੜ ਵੱਟ ਗਿਆ।

ਉਸ ਦੇ ਜ਼ਿਹਨ ਵਿੱਚ ਤੁਲਸੀ ਦਾ ਰਾਮ ਚ੍ਰਿਤ ਮਾਨਸ ਉੱਤਰ ਗਿਆ। ਪੜ੍ਹਿਆ ਹੋਇਆ ਸੀ, ਵਿਨੋਦ ਕੁਮਾਰ ਨੇ ਤੁਲਸੀ ਦਾ 'ਰਾਮ ਚ੍ਰਿਤ ਮਾਨਸ' ਗ੍ਰੰਥ ਵੀ। ਉਹ ਮਨ ਹੀ ਮਨ ਸੋਚ ਕੇ ਰਹਿ ਜਾਂਦਾ ਤੇ ਇਹ ਸ਼ਬਦ ਉਸ ਦੇ ਜ਼ਿਹਨ ਵਿੱਚ ਉੱਸਲਵੱਟੇ ਲੈਂਦੇ ਰਹਿੰਦੇ-"ਮੈਂ ਦਾਅਵਾ ਕਰ

ਸਕਤਾ ਹੂੰ ਕਿ ਤੁਲਸੀ ਕੇ ਰਾਮ ਚ੍ਰਿਤ ਮਾਨਸ ਮੇਂ ਹਿੰਦੂ ਸ਼ਬਦ ਹੈ ਹੀ ਨਹੀਂ। ਹਿੰਦੂ ਨਾਮ ਕਾ ਕੋਈ ਧਰਮ ਹੈ ਹੀ ਨਹੀਂ। ਯਹ ਕਬ ਕਾ ਆ ਗਿਆ ਹਿੰਦੁਸਤਾਨ ਮੇਂ ਹਿੰਦੂ ਧਰਮ ? ਕਹਾਂ ਲਿਖਿਆ ਹੈ, ਹਿੰਦੁਸਤਾਨ ਸਿਰਫ਼ ਇਕੇਲੇ ਹਿੰਦੂਆਂ ਕਾ ਹੈ ? ਭਾਰਤ ਮੇਂ ਏਕ ਤਰਹ ਕੇ ਹੀ ਲੋਗ ਨਹੀਂ ਰਹਿਤੇ। ਅੱਲੱਗ ਕਿਸਮ ਕੀ ਵੇਸ਼ ਭੂਸ਼ਾ, ਖਾਣ ਪਾਣ, ਭਾਸ਼ਾ, ਰੀਤੀ ਰਿਵਾਜ਼, ਧਰਮ ਅਦਿ ਕਿਤਨੀ ਹੀ ਚੀਜ਼ੇਂ ਹੈ, ਜੋ ਯੇਹ ਬਤਲਾਤੀ ਹੈ ਕਿ ਕਹੀਂ ਵੀ ਸਭ ਕੁੱਛ ਏਕ ਜੈਸਾ ਨਹੀਂ, ਨਾ ਹੋ ਸਕਤਾ ਹੈ। ਯਹ ਕੱਟੜ ਹਿੰਦੂਵਾਦ ਮੁਲਕ ਕੇ ਅਮਨ ਚੈਨ ਕੋ ਆਗ ਲਗਾ ਦੇਗਾ।”

ਸੋਚ ਸੋਚ ਕੇ ਹਿੰਮਤ ਜੁਟਾ ਕੇ, ਹਿੰਦੀ ਦਾ ਕੀ ਬੋਰਡ ਕੱਢ ਕੇ ਉਸ ਨੇ ਇਹ ਪੋਸਟ ਵੀ ਫੇਸਬੁੱਕ ’ਤੇ ਪਾ ਦਿੱਤੀ। ਫਿਰ ਪੋਸਟ ਐਡਿਟ ਕਰਕੇ ਕਿਸੇ ਹਿੰਦੀ ਦੇ ਲੇਖਕ ਦੀ ਕਿਸੇ ਕਿਤਾਬ ਵਿੱਚ ਪੜ੍ਹਿਆ ਹੋਇਆ ਵੀ ਸ਼ਾਮਿਲ ਕਰ ਦਿੱਤਾ–“ਯੇਹ ਤੋ ਅੰਗਰੇਜ਼ ਇਤਿਹਾਸਕਾਰੋਂ ਨੇ ਹਿੰਦੂ ਕਾਲ, ਮੁਸਲਿਮ ਕਾਲ, ਬ੍ਰਿਟਿਸ਼ ਕਾਲ ਮੇਂ ਇਤਿਹਾਸ ਕੋ ਕਲੰਕਤ ਕਰਕੇ ਲਿਖਾ ਹੈ।”

ਇਹ ਵੀ ਇਤਿਹਾਸਕ ਸੱਚਾਈ ਸੀ ਆਰੀਅਨ ਲੋਕ ਜੋ ਆਪਣੇ ਆਪ ਨੂੰ ਹਿੰਦੂ ਅਖਵਾਉਂਦੇ ਹਨ ਕਿਸੇ ਸਮੇਂ ਹਮਲਾਵਰ ਬਣ ਕੇ ਹੀ ਆਏ ਸਨ। ਇੱਥੋਂ ਦੇ ਮੂਲ ਵਾਸੀਆਂ ਨੂੰ ਉਜਾੜ ਕੇ ਹੀ ਭਾਰਤ ਵਿੱਚ ਸਥਾਪਤ ਹੋਏ ਸਨ। ਪਰ ਇਹ ਗੱਲਾਂ ਭੀੜ ਨੂੰ ਕਿਵੇਂ ਸਮਝਾਈਆਂ ਜਾਣ ਜਦੋਂ ਕਿ ਭੀੜਾਂ ਤਾਂ ਬੇਲਗਾਮ ਕਰ ਦਿੱਤੀਆਂ ਗਈਆਂ ਨੇ ਧਰਮ ਦੇ ਰਾਖਿਆਂ ਵੱਲੋਂ। ਪੋਸਟ ਪਾ ਕੇ ਉਸਨੇ ਤਸੱਲੀ ਜਿਹੀ ਮਹਿਸੂਸ ਕੀਤੀ, ਜਿਵੇਂ ਮਾਨਵਤਾ ਦੇ ਉਦੇਸ਼ ਲਈ ਉਸ ਨੇ ਬਹੁਤ ਵੰਡਾ ਕਾਰਜ ਕਰ ਦਿੱਤਾ ਸੀ। ਫੇਸਬੁੱਕ ’ਤੇ ਪਾਈ ਇਸ ਪੋਸਟ ਉੱਪਰ ਵੀ ਪੰਜ ਕੁ ਟਿੱਪਣੀਆਂ ਤੇ ਪੰਦਰਾਂ ਕੁ ਲਾਈਕ ਆਏ ਸਨ।

ਫਿਰ ਉਸਨੇ ਤਜਰਬੇ ਵਜੋਂ ਇਕ ਪੋਸਟ ਪਾ ਦਿੱਤੀ ਕਿਸੇ ਭੰਗੜਾ ਕਲਾਕਾਰ ਦੀ ਫੋਟੋ ਨਾਲ਼ ਪਾ ਕੇ–“ਮੈਨੂੰ ਬਹੁਤ ਵਧੀਆ ਭੰਗੜਾ ਪਾਉਣਾ ਆਉਂਦਾ ਹੈ।” ਪੋਸਟ ਪਾ ਕੇ ਉਹ ਆਪਣੇ ਆਪ ਨਾਲ਼ ਹੀ ਹੱਸਦਾ ਰਿਹਾ। ਹਾਲਾਂਕਿ ਉਸ ਨੇ ਜੀਵਨ ਵਿੱਚ ਕਦੇ ਵੀ ਨੱਚ ਕੇ ਨਹੀਂ ਸੀ ਵੇਖਿਆ। ਚੰਗਾ ਗਾ ਜ਼ਰੂਰ ਲੈਂਦਾ ਸੀ। ਬੱਸ ਫਿਰ ਕੀ ਸੀ, ਸੈਂਕੜੇ ਹੀ ਲਾਈਕ ਤੇ ਦਰਜਨਾਂ ਟਿੱਪਣੀਆਂ ਦੀਆਂ ਲੱਗ ਗਈਆਂ ਕਤਾਰਾਂ। ਇੱਥੇ ਲਿਆ ਕੇ ਖੜ੍ਹਾ ਦਿੱਤੀ ਹੈ ਸੋਸ਼ਲ ਮੀਡੀਏ ਨੇ ਲੋਕ ਮਾਨਸਿਕਤਾ। ਗੱਲ ਏਨੀ ਕੁ ਹੀ ਨਹੀਂ ਸੀ, ਸੋਸ਼ਲ ਮੀਡੀਆ ਕੁੱਝ ਚੰਗਾ ਵੀ ਕਰ ਰਿਹਾ ਸੀ। ਕੁੱਝ ਹੀ ਦਿਨ ਹੋਏ ਸਨ ਵਟਸਐਪ ’ਤੇ ਉਸਨੇ ਇਕ ਵੀਡੀਓ ਵਾਇਰਲ ਹੋਈ ਵੇਖੀ ਸੀ, ਜਿਸ ਵਿੱਚ ਇਕ ਜੱਜ ਭਾਰਤੀ ਸੰਸਕ੍ਰਿਤੀ ਦਾ ਮਜ਼ਾਕ ਉਡਾ ਰਿਹਾ ਸੀ ਤੇ ਵੱਡੇ ਵੱਡੇ ਵਿਦਵਾਨਾਂ, ਪ੍ਰੋਫੈਸਰਾਂ ਨੂੰ ਝਿੜਕਾਂ ਦੇ ਰਿਹਾ ਸੀ–“ਮੈਂ ਸਾਫ਼ ਕਹਿਤਾ ਹੂੰ ਕਿ ਆਪ ਕੇ ਦਿਮਾਗੋਂ ਮੇ ਗੋਬਰ ਭਰਾ ਹੂਆ ਹੈ, ਧਰਮ ਕਾ, ਜਾਤ-ਪਾਤ ਔਰ ਨਫ਼ਰਤ ਕਾ। ਗਾਏ ਹਮਾਰੀ ਮਾਂ ਕੈਸੇ ਹੋ ਗਈ। ਮਾਂ ਤੋਂ ਵੁਹ ਹੋਤੀ ਹੈ ਜਿਸ ਕੀ ਕੋਖ ਸੇ ਹਮ ਨੇ ਜਨਮ ਲੀਆ ਹੈ, ਜਿਸ ਕੇ ਸਤਨੋਂ ਮੇਂ ਸੇ ਦੂਧ ਪੀਆ ਹੈ। ਕਿਆ ਏਕ ਜਾਨਵਰ ਜਾਂ ਪਸ਼ੂ ਵੀ ਮਾਂ ਹੋ ਸਕਦਾ ਹੈ। ਅਜੀਬ ਸੰਸਕ੍ਰਿਤੀ ਹੈ ਜਹਾਂ ਕੀ ! ਜਿਸ ਕਿਸੀ ਕੇ ਉੱਪਰ ਸ਼ੱਕ ਪੜੇ ਕਿ ਯਹਿ ਗਾਏ ਕਾ ਮਾਸ ਖਾਤਾ ਹੈ, ਪੀਟ ਪੀਟ ਕਰ ਮਾਰ ਡਾਲੋ। ਗਾਏ ਕੀਮਤੀ ਹੋ ਗਈ ਆਦਮੀ ਨਹੀਂ। ਸਦੀਉਂ ਸੇ ਲੋਗ ਗਾਏ ਕਾ ਮਾਸ ਖਾਤੇ ਚਲੇ ਆ ਰਹੇ ਹੈਂ। ਸਾਰੀ ਦੁਨੀਆਂ ਮੇਂ ਗਾਏ ਕਾ ਮਾਸ ਖਾਇਆ ਜਾ ਰਹਾ ਹੈ। ਹਮਾਰੇ ਮੁਲਕ ਮੇਂ ਭੀ ਏਕ ਖ਼ਾਸ ਸਮੁਦਾਏ ਕੇ ਲੋਗ ਗਾਏ ਕਾ ਮਾਸ ਖਾਤੇ ਹੈਂ। ਅਬ ਉਨ ਕੋ ਘਰੋਂ ਮੇ ਜਾ ਕਰ ਮਾਰਾ ਪੀਟਾ ਜਾ

ਰਹਾ ਹੈ। ਕਹਾਂ ਕਾ ਧਰਮ ਹੈ ਯੇਹ। ਮੈਂ ਕੇਰਲਾ ਮੇਂ ਗਯਾ ਥਾ, ਔਰ ਵਹਾਂ ਪਰ ਮੈਂ ਨੇ ਗਾਏ ਕਾ ਮਾਸ ਖਾਇਆ ਹੈ। ਵਹਾਂ ਔਰ ਲੋਗ ਵੀ ਗਾਏ ਕਾ ਮਾਸ ਖਾਤੇ ਹੈਂ। ਮੈਂ ਹਿੰਦੂ ਹੂੰ ਔਰ ਗਾਏ ਕਾ ਮਾਸ ਖਾਇਆ ਹੈ। ਮੈਂ ਅਬ ਬੀ ਖਾ ਸਕਤਾ ਹੂੰ। ਗਾਏ ਗਾਏ ਕਿਆ ਹੈ ਯੇਹ ਸਿਵਾਏ ਦਿਮਾਗੋਂ ਮੇਂ ਗੋਬਰ ਭਰਾ ਹੋਨੇ ਕੇ ਸਿਵਾਏ ?"

ਵਿਨੋਦ ਕੁਮਾਰ ਸੋਚ ਰਿਹਾ ਸੀ ਕਿ ਸਾਡੇ ਕੋਲੋਂ ਸਰਕਾਰ ਗਊ ਟੈਕਸ ਲੈਂਦੀ ਹੈ ਪਰ ਗਾਂਵਾਂ ਤੇ ਢੱਠੇ, ਸੜਕਾਂ 'ਤੇ ਗੰਦ ਮੰਦ ਖਾਂਦੇ ਅਵਾਰਾ ਫਿਰਦੇ, ਸੜਕਾਂ ਅਤੇ ਗਲ਼ੀਆਂ ਵਿੱਚ ਥਾਂ ਥਾਂ 'ਸਵੱਛ ਭਾਰਤ' ਕਰਦੇ ਫਿਰਦੇ ਨੇ। ਕਿਉਂ ਨੀ ਇਨ੍ਹਾਂ ਨੂੰ ਸਾਂਭਦੀ ਸਰਕਾਰ ? ਉਸਨੂੰ ਆਪਣੇ ਪ੍ਰੋਫੈਸਰ ਦੋਸਤ ਦੀ ਯਾਦ ਨੇ ਝਟਕਾ ਮਾਰਿਆ ਤੇ ਉਹਦੇ ਅੰਦਰ ਪੀੜ ਦਾ ਇਕ ਗੁਬਾਰ ਜਿਹਾ ਉੱਠਿਆ, ਜੋ ਪਿਛਲੇ ਸਾਲ ਰਾਤ ਨੂੰ ਮੋਟਰ ਸਾਈਕਲ 'ਤੇ ਜਾਂਦਾ ਕਾਲ਼ੇ ਰੰਗ ਦੀ ਗਾਂ ਨਾਲ਼ ਟਕਰਾ ਕੇ ਪਰਿਵਾਰ ਨੂੰ ਵਿਗੋਚਾ ਦੇ ਗਿਆ ਸੀ। ਕਿੰਨਾ ਵੱਡਾ ਵਿਦਵਾਨ ਸੀ। ਕਮਾਲ ਦਾ ਆਲੋਚਕ ਸੀ, ਕਿੰਨੀਆਂ ਉਮੀਦਾਂ ਸਨ ਪਰਿਵਾਰ ਅਤੇ ਵਿਦਿਆਰਥੀਆਂ ਨੂੰ ਗੁਰਪਾਲ ਸਿੰਘ ਸਿੱਧੂ ਤੋਂ। ਸਭ ਮਿੱਟੀ ਵਿੱਚ ਮਿਲ਼ ਗਿਆ।

ਸਭ ਕੁੱਝ ਗੰਧਲ ਚੌਦੇਂ ਹੋਈ ਜਾ ਰਿਹਾ ਸੀ। ਦੋ ਕੁ ਮਹੀਨੇ ਹੋਏ ਹੋਣਗੇ, ਜਦੋਂ ਸੜਕ ਦੇ ਨਾਲ਼ ਲੱਗਦੀ ਮਿਊਂਸਿਪਲ ਕਾਰਪੋਰੇਸ਼ਨ ਦੀ ਸੜਕ ਦੇ ਨਾਲ਼ ਲੱਗਦੀ ਜਗ੍ਹਾ ਉੱਪਰ ਕਿਸੇ ਵਿਅਕਤੀ ਨੇ ਸੌ ਪੰਜਾਹ ਇੱਟਾਂ ਚਿਣ ਕੇ ਮੰਦਰ ਬਣਾਉਣ ਦੀ ਤਿਆਰੀ ਕੀਤੀ ਹੋਈ ਸੀ। ਕਿਸੇ ਨੇ ਵੀ ਉਸ ਨੂੰ ਰੋਕਣ ਦਾ ਯਤਨ ਨਹੀਂ ਕੀਤਾ। ਪੁਰਾਣੇ ਜਿਹੇ ਲੋਹੇ ਦੇ ਪੱਤਰੇ ਉੱਪਰ ਕਾਲ਼ਾ ਰੰਗ ਕਰਕੇ, ਉੱਪਰ ਸਿਰ ਮੂੰਹ ਅਤੇ ਲਾਲ ਰੰਗ ਨਾਲ਼ ਵੱਡੀ ਸਾਰੀ ਜੀਭ ਜਿਹੀ ਬਣਾ ਕੇ ਇੱਟਾਂ ਦੇ ਸਹਾਰੇ ਖੜ੍ਹਾ ਕਰ ਦਿੱਤਾ ਸੀ ਉਹ ਪੱਤਰਾ, ਤਾਂ ਵਿਨੋਦ ਕੁਮਾਰ ਨੇ ਇਸ ਦਾ ਮਜ਼ਾਕ ਉਡਾਇਆ ਸੀ। ਪਤਾ ਨਹੀਂ ਉਹ ਲੋਕ ਕੌਣ ਸਨ, ਜੋ ਗਲ਼ੀ ਮੁਹੱਲੇ ਵਿੱਚ ਮੰਦਰ ਉਸਾਰਨ ਲਈ ਉਗਰਾਹੀ ਕਰਨ ਆਏ ਸਨ। ਉਸਨੇ ਫੰਡ ਦੇਣ ਤੋਂ ਇਨਕਾਰ ਤਾਂ ਕੀਤਾ ਹੀ ਸੀ, ਪਰ ਇਹ ਸ਼ਬਦ ਵੀ ਬੋਲ ਦਿੱਤੇ ਸਨ-"ਭਾਈ ਸਾਹਿਬ ਇਹ ਕਦੋਂ ਦਾ ਪਵਿੱਤਰ ਸਥਾਨ ਬਣ ਗਿਆ ? ਕੀ ਮਹਿਮਾ ਹੈ ਇਸ ਥਾਂ ਦੀ ਜਿੱਥੇ ਇਹ ਲੋਹੇ ਦਾ ਪੱਤਰਾ ਖੜ੍ਹਾ ਕਰਕੇ ਕਾਲ਼ੀ ਮਾਤਾ ਦਾ ਭਰਮ ਪੈਦਾ ਕਰ ਰਹੇ ਹੋ ?" ਸਾਰੀ ਗਲ਼ੀ ਦੇ ਲੋਕਾਂ ਨੇ ਫੰਡ ਦਿੱਤਾ ਸੀ, ਇੱਥੋਂ ਤੱਕ ਕਿ ਸਿੱਖਾਂ ਅਤੇ ਹੋਰ ਬਰਾਦਰੀ ਦੇ ਲੋਕਾਂ ਨੇ ਵੀ ਉਨ੍ਹਾਂ ਨੂੰ ਖਾਲੀ ਨਹੀਂ ਸੀ ਮੋੜਿਆ। ਸਿਰਫ਼ ਵਿਨੋਦ ਕੁਮਾਰ ਸੀ, ਜਿਸ ਨੇ ਇਨਕਾਰ ਕੀਤਾ ਸੀ ਤੇ ਗਲ਼ੀ ਵਿੱਚ ਆਪਣੀ ਵੱਖਰੀ ਸੋਚ ਦਾ ਝੰਡਾ ਗੱਡ ਕੇ ਲੋਕਾਂ ਵਿੱਚ ਕਾਹਲ਼ੀ ਨਾਲ਼ ਪੀਸਿਆ ਅੱਖਾਂ ਦਾ ਸੁਰਮਾ ਬਣ ਗਿਆ ਸੀ।

ਇਹ ਵੀ ਨਹੀਂ ਕਿ ਉਹ ਲੋਕਾਂ ਵੱਲੋਂ ਕਰਾਏ ਜਾਂਦੇ ਧਾਰਮਿਕ ਪਰੋਗਰਾਮਾਂ 'ਤੇ ਨਹੀਂ ਸੀ ਜਾਂਦਾ ਰਿਹਾ। ਜਾਂਦਾ ਰਿਹਾ ਸੀ, ਗਲ਼ੀ ਗੁਆਂਢ ਵਿੱਚ ਕਿਸੇ ਵੀ ਪ੍ਰੋਗਰਾਮ ਵਿੱਚ ਕਰਵਾਏ ਜਾਂਦੇ ਹਰੇਕ ਪ੍ਰੋਗਰਾਮ ਵਿੱਚ ਉਹ ਜ਼ਰੂਰ ਸ਼ਾਮਿਲ ਹੁੰਦਾ ਸੀ। ਕਿਸੇ ਨੇ ਸਾਧਾਰਨ ਪਾਠ ਰਖਾਇਆ ਹੁੰਦਾ, ਕਈ ਪਰਿਵਾਰ ਸੁਖਮਨੀ ਸਾਹਿਬ ਦਾ ਪਾਠ ਰਖਾਈ ਰੱਖਦੇ। ਕੁਛ ਧਾਰਮਿਕ ਹਿੰਦੂ ਪਰਿਵਾਰ ਕਿਸੇ ਭਜਨ ਮੰਡਲੀ ਨੂੰ ਸੱਦਾ ਦੇਈ ਰੱਖਦੇ। ਗਲ਼ੀ ਵਿੱਚ ਵਾਸ਼ ਇਕੱਠੀ ਕਰਕੇ ਜਗਰਾਤਾ ਕਰਵਾਇਆ ਜਾਂਦਾ, ਸਵਿੱਤਰੀ ਸਭ ਤੋਂ ਵੱਧ ਕਾਹਲੀ ਹੁੰਦੀ। ਲੋਕ-ਲੱਜ ਦੀ ਖ਼ਾਤਰ ਉਹ ਜ਼ਰੂਰ ਹਾਜ਼ਰੀ ਭਰਦਾ ਤੇ ਚੰਦਾ ਵੀ ਦਿੰਦਾ। ਭਾਵੇਂ ਦਸਾਂ ਦਾ ਨੋਟ ਚੜ੍ਹਾਵੇ ਵਿੱਚ ਰੱਖ ਕੇ ਮਜਬੂਰੀ ਜਿਹੀ ਵਿੱਚ ਸਿਰ ਝੁਕਾ

ਦਿੰਦਾ। ਉਸਦਾ ਸਿਰ ਝੁਕਾਉਣਾ ਵੀ ਇਕ ਤਰ੍ਹਾਂ ਫੜਿਆ ਜਾਂਦਾ ਤੇ ਕੁੱਝ ਲੋਕ ਅੱਖਾਂ ਜਿਹੀਆਂ ਵੀ ਕੱਢਦੇ ਤੇ ਬੁੱਲ੍ਹ ਵਿੰਗੇ ਜਿਹੇ ਕਰ ਕਰ ਉਹਦੇ ਵੱਲ ਵੇਖਦਾ।

ਸਵਿੱਤਰੀ ਇਸ ਗੱਲ ਦਾ ਖ਼ਿਆਲ ਰੱਖਦੀ ਸੀ ਤੇ ਅਕਸਰ ਕਹਿੰਦੀ ਰਹਿੰਦੀ ਸੀ–"ਜੀ ਆਹ ਵੱਡੀ ਕੋਠੀ ਵਾਲ਼ਿਆਂ ਨੇ ਜਾਂ ਅਹੁ ਫਲਾਣਿਆਂ ਨੇ ਸੁਖਮਨੀ ਸਾਹਿਬ ਦਾ ਪਾਠ ਕਰਾਉਣੈ। ਆਖ ਕੇ ਗਏ ਐ। ਤਿਆਰ ਹੋ ਲਉ, ਜਾਣੈ। ਐਵੇਂ ਇੱਚਰਾਂ ਜੀਆਂ ਨਾ ਭੇੜਿਓ।"

"ਠੀਕ ਐ ਬਾਬਾ ਠੀਕ ਐ। ਮੈਂ ਚੱਲੂੰਗਾ ਤੇਰੇ ਨਾ ਧਰਮ ਨੂੰ ਆਂਚ ਆ ਜੇ, ਸਵਿੱਤਰੀ ਦੇਵੀ ਜੀ।"

ਉਹ ਜਗਰਾਤਿਆਂ ਵਿੱਚ ਵੀ ਜਾਂਦਾ ਸੀ। ਗਲ਼ੀ ਗੁਆਂਢ ਜਦ ਵੀ ਕੋਈ ਭਜਨ ਮੰਡਲੀ ਬੁਲਾਈ ਜਾਂਦੀ ਤਾਂ ਉਹ ਲੋਕਾਚਾਰ ਵਜੋਂ ਹਾਜ਼ਰੀ ਭਰਦਾ। ਸਾਜਾਂ ਤੇ ਘੜਮੱਸ ਵਿੱਚ ਫਿਲਮੀ ਤਰਜ਼ਾਂ 'ਤੇ ਗਾਏ ਜਾਂਦੇ ਮਾਤਾ ਦੀਆਂ ਭੇਟਾ ਦੇ ਗੀਤਾਂ ਦੇ ਬੋਲ ਤਾਂ ਸਮਝ ਨਾ ਆਉਂਦੇ, ਫਿਲਮੀ ਗੀਤ ਮਨਾਂ ਵਿੱਚ ਵੱਜ ਰਿਹਾ ਹੁੰਦਾ ਤੇ ਦਰਸ਼ਕ ਖ਼ਾਸ ਕਰਕੇ ਔਰਤਾਂ ਗੀਤਾਂ ਉੱਪਰ ਧਮਾਲ ਪਾਉਣ ਲੱਗਦੇ ਤਾਂ ਉਹਦੇ ਕੋਲ਼ੋਂ ਹੋਰ ਚਿਰ ਉੱਥੇ ਰੁਕਿਆ ਨਾ ਜਾਂਦਾ। ਉਹ ਘਰ ਆ ਕੇ ਸੌਣ ਦਾ ਯਤਨ ਕਰਦਾ, ਪਰ ਵੱਡੇ ਵੱਡੇ ਸਪੀਕਰਾਂ ਵਾਲ਼ੇ ਬਕਸਿਆਂ ਦੀ ਸ਼ੋਰ ਪਾਉਂਦੀ ਆਵਾਜ਼ ਵਿੱਚ ਸਾਰੀ ਰਾਤ ਕਰਵਟਾਂ ਬਦਲਦਿਆਂ ਲੰਘਾਉਣ ਲਈ ਮਜਬੂਰ ਕਿਸੇ ਨੂੰ ਕੁੱਝ ਨਾ ਕਹਿ ਸਕਦਾ, ਅੰਦਰੇ ਅੰਦਰ ਕੁੜ੍ਹਦਾ ਰਹਿੰਦਾ। ਉਹ ਇਸ ਗੱਲੋਂ ਵੀ ਹੈਰਾਨ ਹੁੰਦਾ ਕਿ ਸੁਪਰੀਮ ਕੋਰਟ ਦਾ ਸ਼ੋਰ ਪ੍ਰਦੂਸ਼ਨ ਬੰਦ ਕਰਨ ਦਾ ਹੁਕਮ ਕਿਸੇ ਦੇ ਚਿੱਤ ਚੇਤੇ ਨਹੀਂ ਹੁੰਦਾ। ਸਿੱਖ ਕਿਹੜਾ ਘੱਟ ਨੇ ਸਪੀਕਰ ਲਾਉਣ ਵਿੱਚ, ਹਾਲਾਂ ਕਿ ਅਕਾਲ ਤਖ਼ਤ ਤੋਂ ਹੁਕਮਨਾਮਾ ਜਾਰੀ ਹੋ ਚੁੱਕਾ ਹੈ। ਕੌਣ ਪਰਵਾਹ ਕਰਦੈ ਹੁਕਮਨਾਮਿਆਂ ਦੀ ? ਹੋਰ ਤਾਂ ਹੋਰ ਸਰਕਾਰੀ ਤੰਤਰ ਗੱਲ ਤਾਂ ਕਰਦਾ ਹੈ ਕਿ ਸ਼ੋਰ ਪ੍ਰਦੂਸ਼ਨ ਨਹੀਂ ਹੋਣਾ ਚਾਹੀਦਾ ਪਰ ਜਦੋਂ ਕੰਨ ਪਾੜਵੀਆਂ ਆਵਾਜ਼ਾਂ ਵਿੱਚ ਡੀਜ਼ੇ ਵੱਜ ਰਹੇ ਹੁੰਦੇ ਹਨ ਤਾਂ ਇਹ ਤੰਤਰ ਵੀ ਸਿਰ ਹੇਠ ਕੂਹਣੀ ਰੱਖ ਕੇ ਮਿਸਕਮੀਣਾ ਹੋਇਆ ਦਿਖਾਈ ਦਿੰਦਾ ਹੈ। ਕੀਹਦੇ ਕੋਲ਼ ਫਰਿਆਦ ਕਰੇ ਕਿ ਉਹ ਪੜ੍ਹਨ ਲਿਖਣ ਵਾਲ਼ਾ ਬੰਦਾ ਹੈ–"ਉਸ ਉੱਪਰ ਤਰਸ ਕੀਤਾ ਜਾਵੇ, ਉੱਚੀ ਆਵਾਜ਼ ਵਿੱਚ ਵੱਜਦੇ ਸਪੀਕਰ ਬੰਦ ਕੀਤੇ ਜਾਣ।"

ਪਰ ਨਹੀਂ, ਉਸਦੀ ਫਰਿਆਦ ਸੁਣਨ ਵਾਲ਼ਾ ਕੋਈ ਕਾਨੂੰਨ ਅਜੇ ਬਣਿਆ ਹੀ ਨਹੀਂ। ਗੁਰਦੁਆਰੇ ਵਾਲ਼ਿਆਂ ਨੂੰ ਵੀ ਉਸਨੇ ਜੋਹ ਕੇ ਵੇਖ ਲਿਆ ਸੀ। ਗੁਰਮਤਿ ਵਿੱਚ ਪੂਰਨ ਭਰੋਸਾ ਰੱਖਣ ਵਾਲ਼ਾ ਗੁਰਦੁਆਰਿਆਂ ਦੇ ਦਸਤੂਰ 'ਤੇ ਵੀ ਔਖ ਮੰਨਦਾ ਸੀ। ਇਕ ਦਿਨ ਉਸ ਨੇ ਦੋ ਛੋਟੇ ਬਕਸਿਆਂ ਵਾਲ਼ੇ ਸਪੀਕਰ, ਬਾਜ਼ਾਰੋਂ ਖ਼ਰੀਦ ਕੇ ਗੁਰਦੁਆਰੇ ਲਿਜਾ ਰੱਖੇ ਸਨ ਤੇ ਬੇਨਤੀ ਕੀਤੀ ਸੀ–"ਸਿੰਘ ਸਾਹਿਬ ਹੁਣ ਤਾਂ ਅਕਾਲ ਤਖ਼ਤ ਸਾਹਿਬ ਤੋਂ ਵੀ ਹੁਕਮਨਾਮਾ ਜਾਰੀ ਹੋ ਚੁੱਕਾ ਹੈ, ਸਪੀਕਰਾਂ ਦੀ ਆਵਾਜ਼ ਅੰਦਰੇ ਅੰਦਰ ਰੱਖਣ ਦਾ। ਮੇਰੀ ਆਹ ਸੇਵਾ ਪਰਵਾਨ ਕਰ ਲਉ। ਬਾਹਰਲੇ ਸਪੀਕਰਾਂ ਦੀ ਆਵਾਜ਼ ਘਟਾ ਦਿਉ।"

"ਮਾਹਟਰ ਜੀ ਜੋ ਸੰਗਤ ਕਹੇਗੀ, ਹੋ ਜਾਊਗਾ। ਸੰਗਤ ਤਾਂ ਕਹਿੰਦੀ ਐ ਬਈ ਥੋੜ੍ਹੀ ਆਵਾਜ਼ ਕੰਮ ਕਰਦਿਆਂ ਨੂੰ ਸੁਣਦੀ ਨੀ। ਸੰਗਤ ਨੇ ਅਰਦਾਸ ਦੇ ਮੌਕੇ ਆਉਣਾ ਹੁੰਦੈ।" ਮਹੰਤ ਨੇ ਗੱਲ ਨਿਬੇੜ ਦਿੱਤੀ ਸੀ।

"ਇਹ ਚੰਗੀ ਸੰਗਤ ਹੈ ਜੋ ਬਾਣੀ ਸੁਣਨ ਨਹੀਂ ਆਉਂਦੀ, ਸਿਰਫ਼ ਦੇਗ ਵਰਤਾਉਣ ਦੇ

ਸਮੇਂ ਹੀ ਗੁਰੂ ਘਰ ਆਉਂਦੀ ਹੈ। ਘਰਾਂ ਵਿੱਚ ਅਲਾਰਮ ਲਾਇਆ ਜਾ ਸਕਦੈ। ਨਾਲ਼ੇ ਦਰਬਾਰ ਸਾਹਿਬ ਅੰਮ੍ਰਿਤਸਰ ਤਾਂ ਓਸ ਵਕਤ ਭੋਗ ਵੀ ਪੈ ਚੁੱਕੇ ਹੁੰਦੇ ਨੇ ਜਦੋਂ ਤੁਸੀਂ ਸ਼ੁਰੂ ਕਰਦੇ ਓ। ਇਹ ਕੀ ਗੱਲ ਹੋਈ ? ਚੰਗੀ ਸਿੱਖੀ ਰਹਿਤ ਮਰਿਆਦਾ ਹੈ ਇਹ !"

"ਸੰਗਤ ਦਾ ਹੀ ਹੁਕਮ ਹੈ ਬਈ ਦਿਨ ਚੜ੍ਹੇ ਅਰਦਾਸ ਕੀਤੀ ਜਾਵੇ। ਸਵੇਰੇ ਸਵੇਰੇ ਘਰ ਵਿੱਚ ਕੰਮ ਬਹੁਤ ਹੁੰਦੇ ਐ ਨਾ ਜੀ।" ਗ੍ਰੰਥੀ ਸਿੰਘ ਨੇ ਛਾਤੀ ਤੋਂ ਬਾਹਰ ਵੱਲ ਨਿੱਕਲ਼ੀ ਗੋਗੜ ਨੂੰ ਖੁਰਕਦਿਆਂ ਕਿਹਾ ਸੀ। ਉਸ ਵਕਤ ਚੇਗੇ ਸੂਰ ਵਾਂਗ ਫਿੱਟਿਆ, ਨਾਲ ਦੀ ਗਲ਼ੀ ਵਾਲ਼ਾ, ਅੰਮ੍ਰਿਤਧਾਰੀ ਜੇਲ੍ਹ ਦਾ ਕਲਰਕ ਹੌਲਦਾਰ ਵੀ ਹਾਜ਼ਰ ਸੀ, ਜਿਸ ਬਾਰੇ ਇਹ ਵੀ ਚਰਚਾ ਸੀ ਕਿ ਕੈਦੀਆਂ ਦਾ ਕੋਈ ਸਾਮਾਨ ਭੇਟਾ ਲਏ ਬਗੈਰ ਅੰਦਰ ਨਹੀਂ ਜਾਣ ਦਿੰਦਾ। ਜਿਸ ਕੈਦੀ ਦੀ ਕੈਦ ਪੂਰੀ ਹੋ ਗਈ ਹੋਵੇ, ਦਸ ਹਜ਼ਾਰ ਲਏ ਬਗੈਰ ਕਾਗਜ਼ ਪੂਰੇ ਨਹੀਂ ਕਰਦਾ। ਸੁਣ ਕੇ ਕਿਵੇਂ ਦੋਵੇਂ ਹੱਥ ਜੋੜ ਕੇ ਵਾਹਿਗੁਰੂ ਵਾਹਿਗੁਰੂ ਦਾ ਜਾਪ ਕਰਨ ਲੱਗ ਪਿਆ ਸੀ। ਵਿਨੋਦ ਕੁਮਾਰ ਦੇਖ ਰਿਹਾ ਸੀ ਕਿ ਪੁਰਾਣੀ ਕੋਠੀ ਢਾਹ ਕੇ ਤਿੰਨ ਮੰਜ਼ਲੀ ਕੋਠੀ ਪਾ ਰਿਹਾ ਸੀ। ਅੰਨ੍ਹਾ ਪੈਸਾ ਪਾਣੀ ਵਾਂਗ ਵਹਾਇਆ ਜਾ ਰਿਹਾ ਸੀ।

———

"ਮਾਸਟਰ ਜੀ ਕੀ ਪੜ੍ਹਦੇ ਰਹਿੰਦੇ ਹੋ ਸਾਰਾ ਦਿਨ। ਤੁਹਾਨੂੰ ਤਾਂ ਜਦੋਂ ਵੀ ਮਿਲ਼ਣ ਆਏ ਹਾਂ ਤੁਹਾਡੇ ਹੱਥ ਵਿੱਚ ਕੋਈ ਕਿਤਾਬ ਜਾਂ ਗ੍ਰੰਥ ਹੁੰਦੈ। ਦਿਮਾਗ 'ਤੇ ਬੋਝ ਨੀ ਪੈਂਦਾ ਤੁਹਾਡੇ ? ਮੇਰਾ ਤਾਂ ਅਖ਼ਬਾਰ ਪੜ੍ਹਦੇ ਦਾ ਹੀ ਸਿਰ ਚਕਰਾਉਣ ਲੱਗ ਪੈਂਦੈ। ਬਥੇਰਾ ਪੜ੍ਹ ਲਿਆ ਹੁਣ ਤਾਂ ਦਿਮਾਗ਼ ਨੂੰ ਆਰਾਮ ਕਰਨ ਦਿਉ ਯਾਰ। ਕਿਉਂ ਘਸਾਉਣਾ ਕੀਤੈ ਵਿਚਾਰੇ ਦਿਮਾਗ਼ ਨੂੰ ?" ਇਕ ਵਾਰ ਮਿਲ਼ਣ ਆਏ ਦੋਸਤ ਬਲਕਾਰ ਸਿੰਘ ਨੇ ਮਜ਼ਾਕ ਜਿਹੇ ਵਿੱਚ ਆਖ ਹੀ ਦਿੱਤਾ ਸੀ। ਮਿਲ਼ਣ ਆਇਆ ਜਣਾ ਤਾਂ ਇਸ ਗੱਲੋਂ ਵੀ ਹੈਰਾਨ ਹੁੰਦਾ ਕਿ ਉਸਦੇ ਹੱਥ ਵਿੱਚ ਕੋਈ ਕਿਤਾਬ ਜਾਂ ਕੋਈ ਗ੍ਰੰਥ, ਭਗਵਤ ਗੀਤਾ ਜਾਂ ਪ੍ਰੋਫੈਸਰ ਸਾਹਿਬ ਸਿੰਘ ਦੀ ਕੋਈ ਸਟੀਕ ਹੁੰਦੀ, ਉਹ ਪੜ੍ਹ ਰਿਹਾ ਹੁੰਦਾ। ਜਦੋਂ ਦੇਖੋ ਕੁੱਝ ਨਾ ਕੁੱਝ ਪੜ੍ਹਦੇ ਦਾ ਪੜ੍ਹਦਾ। ਉਸ ਨੇ ਹਾਸੇ ਹਾਸੇ ਵਿੱਚ ਜਵਾਬ ਦਿੱਤਾ ਸੀ–

"ਵੀਰ ਮੇਰਿਆ ਦਿਮਾਗ਼ ਰੱਬ ਨੇ ਦਿੱਤਾ ਹੀ ਵਰਤਣ ਲਈ ਹੈ। ਜੇ ਅਣਲੱਗਿਆ ਦਿਮਾਗ਼ ਲੈ ਗਏ ਰੱਬ ਕੋਲੇ ਤਾਂ ਕੀ ਜਵਾਬ ਦਿਆਂਗੇ ਬਈ ਜਿਹੋ ਜਿਹਾ ਲੈ ਕੇ ਗਏ ਸੀ ਮੋੜ ਲਿਆਂਦਾ।" ਵਿਨੋਦ ਕੁਮਾਰ ਨੇ ਉਸ ਦੀਆਂ ਅੱਖਾਂ ਵਿੱਚ ਅੱਖਾਂ ਪਾ ਕੇ ਮੁਸਕ੍ਰਾਹਟ ਦੀ ਛੱਲ ਜਿਹੀ ਉਹਦੇ ਵੱਲ ਉਛਾਲ਼ ਦਿੱਤੀ।

"ਨਾਲ਼ੇ ਤੁਸੀਂ ਕਹਿੰਦੇ ਰੱਬ ਹੈ ਨੀ।" ਬਲਕਾਰ ਸਿੰਘ ਨੇ ਇਸ ਨੂੰ ਆਪਣੀ ਜਿੱਤ ਸਮਝ ਲਿਆ ਸੀ।

"ਕੀ ਪਤੈ ਭਾਈ ਸਾਹਿਬ ਜੇ ਹੋਇਆ ਤਾਂ ਫਿਰ ਪੁੱਛੂਗਾ ਈ। ਫਿਰ ਕੀ ਪਤਾ ਕਿੰਨੀ ਕੁ ਸਜ਼ਾ ਮਿਲ਼ਣੀ ਐ ?" ਵਿਨੋਦ ਕੁਮਾਰ ਨੇ ਉਸਦੀਆਂ ਅੱਖਾਂ ਵਿੱਚ ਸਿੱਧਾ ਝਾਕਦਾ ਉੱਚੀ ਉੱਚੀ ਹੱਸਣ ਲੱਗ ਪਿਆ।

ਵਿਨੋਦ ਕੁਮਾਰ ਨੇ ਹੱਸ ਕੇ ਕਿਤਾਬ ਪਾਸੇ ਰੱਖ ਦਿੱਤੀ ਤੇ ਬਹੁਤ ਹੀ ਸਤਿਕਾਰ ਸਹਿਤ ਕਿਹਾ– "ਅੱਜ ਤਾਂ ਪਤਾ ਨਹੀਂ ਕਿਵੇਂ ਕੀੜੀ ਦੇ ਘਰ ਭਗਵਾਨ ਆ ਗਏ।" ਭਾਵੇਂ ਉਸ ਦੇ ਮਨ ਵਿੱਚ ਆਇਆ ਸੀ ਕਿ ਉਹ ਆਏ ਦੋਸਤ ਨੂੰ ਆਖੇ–

"ਭਾਈ ਗਿਆਨ ਹੀ ਜੀਵਨ ਦਾ ਰਾਹ ਦਿਖਾਉਂਦੈ।... ਤੇ ਨਾਲ਼ੇ ਗਿਆਨ ਬਗੈਰ ਬੰਦਾ ਨਿਰਾ ਢੋਰ ਹੁੰਦੈ। ਨਿਊਟਨ ਨੇ ਤਾਂ ਇੱਥੋਂ ਤੱਕ ਕਿਹਾ ਸੀ, ਗਿਆਨ ਦਾ ਅਥਾਹ ਸਮੁੰਦਰ ਮੇਰੇ ਸਾਹਮਣੇ ਠਾਠਾਂ ਮਾਰਦਾ ਪਿਆ ਹੇ ਤੇ ਮੈਂ ਅਜੇ ਤੱਕ ਇਸ ਵਿੱਚੋਂ ਸਿੱਪੀਆਂ ਤੇ ਘੋਗੇ ਹੀ ਇਕੱਠੇ ਕਰ ਸਕਿਆ ਹਾਂ।" ਪਰ ਉਹ ਇਹ ਵਿਚਾਰ ਮਨ ਵਿੱਚ ਹੀ ਰੋਕ ਗਿਆ ਸੀ।

ਉਸਦੇ ਪਿਤਾ ਗਿਰਧਾਰੀ ਲਾਲ ਵੀ ਕਈ ਵਾਰ ਆਇਆਂ ਨਾਲ਼ ਇਹੋ ਜਿਹੇ ਵਚਨ ਬਿਲਾਸ ਕਰਿਆ ਕਰਦੇ ਸਨ। ਧਾਰਮਿਕ ਆਸਥਾ ਵਾਲ਼ਾ ਹੋ ਕੇ ਵੀ ਉਹ ਬਹੁਤ ਦਰਿਆ ਦਿਲ ਇਨਸਾਨ ਸਨ। ਪੰਡਿਤ ਗਿਰਧਾਰੀ ਲਾਲ ਯੰਤਰੀ ਅਤੇ ਜੋਤਿਸ਼ ਵਿੱਦਿਆ ਦਾ ਵਿਦਵਾਨ ਅਖਵਾਉਂਦਾ ਸੀ, ਵਿਨੋਦ ਕੁਮਾਰ ਭਾਵੇਂ ਇਸ ਨੂੰ ਪਾਖੰਡ ਸਮਝਣ ਲੱਗ ਪਿਆ ਸੀ। ਇਸ ਦੇ ਬਾਵਜੂਦ ਪਿਤਾ ਕੇਸਾਧਾਰੀ ਸੀ ਤੇ ਪੱਗ ਬੰਨ੍ਹਦਾ ਸੀ। ਧਾਰਮਿਕ ਬਿਰਤੀ ਦਾ ਹੋਣ ਕਰਕੇ ਪਿੰਡ ਵਿੱਚ ਚੰਗੀ ਇੱਜ਼ਤ ਸੀ, ਪੰਡਿਤ ਗਿਰਧਾਰੀ ਲਾਲ ਦੀ। ਧਰਮ ਕਰਮ ਬਾਰੇ ਵੀ ਉਹ ਖੁੱਲ੍ਹ ਖਿਆਲੀਆ ਵੀ ਸੀ, ਆਪਣੀ ਗੱਲ ਕਿਸੇ 'ਤੇ ਥੋਪਦਾ ਨਹੀਂ ਸੀ। ਜਦੋਂ ਵੀ ਉਨ੍ਹਾਂ ਦੇ ਘਰ ਕੋਈ ਮਹਿਮਾਨ ਜਾਂ ਮਿਲ਼ਣ-ਗਿਲ਼ਣ ਵਾਲ਼ਾ ਆਉਂਦਾ ਤਾਂ ਜਿਵੇਂ ਖ਼ੁਸ਼ੀ ਵਿੱਚ ਹੁੱਬ ਕੇ ਕਿਹਾ ਕਰਦਾ ਸੀ-"ਓ ਬੱਲੇ ਬਈ ਆਹ ਤਾਂ ਕੀੜੀ ਦੇ ਘਰ ਭਗਵਾਨ ਹੀ ਆ ਗਏ। ਅੱਜ ਕਿੱਧਰੋਂ ਆ ਉੱਤਰੀਆਂ ਸਰਕਾਰਾਂ? ਬਈ ਆਹ ਤਾਂ ਧੰਨ ਧੰਨ ਈ ਹੋ ਗਈ। ਸ਼ੁਕਰ ਐ ਦਰਸ਼ਨ ਦਿੱਤੇ ਸਰਕਾਰਾਂ ਨੇ।" ਤੇ ਗਿਆਨ ਪ੍ਰਾਪਤੀ ਬਾਰੇ ਵੀ ਉਹ ਇਹੋ ਗੱਲ ਕਿਹਾ ਕਰਦਾ ਸੀ- "ਉਮਰ ਭਰ ਗਿਆਨ ਹਾਸਲ ਕਰਦਾ ਰਹੇ ਬੰਦਾ ਤਦ ਵੀ ਪੂਰਨ ਗਿਆਨ ਹਾਸਲ ਨਹੀਂ ਕਰ ਸਕਦਾ।"

ਬਚਪਨ ਵਿੱਚ ਤਾਂ ਵਿਨੋਦ ਕੁਮਾਰ ਨੂੰ ਵੀ ਧਾਰਮਿਕ ਸੰਸਕਾਰ ਹੀ ਮਿਲ਼ੇ ਸਨ, ਪਰ ਕਾਲਜ ਤੋਂ ਬਾਅਦ ਯੂਨੀਵਰਸਿਟੀ ਦੀ ਪੜ੍ਹਾਈ ਕਰਦਿਆਂ ਉਸਦਾ ਜਿਵੇਂ ਕਪਾਟ ਹੀ ਖੁੱਲ੍ਹ ਗਿਆ ਸੀ। ਉਸ ਨੇ ਪੁਰਾਤਨ ਖ਼ਿਆਲੀ ਸਭ ਸੰਸਕਾਰਾਂ ਦੀ ਇਕ ਪ੍ਰਕਾਰ ਨਾਲ਼ ਪੰਡ ਬੰਨ੍ਹ ਕੇ ਕਿਸੇ ਖੱਲ ਖੂੰਜੇ ਵਿੱਚ ਰੱਖ ਦਿੱਤੀ ਸੀ ਤੇ ਸਾਹਿਤ ਪੜ੍ਹਨ ਲਿਖਣ ਵਾਲ਼ਿਆਂ ਨਾਲ਼ ਬੈਠਣ ਉੱਠਣ ਲੱਗ ਪਿਆ ਸੀ। ਸੁਹਣੀ ਪੋਚਵੀਂ ਪੱਗ ਬੰਨ੍ਹੀ ਹੋਣ ਕਰਕੇ ਕੋਈ ਕਹਿ ਨਹੀਂ ਸੀ ਸਕਦਾ ਕਿ ਵਿਨੋਦ ਕੁਮਾਰ ਬ੍ਰਹਿਮਣ ਜਾਤੀ ਨਾਲ਼ ਸਬੰਧ ਰੱਖਦਾ ਹੈ। ਆਪ ਤਾਂ ਉਸ ਨੇ ਕਦੇ ਕੁੱਝ ਲਿਖਿਆ ਨਹੀ ਸੀ ਪਰ ਸ਼ਹਿਰ ਦੀ ਲੇਖਕ ਸਭਾ ਦਾ ਮੈਂਬਰ ਜ਼ਰੂਰ ਬਣ ਗਿਆ ਸੀ। ਬੀ. ਐੱਸ. ਸੀ. ਤੇ ਫਿਰ ਯੂਨੀਵਰਸਿਟੀ ਤੋਂ ਐਮ. ਐਸ. ਸੀ ਕਰ ਕੇ ਉਹ ਬੀ. ਐੱਡ. ਮਾਸਟਰ ਤੋ ਤਰੱਕੀ ਕਰਕੇ ਸੀਨੀਅਰ ਸੈਕੰਡਰੀ ਸਕੂਲ ਵਿੱਚ ਸਾਇੰਸ ਦਾ ਲੈਕਚਰਾਰ ਬਣ ਗਿਆ ਸੀ। ਸਾਇੰਸ ਦਾ ਅਧਿਆਪਕ ਹੋ ਕੇ ਵੀ ਉਹ ਨਾਵਲ ਕਹਾਣੀਆਂ ਬਹੁਤ ਪੜ੍ਹਦਾ ਰਹਿੰਦਾ ਸੀ।

ਉਹ ਬਹੁਤ ਵਧੀਆ ਅਧਿਆਪਕ ਸੀ। ਵਧੀਆ ਅਧਿਆਪਕ ਹੋਣ ਨੂੰ ਹੀ ਉਹ ਆਪਣਾ ਅਸਲ ਧਰਮ ਸਮਝਦਾ ਸੀ। ਉਸ ਦੀ ਇਹ ਵਿਲੱਖਣ ਗੱਲ ਸੀ ਕਿ ਉਹ ਕਲਾਸ ਵਿੱਚ ਜਾਣ ਤੋਂ ਪਹਿਲਾਂ ਪੂਰੀ ਤਰ੍ਹਾਂ ਲੈਸ ਹੋ ਕੇ ਜਾਂਦਾ ਸੀ। ਪੂਰਾ ਪੀਰੀਅਡ ਖੁੱਭ ਕੇ ਲਾਉਂਦਾ ਤੇ ਵਿਦਿਆਰਥੀਆਂ ਦੀ ਪੂਰੀ ਤਸੱਲੀ ਕਰਾ ਕੇ ਕਲਾਸ ਛੱਡਦਾ। ਇਹੋ ਕਾਰਨ ਸੀ ਕਿ ਵਿਦਿਆਰਥੀ ਉਸ ਦਾ ਬੇਹੱਦ ਸਤਿਕਾਰ ਕਰਦੇ ਸਨ। ਜਿਸ ਸਕੂਲ ਵਿੱਚ ਵੀ ਉਹ ਰਿਹਾ, ਆਪਣੀ ਕਾਬਲੀਅਤ ਦੇ ਲਿਹਾਜ ਨਾਲ਼ ਧਾਂਕ ਜਮਾ ਕੇ ਰਿਹਾ।

ਪਰ ਜਦੋਂ ਦਾ ਉਹ ਸ਼ਹਿਰ ਦੀ ਇਸ ਬਸਤੀ ਵਿੱਚ ਆਪਣਾ ਛੋਟਾ ਜਿਹਾ ਮਕਾਨ ਬਣਾ ਕੇ

ਰਹਿਣ ਲੱਗਿਆ ਸੀ, ਗਲ਼ੀ ਮੁਹੱਲੇ ਵਿੱਚ ਨਿੱਖੜਦਾ ਹੀ ਗਿਆ ਸੀ। ਸ਼ੁਰੂ ਸ਼ੁਰੂ ਵਿੱਚ ਉਸ ਨੇ ਗੁਰੂ ਘਰ ਦੀ ਸੰਗਤ ਵਿੱਚ ਵੀ ਵਾਹਵਾ ਥਾਂ ਬਣਾ ਲਈ ਸੀ, ਸਥਾਨਕ ਗੁਰਦੁਆਰੇ ਦਾ ਮਹੰਤ ਵੀ ਖਾਸਾ ਵਿਦਵਾਨ ਸੀ ਤੇ ਹੁਕਮਨਾਮੇ ਦੀ ਵਿਆਖਿਆ ਵੀ ਕਰਿਆ ਕਰਦਾ ਸੀ। ਵਿਨੋਦ ਕੁਮਾਰ ਦੀ ਉਸ ਨਾਲ਼ ਵਾਹਵਾ ਸੱਥਰੀ ਪੈਂਦੀ ਸੀ, ਪਰ ਫਿਰ ਬਸਤੀ ਦੇ ਇਕ ਘੜੰਮ ਚੌਧਰੀ ਅੰਮ੍ਰਿਤਧਾਰੀ ਚੋਪੜਾ ਸਾਹਿਬ ਨੇ ਇਕ ਨੀਮ ਪਾਗ਼ਲ ਜਿਹੇ ਬੰਦੇ ਨੂੰ ਸ਼ਿੰਗਾਰ ਕੇ ਧੀਆਂ ਭੇਣਾ ਦੀਆਂ ਗਾਲ਼੍ਹਾ ਕਢਾ ਕੇ, ਉਸ ਭਲੇ ਗੁਰਮੁਖ ਮਹੰਤ ਉੱਪਰ ਕਈ ਤਰ੍ਹਾਂ ਦੀਆਂ ਤੂਹਮਤਾਂ ਲਾ ਕੇ ਗੁਰਦੁਆਰੇ ਵਿਚੋਂ ਖਦੇੜ ਦਿੱਤਾ ਸੀ। ਵਿਨੋਦ ਕੁਮਾਰ ਬਾਰੇ ਵੀ ਮਹੰਤ ਨਾਲ਼ ਰਲ਼ਿਆ ਹੋਣ ਦਾ ਪ੍ਰਚਾਰ ਕਰਕੇ ਨਿਖੇੜਨ ਦਾ ਯਤਨ ਕੀਤਾ ਸੀ। ਵਿਨੋਦ ਕੁਮਾਰ ਨੇ ਮਨ ਹੀ ਮਨ ਸੋਚ ਕੇ ਆਪ ਹੀ ਗੁਰਦੁਆਰੇ ਜਾਣਾ ਬੰਦ ਕਰ ਦਿੱਤਾ ਸੀ। ਕਹਿਣਾ ਤਾਂ ਚਾਹੁੰਦਾ ਸੀ ਕਿ ਗੁਰਦੁਆਰਾ ਗੁਰਦੁਆਰਾ ਨਾ ਰਹਿ ਕੇ ਦੁਕਾਨ ਅਤੇ ਜ਼ਿੰਦਗੀ ਤੋਂ ਉੱਖੜੇ ਬੰਦਿਆਂ ਦਾ ਅੱਡਾ ਬਣ ਗਿਆ ਹੈ ਪਰ ਹਿੰਦੂ ਪਰਿਵਾਰ ਦਾ ਹੋਣ ਕਰਕੇ ਵੱਡਾ ਵਿਰੋਧ ਸਹੇੜਨ ਦੇ ਡਰੋਂ ਚੁੱਪ ਰਹਿੰਦਾ।

ਕਿਸੇ ਤਰ੍ਹਾਂ ਚੋਪੜਾ ਸਾਹਿਬ ਗੁਰਦੁਆਰੇ ਦੀ ਰਾਜਨੀਤੀ ’ਤੇ ਹਾਵੀ ਹੋ ਕੇ ਉੱਪਰ ਵਾਲ਼ੀ ਰਾਜਨੀਤੀ ਵਿੱਚ ਕੁੰਡੀ ਪਾਉਣੀ ਚਾਹੁੰਦਾ ਸੀ। ਉਪਰਲੀ ਰਾਜਨੀਤੀ ਦੇ ਸਰਗਨਾ ਦੀ ਨੂੰਹ ਜਦੋਂ ਰਾਜਨੀਤੀ ਵਿੱਚ ਪੈਰ ਰੱਖਣ ਲੱਗੀ ਤਾਂ ਚੋਪੜਾ ਸਾਹਿਬ ਨੇ ਆਪਣੀ ਘਰ ਵਾਲ਼ੀ ਨੂੰ ਰਾਜਨੀਤੀ ਲਈ ਸ਼ਿੰਗਾਰ ਲਿਆ। ਜਦ ਉਹ ਬੀਬਾ ਜੀ ਸ਼ਹਿਰ ਵਿੱਚ ਆਈ, ਤਾਂ ਉਸਦੀ ਖਾਨਦਾਨੀ ਹਕੂਮਤ ਵਿਰੁੱਧ ਆਂਙਣਬਾੜੀ ਵਰਕਰਾਂ ਨੇ ਆਪਣੀਆਂ ਮੰਗਾ ਉਹਦੇ ਅੱਗੇ ਰੱਖਣ ਲਈ ਪ੍ਰਦਰਸ਼ਨ ਦਾ ਪ੍ਰੋਗਰਾਮ ਉਲੀਕ ਲਿਆ। ਚੋਪੜੀ ਸਾਹਿਬਾ ਨੇ ਕੁੜੀਆਂ ਦੀਆਂ ਗੁੱਤਾਂ ਨੂੰ ਮਰੋੜੇ ਦੇ ਦੇ ਭੁਆਂਟਣੀਆਂ ਖਵਾ ਕੇ ਬੀਬਾ ਜੀ ਦਾ ਦਿਲ ਜਿੱਤ ਲਿਆ। ਬੱਸ ਉਦੋਂ ਤੋਂ ਚੋਪੜੇ ਚੋਪੜੀ ਦੀ ਸਰਕਾਰੇ ਦਰਬਾਰੇ ਕੁੰਡੀ ਅੜ ਗਈ। ਚੋਪੜੇ ਚੋਪੜੀ ਦੇ ਨਾਲ਼ ਰਲ਼ ਗਈ ਸੀ ਜਥੇਦਾਰ ਆਖੇ ਜਾਂਦੇ ਐਫ਼. ਸੀ. ਆਈ. ਦੇ ਚੌਥੇ ਦਰਜ਼ਾ ਕਰਮਚਾਰੀ ਦੀ ਘਰ ਵਾਲ਼ੀ, ਜਿਸ ਨੂੰ ਗੁਰਦੁਆਰੇ ਦੀ ਕਰਤਾ ਧਰਤਾ ਤੇ ਸੁਖਮਨੀ ਸੁਸਾਇਟੀ ਦੀ ਪ੍ਰਧਾਨ ਬਣਾ ਦਿੱਤੀ ਗਿਆ। ਚੈਥਾ ਦਰਜ਼ਾ ਕਰਮਚਾਰੀ ਦਾ ਬੰਗਲੇ ਵਰਗਾ ਘਰ ਧਾਰਮਿਕ ਪਾਹ ਦੇ ਕੇ ਪਵਿੱਤਰ ਕਰ ਲਿਆ ਗਿਆ। ਘਰ ਕਿਵੇਂ ਬਣਿਆ, ਤੇ ਕਿਵੇਂ ਧੁਰ ਛੱਤ ਤੱਕ ਮਹਿੰਗੀਆਂ ਟਾਈਲਾਂ ਅਤੇ ਵਾਧਰਿਆਂ ਉੱਪਰ ਰੰਗ-ਬਿਰੰਗੇ ਸ਼ੀਸ਼ੇ ਲਾ ਕੇ ਪਟਿਆਲੇ ਵਾਲ਼ੇ ਰਾਜੇ ਦਾ ਮੋਤੀ ਮਹਿਲ ਬਣਾਇਆ ਗਿਆ-ਕਿਸੇ ਨੂੰ ਕੀ ? ਪਰ ਵਿਨੋਦ ਕੁਮਾਰ ਨੂੰ ਪਤਾ ਨਹੀਂ ਕਿਉਂ ਇਹ ਬੰਗਲਾ ਅੱਖਾਂ ਵਿੱਚ ਚੁਭਦਾ ਰਹਿੰਦਾ ਸੀ। ਓਸੇ ਮਹਿਕਮੇ ਵਿੱਚ ਵਿਨੋਦ ਕੁਮਾਰ ਦਾ ਇਕ ਰਿਸ਼ਤੇਦਾਰ ਬਲਦੇਵ ਰਾਮ ਵੀ ਮੁਲਾਜ਼ਮ ਸੀ, ਜੋ ਦਸਦਾ ਸੀ ਕਿ ਕਣਕ ਦੀਆਂ ਬੋਰੀਆਂ ਉੱਪਰ ਪਾਣੀ ਛਿੜਕ ਛਿੜਕ ਕੇ ਅਰਬਾਂ ਦਾ ਗਬਨ ਇਸ ਸ਼ਹਿਰ ਦੇ ਗੋਦਾਮਾਂ ਵਿੱਚ ਤੀਹ ਚਾਲ਼ੀ ਸਾਲਾਂ ਵਿੱਚ ਕੀਤਾ ਜਾ ਚੁੱਕਾ ਸੀ। ਵੱਡੇ ਅਫ਼ਸਰਾਂ ਨੇ ਵੀ ਬਥੇਰੇ ਹੱਥ ਰੰਗੇ ਸਨ। ਬਥੇਰੇ ਘਰ ਭਰੇ ਸਨ। ਹੁਣ ਤਾਂ ਉਹ ਕਰਮਚਾਰੀ ਕਹਿਣ ਵੀ ਲੱਗ ਪਿਆ ਸੀ-“ਹੁਣ ਤਾਂ ਬਾਈ ਸਿਆਂ ਖਾ ਖਾ ਆਫ਼ਰਨ ਵਾਲ਼ੇ ਹੋਏ ਪਏ ਆਂ।” ਸਾਰੀ ਗੱਲ ਨਿੱਖਰੀ ਹੋਣ ਦੇ ਬਾਵਜੂਦ ਵਿਨੋਦ ਕੁਮਾਰ ਨੇ ਭੋਲ਼ਾ ਜਿਹਾ ਬਣਦਿਆਂ ਪੁੱਛਿਆ ਸੀ-

“ਨਾ ਮਹਿਕਮਾ ਅੱਖਾਂ ਮੀਚੀ ਬੈਠਾ ਰਿਹਾ ?”

“ਮਹਿਕਮਾ ?” ਖਿਦ ਖਿਦ ਕਰਦਾ ਹੱਸ ਪਿਆ ਸੀ, ਬਲਦੇਵ ਰਾਮ “ਜਦੋਂ ਛੱਪੜ ਵਿੱਚ

ਸਾਰੀਆਂ ਮੱਛੀਆਂ ਹੀ ਗੰਦੀਆਂ ਹੋਣ ਤਾਂ ਕਿਵੇਂ ਪਛਾਣੋਗੇ, ਬਈ ਕਿਹੜੀ ਮੱਛੀ ਵਿੱਚੋਂ ਮੁਸ਼ਕ ਆਉਂਦੀ ਐ ਵੱਡੇ ਭਾਈ ? ਆਵਾ ਈ ਊਤਿਆ ਪਿਆ ਵੀਰ ਜੀ।" ਤੇ ਉਹ ਫੇਰ ਖੀ ਖੀ ਕਰ ਕੇ ਹੱਸ ਪਿਆ ਸੀ। ਵਿਨੋਦ ਕੁਮਾਰ ਨੂੰ ਹਾਸੀ ਤਾਂ ਨਾ ਆਈ ਪਰ ਉਸਦੀ ਸ਼ਕਲ ਹਸਦਿਆਂ ਵਰਗੀ ਜ਼ਰੂਰ ਹੋ ਗਈ ਸੀ ਤੇ ਉਸ ਨੇ ਦੁਹਾਂ ਹੱਥਾਂ ਦੀਆਂ ਉਂਗਲਾਂ ਨੂੰ ਫੈਲਾਉਂਦਿਆਂ, ਹੱਥਾਂ ਨੂੰ ਗੇੜਾ ਜਿਹਾ ਦੇ ਕੇ ਹੈਰਾਨੀ ਵਿੱਚ ਸਿਰ ਮਾਰਿਆ।

"ਹੋਰ ਸੁਣ ਲਉ। ਇੱਥੇ ਤਾਂ ਢਕੀ ਹੀ ਰਿੱਝਦੀ ਹੈ ਵੀਰ ਮੇਰਿਆ। ਜਥੇਦਾਰਨੀ ਨੇ ਪੰਜ ਕੁੜੀਆਂ ਦਾ ਢਿੱਡ ਵਿੱਚ ਕਤਲ ਕਰਕੇ ਲਿਐ ਮੁੰਡਾ। ਹੁਣ ਹਰ ਸਾਲ ਆਖੰਡ ਪਾਠ ਕਰਾ ਕੇ ਲੱਖ ਡੇਢ ਲੱਖ ਰੁਪਏ ਦੇ ਨੇੜੇ ਖ਼ਰਚ ਕਰਦੈ ਜਥੇਦਾਰ। ਅਖੇ ਦਸਵੰਧ ਕੱਢਣਾ ਜ਼ਰੂਰੀ ਹੈ, ਸਿੰਘਾਂ ਲਈ। ਤਕਰੀਬਨ ਸਾਰਾ ਸ਼ਹਿਰ ਤੇ ਮਹਿਕਮੇ ਦੇ ਸਭ ਨਿੱਕੇ ਵੱਡੇ ਅਫ਼ਸਰ ਆਉਂਦੇ ਐ ਭੋਗ 'ਤੇ। ਅੱਧ ਤੋਂ ਬਹੁਤਾ ਤਾਂ ਮੁੰਡੇ ਨੂੰ ਮਿਲ਼ੇ ਸ਼ਗਨਾਂ ਨਾਲ਼ ਮੁੜ ਈ ਆਉਂਦਾ। ਇਕ ਵਾਰ ਜਾ ਕੇ ਤਾਂ ਵੇਖ ਜੇ ਨਜ਼ਾਰਾ ਨਾ ਆ ਜੇ ਤਾਂ।" ਖਿੜ ਖਿੜ ਹਸਦਿਆਂ ਬਲਦੇਵ ਰਾਮ ਪੋਤੜੇ ਫਰੋਲਣ ਲੱਗਿਆ ਹੋਇਆ ਸੀ। ਫਿਰ ਉਹ ਗੁਰਦੁਆਰੇ ਦੀ ਕਮੇਟੀ ਦੇ ਖ਼ਜ਼ਾਨਚੀ ਬੰਤ ਸਿੰਘ ਵੱਲ ਹੋ ਲਿਆ ਸੀ। ਬੰਤ ਸਿੰਘ ਬੇਹੱਦ ਸ਼ਰੀਫ਼ ਗਿਣਿਆ ਜਾਣ ਵਾਲ਼ਾ ਵਿਅਕਤੀ ਸੀ, ਜਿਸ ਨੂੰ ਇਹ ਸੇਵਾ ਦਿੱਤੀ ਗਈ ਸੀ। ਬਹੁਤ ਸੇਵਾ ਕੀਤੀ ਸੀ ਹੁਣ ਤੱਕ ਬੰਤ ਸਿੰਘ ਨੇ ਗੁਰੂ ਘਰ ਦੀ ਉਸਾਰੀ ਵੇਲ਼ੇ। ਦੋ ਵੇਲ਼ੇ ਤਾਂ ਜਾਂਦਾ ਹੀ ਜਾਂਦਾ ਸੀ, ਉਹ ਤਾਂ ਵਾਰ ਐਤਵਾਰ ਸਾਰਾ ਦਿਨ ਗੁਰੂ ਘਰ ਹੀ ਰਹਿੰਦਾ ਸੀ। ਉਸ ਨੇ ਹੀ ਬਣਾ ਕੇ ਦਿੱਤੇ ਸਨ ਇਹ ਕੁਆਟਰ ਭਈਆਂ ਨੂੰ। ਉਂਝ ਉਸ ਨੇ ਦੋ ਵੱਡੇ ਵੱਡੇ ਪੀ ਜੀ ਵੀ ਖੋਲ੍ਹੇ ਹੋਏ ਸਨ, ਇਕ ਮੁੰਡਿਆ ਲਈ ਤੇ ਇਕ ਕੁੜੀਆਂ ਲਈ। ਪੀ ਜੀ ਦੀਆਂ ਇਮਾਰਤਾਂ ਵੀ ਬਹੁਤ ਹੀ ਰਾਝ ਨਾਲ਼ ਤਿਆਰ ਕੀਤੀਆਂ ਗਈਆਂ ਸਨ।

ਵਿਨੋਦ ਕੁਮਾਰ ਨੇ ਜਦੋਂ ਲੰਮੀ ਝਾਤੀ ਮਾਰ ਕੇ ਵੇਖੀ ਤਾਂ ਉਸ ਨੂੰ ਗਲ਼ੀ ਮੁਹੱਲੇ ਦਾ ਕੋਈ ਵੀ ਬੱਚਾ ਦਸਵੀਂ ਤੋਂ ਉੱਪਰ ਵਿਦਿਆ ਹਾਸਲ ਕਰਨ ਵਾਲ਼ਾ ਨਾ ਦਿੱਸਿਆ। ਉਨ੍ਹਾਂ ਦੇ ਬਾਪ ਜ਼ਿਆਦਾ ਤਰ ਪੁਲਸ ਮਹਿਕਮੇ ਦੇ ਕਰਮਚਾਰੀ ਸਨ। ਥਾਣੇਦਾਰ ਬਚਿੱਤਰ ਸਿੰਘ ਦੇ ਨਾਲ਼ ਵਾਲ਼ਾ ਘਰ ਟ੍ਰੱਕ ਡਰਾਈਵਰ ਗਾਮੇ ਦਾ, ਓਸ ਤੋਂ ਚਾਰ ਘਰ ਛੱਡ ਕੇ ਕੰਨਡਕਟਰ ਬੁੱਘਾ ਸਿੰਘ ਦਾ ਤੇ ਉਸ ਤੋਂ ਅੱਗੇ ਸਬਜ਼ੀ ਆਦਿ ਦੀਆਂ ਰੇੜ੍ਹੀਆਂ ਲਾਉਣ ਵਾਲ਼ੇ ਭਈਏ ਜੋ ਛੋਟੇ ਛੋਟੇ ਕੁਆਟਰ ਨੁਮਾ ਕਮਰਿਆਂ ਵਿੱਚ ਰਹਿਣ ਵਾਲ਼ਿਆਂ ਦਾ ਗੁਆਂਢ ਸੀ। ਸਭ ਦੇ ਨਿਆਣੇ ਹਾ ਹਾ ਹੀ ਹੀ ਕਰਦੇ ਗਲ਼ੀ ਵਿੱਚ ਇਕ ਤਰ੍ਹਾਂ ਅਵਾਰਾ ਘੁਮਦੇ ਫਿਰਦੇ, ਚੀਕਾਂ ਮਾਰਦੇ ਦੁੜੰਗੇ ਮਾਰਦੇ। ਸਭਨਾਂ ਦੇ ਹੱਥਾਂ ਵਿੱਚ ਅੱਜ ਕੱਲ੍ਹ ਸਮਾਰਟ ਫੋਨ ਵੇਖ ਕੇ ਉਹ ਹੈਰਾਨ ਹੁੰਦਾ ਕਿ ਮਾਪਿਆਂ ਨੇ ਵੀ ਉਨ੍ਹਾਂ ਦੀਆਂ ਵਾਗਾਂ ਖੁੱਲ੍ਹੀਆਂ ਛੱਡੀਆਂ ਹੋਈਐਂ। ਮੋਟਰ ਸਾਈਕਲਾਂ 'ਤੇ ਸਕੂਲ ਜਾਂਦੇ ਐ ਤੇ ਗਲ਼ੀ ਵਿੱਚ ਕਈ ਕਈ ਮੋਟਰ ਸਾਈਕਲ ਬਰਾਬਰ ਲਾ ਕੇ ਮੁਬਾਈਲ ਫੋਨਾਂ ਉੱਪਰ ਠੋਲ੍ਹੇ ਜਿਹੇ ਮਾਰਦੇ ਹੀ ਦਿਖਾਈ ਦਿੰਦੇ। ਜਾਂ ਜਦੋਂ ਰੰਗ ਵਿੱਚ ਆਏ ਹੁੰਦੇ ਤਾਂ ਉੱਚੀ ਉੱਚੀ ਹੋ ਹੋ ਕਰਦੇ ਆਸਮਾਨ ਸਿਰ 'ਤੇ ਚੁੱਕ ਲੈਂਦੇ ਦਿਸਦੇ। ਗਲ਼ੀ ਵਿੱਚ ਚਾਰ ਚਾਰ ਪੰਜ ਪੰਜ ਮੋਟਰ ਸਾਈਕਲ ਖੜ੍ਹਾਏ ਹੋਣ ਕਰਕੇ ਕਈ ਵਾਰੀ ਤਾਂ ਕੋਲ਼ੋਂ ਲੰਘਣਾ ਵੀ ਔਖਾ ਹੋ ਜਾਂਦਾ। ਵਾਰ ਵਾਰ ਹਾਰਨ ਮਾਰਨ ਨਾਲ਼ ਮਸਾਂ ਪਾਸੇ ਹੁੰਦੇ। ਇਕ ਮਾਂ ਦਾ ਰੁਦਨ ਵੀ ਇਕ ਵਾਰ ਉਸਦੇ ਕੰਨਾਂ ਵਿੱਚ ਪਿਆ ਸੀ–"ਭੈਣੇ ਕੀ ਕਰੀਏ ਡਰ ਲੱਗਦੈ। ਇਕੋ ਇਕ ਜੁਆਕ ਐ। ਜੋ ਮੰਗਦੈ ਦੇਣਾ ਪੈਂਦੈ। ਡਰ ਲੱਗਦੈ ਬਈ ਹੋਰ ਨਾ ਕੁੱਛ ਕਰ

ਲਵੇ।"

ਦੂਜੀ ਔਰਤ ਨੇ ਵੀ ਕੁੱਝ ਏਸੇ ਤਰ੍ਹਾਂ ਦਾ ਪ੍ਰਭਾਵ ਜ਼ਾਹਰ ਕੀਤਾ ਸੀ–"ਡਰਾਉਂਦੇ ਬਹੁਤ ਐ ਭੈਣੇ ਜੁਆਕ। ਕੀ ਕਰੀਏ ? ਕੁੱਛ ਨੀ ਕਰਨ ਜੋਗੇ। ਮੂਹਰੇ ਬੋਲਦੇ ਜਮਾ ਈ ਨੀ ਸੰਗੇਤ ਮੰਨਦੇ। ਹਾਰ ਕੇ ਚੁੱਪ ਕਰ ਜਾਈਦੈ। ਸਾਰਾ ਆਹ ਅੱਗ ਹਰ ਵੇਲ਼ੇ ਫੋਨ 'ਤੇ ਉਂਗਲਾਂ ਜੀਆਂ ਮਾਰੀ ਜਾਂਦੇ ਐ।"

ਉਹ ਤਰਸਦਾ ਰਹਿੰਦਾ ਕਿ ਕਿਸੇ ਪਰਿਵਾਰ ਨਾਲ਼ ਕੋਈ ਅਜਿਹਾ ਸਬੰਧ ਬਣੇ ਤਾਂ ਜੋ ਪਵਿਾਰਕ ਸਾਂਝ ਬਣੇ ਕਿਸੇ ਨਾਲ਼ ਥੋੜ੍ਹੀ ਗਿਆਨ ਗੋਸ਼ਟੀ ਕਰ ਸਕੇ ਪਰ ਕੀਹਦੇ ਨਾਲ਼ ?। ਉਸ ਦਾ ਜੀਅ ਕਰਦਾ ਕਿ ਆਪਸ ਵਿੱਚ ਆਉਣ ਜਾਣ ਅਤੇ ਕਿਧਰੇ ਘੁੰਮਣ ਜਾਣਾ ਹੋਵੇ ਤਾਂ ਪਰਿਵਾਰ ਦੇ ਪਰਿਵਾਰ ਦੂਰ ਦੀਆਂ ਯਾਤਰਾਵਾਂ 'ਤੇ ਜਾਣ। ਉਹ ਵੇਖਦਾ ਕਿ ਬਹੁਤੇ ਘਰਾਂ ਵਿੱਚ ਤਾਂ ਦਾਰੂ ਪਿਆਲੇ ਦਾ ਸੱਭਿਆਚਾਰ ਸੀ, ਜਿਸ ਘਰ ਵੀ ਗਿਆ ਸੀ, ਇਹੋ ਬੋਲ ਸੁਣਨ ਨੂੰ ਮਿਲੇ ਸਨ– "ਆ ਜੋ ਮਾਸਟਰ ਜੀ ਬੈਠੋ, ਕਰ ਲੋ ਚਿੱਤ ਕਰਾਰਾ।" ਤਕਰੀਬਨ ਸਾਰੇ ਘਰਾਂ ਵਿੱਚ ਹੀ ਆਥਣ ਸੁਰਮਈ ਹੋਈ ਮਿਲ਼ਦੀ। ਦਿਨ ਛਿਪਣ ਤੋਂ ਬਾਅਦ ਤਾਂ ਹੁਣ ਉਸ ਨੇ ਕਿਸੇ ਦੇ ਘਰ ਜਾਣਾ ਹੀ ਛੱਡ ਦਿੱਤਾ ਸੀ।

ਆਮ ਤੌਰ 'ਤੇ ਸੁਭਾਹ ਸਵੇਰੇ ਉਹ ਵੇਖਦਾ ਸੀ ਕਿ ਗਲ਼ੀ ਗੁਆਂਢ ਦੀਆਂ ਔਰਤਾਂ ਆਪਣੇ ਮਰਦਾਂ ਨਾਲ਼, ਹੱਥਾਂ ਵਿੱਚ ਆਟੇ ਦਾਣੇ ਦੀਆਂ ਭਰੀਆਂ ਪਲੇਟਾਂ ਫੜੀ ਮੰਦਰ ਵੱਲ ਜਾਂ ਗੁਰਦੁਆਰੇ ਵੱਲ ਜਾ ਰਹੀਆਂ ਹੁੰਦੀਆਂ। ਉਹ ਇਹ ਗੱਲ ਤਾਂ ਚੰਗੀ ਤਰ੍ਹਾਂ ਸਮਝਦਾ ਸੀ ਕਿ ਸਿੱਖ ਧਰਮ ਸਭ ਧਰਮਾਂ ਨਾਲ਼ੋਂ ਨਵਾਂ ਤੇ ਤਰਕ ਵਿਵੇਕ 'ਤੇ ਉਸਰਿਆ ਧਰਮ ਹੈ। ਪਰ ਹੁਣ ਉਹ ਵੇਖ ਰਿਹਾ ਸੀ ਕਿ ਸਭ ਕੁੱਝ ਹੀ ਦਿਖਾਵਾ ਹੋ ਗਿਆ ਸੀ। ਔਰਤਾਂ ਮਰਦ ਦੂਰੋਂ ਗੁਰਦੁਆਰੈ ਨੂੰ ਵੇਖਦੇ ਸਾਰ ਧਰਤੀ 'ਤੇ ਹੱਥ ਲਾ ਕੇ ਮੱਥਾ ਟੇਕਦੇ ਤੇ ਛਾਤੀ 'ਤੇ ਕਰਾਸ ਜਿਹਾ ਬਣਾਉਂਦੇ, ਫਿਰ ਗੇਟ 'ਤੇ ਜਾ ਕੇ ਦਰ 'ਤੇ ਉਂਗਲਾਂ ਘਸਾ ਕੇ ਮੱਥੇ ਨੂੰ ਲਾਉਂਦੇ ਤੇ ਫਿਰ ਨਿਸ਼ਾਨ ਸਾਹਿਬ ਦੀ ਪਾਈਪ ਨੂੰ ਮੰਡਣ ਲੱਗ ਪੈਂਦੇ। ਅੰਦਰ ਦਰਬਾਰ ਸਾਹਿਬ ਵਿੱਚ ਜਾ ਕੇ ਖ਼ਾਸ ਕਰਕੇ ਔਰਤਾਂ ਗੁਰੂ ਗ੍ਰੰਥ ਸਾਹਿਬ ਦੇ ਮੂਹਰੇ ਥੋੜ੍ਹਾ ਜਿਹਾ ਝੁਕ ਕੇ ਗੋਲਕ ਵਿੱਚ ਢਊਆ ਸੁੱਟਦੀਆਂ ਤੇ ਪਾਠੀ ਸਿੰਘ ਦੇ ਮਗਰ ਆ ਕੇ ਮੱਥਾ ਟੇਕਦੀਆਂ। ਇਉਂ ਕਰਨ ਨੂੰ ਉਹ ਬਾਣੀ ਦੇ ਦਰਸ਼ਨ ਕਰਨ ਨਾਲ਼ ਜੋੜਦੀਆਂ।... ਤੇ ਮੰਜੀ ਸਾਹਿਬ ਅਤੇ ਪਲੰਘ ਸਾਹਿਬ ਦੇ ਬਾਹੀਆਂ ਪਾਵਿਆਂ ਨੂੰ ਘੁੱਟਣ ਲੱਗ ਪੈਂਦੀਆਂ। ਉਹ ਦੇਖ ਦੇਖ ਹੇਰਾਨ ਹੋਈ ਜਾਂਦਾ। ਪਾਠੀ ਸਿੰਘ ਵੱਲੋਂ ਜਿਸ ਤਰ੍ਹਾਂ ਸਾਰੀ ਰਸਮ ਨਿਭਾਈ ਜਾਂਦੀ, ਉਸ ਉੱਪਰ ਵੀ ਉਹ ਹੈਰਾਨ ਹੁੰਦਾ ਕਿ ਗੁਰਬਾਣੀ ਤਾਂ ਇਹ ਕੁੱਝ ਕਹਿੰਦੀ ਹੀ ਨਹੀਂ ਜੋ ਇਹ ਪਾਠੀ ਕਰ ਰਿਹਾ ਹੈ। ਕਿਸੇ ਵਿਦਵਾਨ ਦੇ ਕਿਸੇ ਲੇਖ ਵਿੱਚ ਪੜ੍ਹਿਆ ਸ਼ਬਦ 'ਬ੍ਰਹਿਮਣਵਾਦ' ਉਸ ਦੇ ਮੂਹਰੇ ਫਣ ਚੁੱਕ ਖਲੋਂਦਾ।

ਉਸ ਦਾ ਧਿਆਨ ਕਈ ਸਾਲ ਪਹਿਲਾਂ ਦੀ ਘਟਨਾ ਨੇ ਖਿੱਚ ਲਿਆ। ਉਸ ਦੀ ਹਾਸੀ ਨਿੱਕਲਣ ਵਾਲ਼ੀ ਹੋ ਗਈ ਪਰ ਉਹ ਗੰਭੀਰ ਜਿਹਾ ਹੋ ਕੇ ਉਸ ਘਟਨਾ ਬਾਰੇ ਸੋਚਦਾ ਰਿਹਾ। ਉਹ ਗੁਰੂ ਘਰ ਤੋਂ ਆਪਣੇ ਘਰ ਆਇਆ ਹੀ ਸੀ ਕਿ ਤਿੰਨ ਚਾਰ ਜਣੇ ਨੀਲੇ ਚੋਲ਼ੇ ਪਾਈ ਉਸਨੂੰ ਬੂਹੇ ਵਿੱਚ ਹੀ ਘੇਰ ਕੇ ਖੜ੍ਹ ਗਏ– "ਵਾਹਿਗੁਰੂ ਜੀ ਕਾ ਖ਼ਾਲਸਾ ਸ਼੍ਰੀ ਵਾਹਿਗੁਰੂ ਜੀ ਕੀ ਫ਼ਤਿਹ॥" ਇਕ ਜਣਾ ਵੱਡੇ ਸਾਰੇ ਨੀਲੇ ਪੱਗੜ ਵਾਲ਼ਾ ਮੂਹਰੇ ਹੋ ਕੇ ਬੋਲਿਆ ਸੀ ਪਰ ਪਿੱਛੇ ਬੋਲਣ ਵਾਲ਼ਿਆਂ

ਨੇ ਕੇਵਲ ਇਕ ਸ਼ਬਦ 'ਫ਼ਤਿਹ' ਹੀ ਉਚਾਰਿਆ ਸੀ। ਅੱਗੋਂ ਵਿਨੋਦ ਕੁਮਾਰ ਨੇ ਫੜਾਕ ਕਰਕੇ ਇਹ ਬੋਲ ਉਨ੍ਹਾਂ ਦੇ ਮੱਥੇ ਵਿੱਚ ਮਾਰੇ–"ਖ਼ਾਲਸਿਉ ਫ਼ਤਿਹ ਵਿੱਚ ਸ੍ਰੀ ਸ਼ਬਦ ਕਿੱਥੋਂ ਲਿਆ ਵਾੜਿਆ ?" ਖ਼ਾਲਸਿਆਂ ਨੂੰ ਜਵਾਬ ਤਾਂ ਕੋਈ ਅਹੁੜਿਆ ਨਾ, ਵਾਹਿਗੁਰੂ! ਵਾਹਿਗੁਰੂ !! ਕਹਿੰਦੇ ਹੱਥ ਜੋੜਕੇ ਖੜ੍ਹ ਗਏ ਤੇ ਵੱਡੇ ਪੱਗੜ ਵਾਲ਼ੇ ਨੇ ਹੀ ਆਖਣਾ ਸ਼ੁਰੂ ਕੀਤਾ–ਸਿੰਘ ਸਾਹਿਬ ਗੁਰਦੁਆਰਾ ਲੱਕੜਸਰ ਸਾਹਿਬ ਦੀ ਕਾਰ ਸੇਵਾ ਚੱਲ ਰਹੀ ਹੈ, ਸ਼ਰਧਾ ਅਨੁਸਾਰ ਭੇਟਾ ਦਿਉ।"

"ਖ਼ਾਲਸਾ ਜੀ ਇਹ ਲੱਕੜਸਰ ਸਾਹਿਬ ਗੁਰਦੁਆਰਾ ਕਿੱਥੇ ਹੈ। ਇਹਦਾ ਇਤਿਹਾਸ ਕੀ ਹੈ ? ਦੱਸੋ ਜ਼ਰਾ।" ਵੱਡੇ ਪੱਗੜ ਵਾਲ਼ੇ ਨੇ ਜਵਾਬ ਦੇਣ ਦੀ ਬਜਾਏ ਫਰੇਮ ਅਤੇ ਸ਼ੀਸ਼ੇ ਵਿੱਚ ਜੜਿਆ ਨੀਲੇ ਅੱਖਰਾਂ ਵਿੱਚ ਛਪਿਆ ਇਸ਼ਤਿਹਾਰ ਜਿਹਾ ਉਸ ਦੇ ਮੂਹਰੇ ਕਰ ਦਿੱਤਾ। ਉਸ ਇਸ਼ਤਿਹਾਰ ਨੁਮਾ ਸਰਟੀਫਿਕੇਟ ਵਿੱਚ ਕੋਈ ਵੀ ਤੱਥ ਅਜਿਹਾ ਨਹੀਂ ਸੀ ਜਿਸ ਉਪਰ ਯਕੀਨ ਕੀਤਾ ਜਾ ਸਕਦਾ।

"ਮੰਗਣ ਦਾ ਕੋਈ ਹੋਰ ਢੰਗ ਲੱਭ ਲਉ, ਸਿੱਖੀ ਦੇ ਪਹਿਰਾਵੇ ਨੂੰ ਕਿਉਂ ਕਲੰਕਤ ਕਰਦੇ ਹੋ ?" ਇਸ ਗੱਲ 'ਤੇ ਵੀ ਉਹ ਵਾਹਿਗੁਰੂ ! ਵਾਹਿਗੁਰੂ !! ਕਰਦੇ ਅਗਾਂਹ ਤੁਰ ਗਏ। ਉਨ੍ਹਾਂ ਨੂੰ ਬੜੀ ਹੀ ਬੇਹਿਯਾਈ ਸ਼ਾਨ ਨਾਲ਼ ਤੁਰੇ ਜਾਂਦਿਆਂ ਨੂੰ ਉਹ ਕਾਫ਼ੀ ਦੇਰ ਖੜ੍ਹਾ ਦੇਖਦਾ ਰਿਹਾ ਸੀ। ਉਸ ਨੇ ਵੇਖਿਆ ਕਿ ਕਈ ਘਰਾਂ ਦੇ ਬੂਹੇ ਉਨ੍ਹਾਂ ਨੇ ਖੜਕਾਏ। ਕਿਸੇ ਨੇ ਵੀ ਉਨ੍ਹਾਂ ਨੂੰ ਖਾਲੀ ਨਹੀਂ ਸੀ ਮੋੜਿਆ। ਗਲ਼ੀ ਵਿੱਚੋਂ ਲੰਘਣ ਵਾਲ਼ੇ ਥਾਣੇਦਾਰ ਗੁਆਂਢੀ ਨੂੰ ਉਹ ਆਖੇ ਬਿਨਾ ਨਾ ਰਹਿ ਸਕਿਆ–

"ਆਹ ਦੇਖ ਲਉ ਸਰਦਾਰ ਜੀ ਕੀ ਪਾਖੰਡ ਧਾਰਿਐ ਲੋਕਾਂ ਨੇ ?" ਕੋਈ ਪੁੱਛਣ ਵਾਲ਼ਾ ਹੈ ਇਹਨਾਂ ਨੂੰ ਬਈ ਲੱਕੜਸਰ ਸਾਹਿਬ ਗੁਰਦੁਆਰਾ ਕਿੱਥੇ ਹੈ ?"

"ਚਲੋ ਜੀ ਜਿਵੇਂ ਕਿਸੇ ਦਾ ਰਾਂਝਾ ਰਾਜੀ ਹੁੰਦੈ, ਕਰੀ ਜਾਂਦੈ। ਆਪਾਂ ਤਾਂ ਗੁਰੂ ਦਾ ਬਾਣਾ ਦੇਖ ਕੇ ਦੇ 'ਤੇ ਪੰਜਾਹ ਰੁਪਏ।" ਇਸ ਰਾਂਝਾ ਰਾਜ਼ੀ ਕਰਨ ਅਤੇ ਹਰ ਮੰਦੀ ਚੰਗੀ ਘਟਨਾ ਤੋਂ ਅੱਖਾਂ ਬੰਦ ਕਰ ਕੇ ਰੱਖਣ ਦੇ ਇਸ ਰੁਝਾਨ ਤੋਂ ਵੀ ਵਿਨੋਦ ਕੁਮਾਰ ਬਹੁਤ ਅਵਾਜ਼ਾਰ ਸੀ–" ਉਇ ਭਲਿਉ ! ਚੰਗੇ ਨੂੰ ਚੰਗਾ ਤੇ ਮਾੜੇ ਨੂੰ ਮਾੜਾ ਕਹਿੰਦਿਆਂ ਤੁਹਾਡੀ ਜ਼ੁਬਾਨ ਨੂੰ ਤਾਲਾ ਕਿਉਂ ਲੱਗ ਜਾਂਦੈ ?" ਮਨ ਹੀ ਮਨ ਕਹਿੰਦਿਆਂ ਉਹ ਅੰਦਰ ਆ ਵੜਿਆ।

ਉਹਦੇ ਮਨ ਵਿੱਚ ਇਹ ਵਿਚਾਰ ਆਇਆ। ਆਪਣੀ ਗੱਲ ਕਹਿ ਕੇ ਬਗੈਰ ਜਵਾਬ ਉਡੀਕੇ ਥਾਣੇਦਾਰ ਸਾਹਿਬ ਜੋ ਸਵੇਰੇ ਹਰ ਰੋਜ਼ ਸਾਢੇ ਚਾਰ ਵਜੇ ਗੁਰੂ ਘਰ ਮੱਥਾ ਟੇਕ ਕੇ ਡਿਊਟੀ ਲਈ ਜਾਂਦੇ ਸਨ, ਤੁਰ ਗਏ। ਵਿਨੋਦ ਕੁਮਾਰ ਨੂੰ ਥਾਣੇਦਾਰ ਸਾਹਿਬ ਦੀ ਥਾਣੇਦਾਰੀ ਦਾ ਪਤਾ ਤਾਂ ਲੱਗ ਹੀ ਗਿਆ ਸੀ ਕਿ ਉਹ ਬਹੁਤ ਜ਼ਾਲਮ ਕਿਸਮ ਦੀ ਤਬੀਅਤ ਦਾ ਮਾਲਕ ਹੈ, ਜੋ ਗ੍ਰਿਫ਼ਤਾਰ ਕੀਤੇ ਬੰਦੇ ਦੇ ਹੱਡਾਂ ਤੋਂ ਜ਼ੁਰਮ ਦਾ ਇਕਬਾਲ ਕਰਾ ਕੇ ਛੱਡਦਾ ਸੀ, ਚਾਹੇ ਗੁਨਾਂਹ ਉਸ ਨੇ ਕੀਤਾ ਵੀ ਨਾ ਹੋਵੇ। ਗਲ਼ੀ ਨੰਬਰ ਇਕ ਵਿੱਚ ਸਭ ਤੋਂ ਵੱਧ ਸੁਹਣੀ ਕੋਠੀ ਵੀ ਉਸੇ ਦੀ ਸੀ। ਹੁਣ ਤਾਂ ਹਰੇਕ ਮੁਲਾਜ਼ਮ ਦੀ ਦੋੜ ਵਧੀਆ ਕਾਰ– ਕੋਠੀ ਵੱਲ ਲੱਗੀ ਹੋਈ ਦਿਖਾਈ ਦੇ ਰਹੀ ਸੀ। ਤੀਜਾ ਦਰਜ਼ਾ ਜੇਲ੍ਹ ਵਾਰਡਨ ਜਗਪਾਲ ਸਿੰਘ ਤੇ ਗੁਰਨਾਮ ਸਿੰਘ ਨੇ ਵੀ ਤਿੰਨ ਮੰਜ਼ਲੇ ਧੌਲਰ ਹੀ ਤਾਂ ਉਸਾਰੇ ਹੋਏ ਸਨ। ਸਾਲ ਦੇ ਸਾਲ ਕਦੇ ਆਖੰਡ ਪਾਠ, ਨਹੀਂ ਤਾਂ ਸੁਖਮਨੀ ਸਾਹਿਬ ਦਾ ਪਾਠ ਜ਼ਰੂਰ ਕਰਾਉਂਦੇ ਹਨ।

ਇਕ ਹੋਰ ਥਾਣੇਦਾਰ ਗੁਰਬਚਨ ਸਿੰਘ ਬਾਰੇ ਇਹ ਵੀ ਮਸ਼ਹੂਰ ਸੀ ਕਿ ਉਸ ਨੇ ਖ਼ਾਲਿਸਤਾਨੀ ਅਤਿਵਾਦੀ ਲਹਿਰ ਵੇਲ਼ੇ ਪੁਲਸ ਦੀ ਕੈਟ ਵਾਲ਼ੀ ਭੂਮਿਕਾ ਅਦਾ ਕਰਦਿਆਂ ਪਤਾ ਹੀ ਨਹੀਂ ਕਿੰਨੇ ਕੁ ਗਭਰੀਟ ਜਿਹੇ ਮੁੰਡੇ ਖਪਾਏ ਸਨ। ਉਸਦਾ ਕਾਕਾ ਚੜ੍ਹਦੇ ਦਾ ਚੜ੍ਹਾ ਨਿੱਕਲਿਆ। ਮਾੜੇ ਮੁੰਡਿਆਂ ਦੀ ਸੰਗਤ ਵਿੱਚ ਨਸ਼ਿਆਂ ਦੀ ਧੁੱਕੀ ਕੱਢ ਰਿਹਾ ਸੀ। ਇਕ ਦਿਨ ਜਦੋ ਉਹ ਪਿੰਡ ਗਏ ਸਨ, ਉਨ੍ਹਾਂ ਦੀ ਗੈਰਹਾਜ਼ਰੀ ਵਿੱਚ ਪਾਣੀ ਦੀ ਟੈਂਕੀ ਦੀਆਂ ਪਾਈਪਾਂ ਤੋੜ ਗਿਆ। ਜਦ ਉਹ ਘਰ ਆਏ ਤਾਂ ਛੱਤਾਂ ਤ੍ਰਿੱਪ ਤ੍ਰਿੱਪ ਕਰਕੇ ਚੋ ਰਹੀਆਂ ਸਨ। ਦੁਖੀ ਮਨ ਨਾਲ਼ ਉਹ ਕਈ ਘਰੀਂ ਗਿਆ, ਪਰ ਕਮਾਲ ਦੀ ਗੱਲ ਸੀ ਕਿ ਅਗਲਾ ਸੁਣ ਕੇ ਮੂੰਹ ਵਿੱਚ ਬੱਕਲ਼ੀਆਂ ਪਾ ਲੈਂਦਾ। ਕਿਸੇ ਨੇ ਵੀ ਹਾਅ ਦਾ ਨਾਅਰਾ ਤੱਕ ਨਾ ਮਾਰਿਆ। ਹੋਰ ਤਾਂ ਹੋਰ ਉਸ ਸ਼ੋਕਰੇ ਨੇ ਗਲ਼ੀ ਦੀ ਸਕੂਲੋਂ ਆਉਂਦੀ ਲੜਕੀ ਨੂੰ ਮੰਦਾ ਚੰਗਾ ਬੋਲ ਦਿੱਤਾ ਤਾਂ ਵਿਨੋਦ ਕੁਮਾਰ ਨੇ ਹੀ ਇਕ ਦੋ ਜਣਿਆਂ ਨਾਲ ਗੱਲ ਤੋਰੀ ਸੀ– "ਭਾਈ ਸਾਹਿਬ ਆਹ ਗੁਰਬਚਨ ਸਿੰਘ ਆਪਣੇ ਛੋਕਰੇ ਨੂੰ ਕਿਉਂ ਨੀ ਸਮਝਾਉਂਦਾ ? ਹੁਣ ਤਾਂ ਗਲ਼ੀ ਦੀਆਂ ਕੁੜੀਆਂ ਕੱਤਰੀਆਂ ਵੀ ਸੇਫ਼ ਨਹੀਂ।"

ਅੱਗੋਂ ਤਿੰਨ ਸ਼ਬਦਾਂ ਵਾਕ ਵਾਲ਼ਾ ਵਾਕ ਮਿਲ਼ਿਆ ਸੀ ਵਿਨੋਦ ਕੁਮਾਰ ਨੂੰ। "ਮਾੜੀ ਗੱਲ ਐ।" ਇਸ ਤੋਂ ਅਗਲੇ ਸ਼ਬਦਾਂ ਨੂੰ ਜਿਵੇਂ ਔੜ ਮਾਰ ਗਈ ਸੀ ਜਾਂ ਲਕਵਾ ਮਾਰ ਗਿਆ ਸੀ। ਕਿਵੇਂ ਸਾਰੇ ਹੀ ਅੰਦਰ ਛਾਪਲ਼ ਗਏ ਸਨ। ਮੁੰਡਾ ਐਨਾ ਅਲੱਥ ਕਿ ਕਿਸੇ ਦੇ ਵੀ ਗਲ਼ ਪੈਣਾ ਉਹਦੇ ਲਈ ਮਾਮੂਲੀ ਗੱਲ ਸੀ। ਇੱਟ ਰੋੜਾ ਚਲਾਉਣ ਲੱਗਿਆ ਦੇਰ ਨਹੀਂ ਸੀ ਲਾਉਂਦਾ। ਕੋਈ ਵੀ ਆਪਣੇ ਉੱਪਰ ਬਰੋਂ ਨਹੀਂ ਸੀ ਲਿਆਉਣੀ ਚਾਹੁੰਦਾ। ਬੁਝਿਆ ਜਿਹਾ ਮਨ ਲੈ ਕੇ ਉਹ ਲੰਮਾ ਸਾਰਾ ਹਾਉਕਾ ਲੈ ਕੇ ਉਹ ਘਰ ਮੁੜ ਆਇਆ ਸੀ।

ਸਵੇਰੇ ਸੇਰ ਕਰਕੇ ਆਇਆ। ਬਹੁਤ ਕੋਸ਼ਿਸ਼ ਕੀਤੀ, ਇਨ੍ਹਾਂ ਗੱਲਾਂ ਤੋ ਭਾਰ ਮੁਕਤ ਹੋਣ ਦੀ ਪਰ ਉਸ ਦੀ ਪ੍ਰਸ਼ਾਨੀ ਨੂੰ ਮੋੜਾ ਨਹੀਂ ਸੀ ਪੈ ਰਿਹਾ। ਸੈਰ ਤੋਂ ਆ ਕੇ ਉਸ ਨੇ ਅਖ਼ਬਾਰ ਚੁੱਕੀ ਤਾਂ ਸਭ ਤੋਂ ਪਹਿਲਾਂ ਇਕੋ ਪੰਨੇ ਉੱਪਰ ਉਸ ਦੀ ਨਿਗਾਹ ਵਿੱਚ ਬਲਾਤਕਾਰ ਦੀਆਂ ਚਾਰ ਖ਼ਬਰਾਂ ਆਈਆਂ ਸਨ। ਅਖ਼ਬਾਰ ਪੜ੍ਹਨ ਨੂੰ ਜੀਅ ਹੀ ਨਾ ਕੀਤਾ। ਬੇੜਾ ਗਰਕ ਹੋਣ 'ਤੇ ਆਇਆ ਪਿਆ। ਉਫ਼! ਢਾਈ ਸਾਲ ਦੀ ਬੱਚੀ। ਕਿਹੋ ਜਿਹੀ ਜ਼ਿਹਨੀਅਤ ਬਣ ਰਹੀ ਹੈ ਲੋਕਾਂ ਦੀ ? ਬਘਿਆੜ ਬਣਦਾ ਜਾ ਰਿਹੈ ਆਦਮੀ। ਆਦਮੀ ਕਹਿਣਾ ਤਾਂ ਆਦਮੀਅਤ ਦਾ ਨਿਰਾਦਰ ਮੰਨਣਾ ਪੈਣਾ ਹੈ। ਚਾਰ ਖ਼ਬਰਾਂ ਸਨ ਅਖ਼ਬਾਰ ਵਿੱਚ। ਬੇੜਾ ਗਰਕ ਅੱਸੀ ਸਾਲਾ ਬਿਰਧ ਔਰਤ ਨਾਲ਼ ਕੁਕਰਮ, ਉਫ਼! ਨਿੱਘਰ ਗਿਆ ਸਮਾਜ। ਅੱਗੇ ਇਕ ਹੋਰ ਦੁਖਾਂਤਕ ਖ਼ਬਰ। ਇਕ ਮੁਸਲਮਾਨ ਲੜਕਾ ਆਪਣੀ ਗਊ ਨੂੰ ਚਾਰਨ ਲਿਜਾ ਰਿਹਾ ਸੀ ਕਿ ਭੀੜ ਦੇ ਅੜਿੱਕੇ ਚੜ੍ਹ ਗਿਆ। ਭੀੜ ਕਹਿ ਰਹੀ ਸੀ ਕਿ ਇਹ ਗਊ ਨੂੰ ਬੁੱਚੜਖਾਨੇ ਲਿਜਾ ਰਿਹਾ ਸੀ, ਜਿੱਥੇ ਇਸ ਗਊ ਨੂੰ ਵੱਢਿਆ ਜਾਣਾ ਸੀ। ਇਸ ਮੁਸਲੇ ਦੇ ਘਰ ਗਾਂ ਦਾ ਮਾਸ ਖਾਧਾ ਜਾਂਦਾ ਹੈ।"

ਭੀੜ ਨੇ ਮੁੰਡੇ ਤੋਂ ਪਹਿਲਾਂ 'ਭਾਰਤ ਮਾਤਾ ਦੀ ਜੈ' ਦਾ ਨਾਹਰਾ ਬੁਲਵਾਇਆ। ਉਸ ਨੇ ਖੁਸ਼ੀ ਖੁਸ਼ੀ ਦੋਵੇਂ ਬਾਂਹਾਂ ਉੱਪਰ ਉਲਾਰ ਕੇ ਭਾਰਤ ਮਾਤਾ ਦੀ ਜੈ ਆਖ ਦਿੱਤਾ ਪਰ ਜਦੋਂ ਉਸਨੂੰ ਜੈ ਸ੍ਰੀ ਰਾਮ ਕਹਿਣ ਲਈ ਮਜਬੂਰ ਕੀਤਾ ਗਿਆ ਤਾਂ ਉਹ ਅੜ ਗਿਆ। ਮਾਰਨ ਤੋਂ ਪਹਿਲਾਂ ਉਸ ਨੂੰ ਕਿਹਾ ਗਿਆ–"ਮੁਸਲਮਾਨਾਂ ਨੂੰ ਭਾਰਤ ਵਿੱਚ ਰਹਿਣ ਦਾ ਕੋਈ ਅਧਿਕਾਰ ਨਹੀਂ। ਹਿੰਦੁਸਤਾਨ ਹਿੰਦੂਆਂ ਦਾ ਮੁਲਕ ਹੈ। ਇਸ ਵਿੱਚ ਤੇਰੇ ਲਈ ਕੋਈ ਥਾਂ ਨਹੀਂ, ਪਾਕਿਸਤਾਨ ਵਿੱਚ ਚਲਾ ਜਾਹ।" ਮੁੰਡੇ ਨੇ

ਦਲੇਰੀ ਨਾਲ਼ ਕਿਹਾ ਸੀ–"ਪਾਕਿਸਤਾਨ ਮੇਰਾ ਮੁਲਕ ਨਹੀਂ। ਮੇਰਾ ਮੁਲਕ ਇਹ ਭਾਰਤ ਮਾਤਾ ਹੈ। ਸਾਡੇ ਵੱਡ ਵਡੇਰੇ ਪਾਕਿਸਤਾਨ ਨਹੀਂ ਸੀ ਗਏ, ਆਪਣੀ ਮਰਜ਼ੀ ਨਾਲ਼ ਭਾਰਤ ਮਾਤਾ ਦੀ ਗੋਦ ਵਿੱਚ ਰਹੇ ਸਨ।" ਉਸ ਨੂੰ ਫਿਰ ਵੀ ਬਖਸ਼ਿਆ ਨਾ ਗਿਆ। ਬੱਸ ਫਿਰ ਕੀ ਸੀ, ਭੀੜ ਨੇ ਗਊ ਦਾ ਮੁੱਦਾ ਬਣਾ ਕੇ, ਤੇ ਭੀੜ ਨੇ ਉਸ ਮੁੰਡੇ ਨੂੰ ਕੁੱਟ ਕੁੱਟ ਕੇ ਥਾਂਏਂ ਕਤਲ ਕਰ ਦਿੱਤਾ ਤੇ ਭੀੜ ਉਸ ਦੀ ਲਾਸ਼ ਉੱਪਰ ਚੜ੍ਹ ਕੇ ਜੈ ਸ੍ਰੀ ਰਾਮ ਦੇ ਜੈਕਾਰੇ ਛੱਡਦੀ ਰਹੀ। ਇਸ ਤੋਂ ਅੱਗੇ ਉਸ ਦਾ ਅਖ਼ਬਾਰ ਪੜ੍ਹਨ ਨੂੰ ਜੀਅ ਹੀ ਨਾ ਕੀਤਾ। ਉਸ ਦੇ ਕਾਲਜੇ ਨੂੰ ਕੁੱਝ ਕੁੱਝ ਹੋ ਰਿਹਾ ਸੀ, ਜਿਵੇਂ ਦਿਲ ਹੇਠਾਂ ਨੂੰ ਡਿੱਗ ਰਿਹਾ ਹੋਵੇ। ਉਸ ਨੇ ਛਾਤੀ ਨੂੰ ਘੁੱਟ ਕੇ ਸਾਵਾਂ ਹੋਣ ਦਾ ਯਤਨ ਕੀਤਾ ਪਰ ਉਸ ਦਾ ਮਨ ਟਿਕਾ ਹੀ ਨਹੀਂ ਸੀ ਫੜ ਰਿਹਾ।

ਉਠ ਕੇ ਉਸਨੇ ਘੜੇ ਵਿੱਚੋਂ ਪਾਣੀ ਦਾ ਗਿਲਾਸ ਭਰ ਕੇ ਪੀਤਾ ਤੇ ਕੁੱਝ ਸਮੇਂ ਲਈ ਕੁਰਸੀ 'ਤੇ ਬੈਠੇ ਨੇ ਲੱਤਾਂ ਨਿਸਾਲ਼ ਕੇ ਸਹਿਜ ਹੋਣ ਦਾ ਯਤਨ ਕੀਤਾ। ਥੋੜ੍ਹਾ ਸ਼ਾਂਤ ਹੋ ਕੇ ਉਸ ਨੇ ਫਿਰ ਅਖ਼ਬਾਰ ਚੁੱਕ ਲਿਆ ਤੇ ਸੰਪਾਦਕੀ ਵਾਲ਼ਾ ਪੰਨਾ ਉਸ ਦੇ ਸਾਹਮਣੇ ਫੈਲਿਆ ਪਿਆ ਸੀ। ਅੱਜ ਦੀ ਸੰਪਾਦਕੀ ਦਾ ਸਿਰਲੇਖ ਸੀ ਜ਼ੁਬਾਨਬੰਦੀ। ਅੱਗੇ ਲਿਖਿਆ ਸੀ ਕਿ ਅੱਜ ਕੱਲ੍ਹ ਲੋਕਾਂ ਨੂੰ ਆਪਣੇ ਵਿਚਾਰ ਪ੍ਰਗਟ ਕਰਨ ਦੀ ਜੋ ਆਜ਼ਾਦੀ ਸੰਵਿਧਾਨ ਨੇ ਦਿੱਤੀ ਸੀ, ਲਿਖਣ–ਬੋਲਣ ਦੀ ਆਜ਼ਾਦੀ, ਉਸ ਨੂੰ ਖ਼ਤਰਾ ਖੜ੍ਹਾ ਹੋ ਗਿਆ ਹੈ। ਇਕ ਖ਼ਾਸ ਤਬਕਾ ਦੇਸ਼ ਦੀ ਰਾਜਨੀਤੀ ਉੱਪਰ ਹਾਵੀ ਹੋ ਕੇ ਮੁਲਕ ਨੂੰ ਸਿਰਫ਼ ਇਕੋ ਭਗਵੇਂ ਰੰਗ ਵਿੱਚ ਰੰਗਣ ਦਾ ਯਤਨ ਕਰ ਰਿਹਾ ਹੈ। ਅਗਲੇ ਪੈਰੇ ਵਿੱਚ ਲੇਖਕਾਂ–ਬੁੱਧੀਜੀਵੀਆਂ ਦਾ ਜ਼ਿਕਰ ਸੀ ਕਿ ਜੋ ਇਸ ਸਿਸਟਮ ਦੇ ਵਿਰੁੱਧ ਆਵਾਜ਼ ਉਠਾਉਂਦੇ ਹਨ, ਉਨ੍ਹਾਂ ਨੂੰ 'ਦੇਸ਼ ਧਰੋਹੀ' ਆਦਿ ਦਾ ਫਤਵਾ ਲਾ ਕੇ ਜੇਲ੍ਹਾਂ ਵਿੱਚ ਬੰਦ ਕੀਤਾ ਜਾ ਰਿਹਾ ਹੈ। ਕਿਸੇ ਨੂੰ ਸ਼ਹਿਰੀ ਨਕਸਲੀ ਅਤੇ ਕਿਸੇ ਨੂੰ ਮਾਉਵਾਦੀਆਂ ਨਾਲ਼ ਰਲ਼ਿਆ ਕਹਿ ਕੇ ਅੰਦਰ ਕੀਤਾ ਜਾ ਰਿਹਾ ਹੈ। ਨੱਵੇ ਪ੍ਰਤੀਸ਼ਤ ਅਪਾਹਜ ਦਿੱਲੀ ਦੇ ਇਕ ਪ੍ਰੋਫੈਸਰ ਨੂੰ ਵੀ ਉਮਰ ਕੈਦ ਕਰਕੇ ਅੰਡਾ ਸੈੱਲ ਵਿੱਚ ਬੰਦ ਕੀਤਾ ਹੋਇਆ ਹੈ ਤੇ ਦਰਜਨਾਂ ਹੀ ਲੇਖਕ, ਪ੍ਰੋਫੈਸਰ, ਪੱਤਰਕਾਰਾਂ ਦੇ ਗ੍ਰਿਫ਼ਤਾਰੀ ਵਾਰੰਟ ਜਾਰੀ ਹੋ ਚੁੱਕੇ ਹਨ। ਕਈਆਂ ਨੂੰ ਗ੍ਰਿਫ਼ਤਾਰ ਵੀ ਕਰ ਲਿਆ ਗਿਆ ਹੈ। ਕਿਸੇ ਔਰਤ ਵਕੀਲ ਨੇ ਸੁਪਰੀਮ ਕੋਰਟ ਵਿੱਚ ਇਸ ਧੱਕੇ ਦੇ ਖ਼ਿਲਾਫ਼ ਅਪੀਲ ਕੀਤੀ ਹੋਈ ਸੀ, ਜਿਸ ਨੂੰ ਘੇਰ ਕੇ ਭਗਵੇਂ ਬ੍ਰਿਗੇਡ ਨੇ ਜ਼ਲੀਲ ਕਰਨ ਦੀ ਹੱਦ ਹੀ ਕਰ ਦਿੱਤੀ। ਇਕ ਹੋਰ ਵਕੀਲ ਜੋ ਉਸ ਔਰਤ ਵਕੀਲ ਨਾਲ਼ ਇਸ ਮਾਮਲੇ ਦੀ ਪੈਰਵਾਈ ਕਰ ਰਿਹਾ ਸੀ, ਦੇ ਮੂੰਹ 'ਤੇ ਸਿਆਹੀ ਡੋਲ੍ਹ ਦਿੱਤੀ ਗਈ ਤੇ ਨਾਅ੍ਹਰੇ ਲਾਏ ਗਏ–"ਦੇਸ਼ ਧਰੋਹੀ ਮੁਰਦਾਬਾਦ! ਹੋਰ ਤਾਂ ਹੋਰ ਅੰਧ ਵਿਸ਼ਵਾਸਾਂ ਵਿਰੁੱਧ ਆਵਾਜ਼ ਉਠਾਉਣ ਵਾਲ਼ੀ ਇਕ ਵੱਡੀ ਧਾਰਮਿਕ ਸ਼ਖ਼ਸੀਅਤ ਸੁਆਮੀ ਅਗਨੀਵੇਸ਼ ਨੂੰ ਵੀ ਭਗਵੀਂ ਬ੍ਰਿਗੇਡ ਵਾਲਿਆਂ ਨੇ ਘੇਰ ਕੇ ਬਹੁਤ ਮਾਰਿਆ। ਜੇਕਰ ਕੁੱਝ ਲੋਕ ਸੁਆਮੀ ਜੀ ਦੇ ਉੱਪਰ ਨਾ ਡਿੱਗਦੇ ਤਾਂ ਸ਼ਾਇਦ ਗੁੰਡੇ ਉਨ੍ਹਾਂ ਦਾ ਵੀ ਕਤਲ ਕਰ ਦਿੰਦੇ।" ਸੰਪਾਦਕੀ ਪੜ੍ਹ ਕੇ ਉਸ ਦਾ ਮਨ ਫਿਰ ਉਦਾਸ ਹੋ ਗਿਆ ਤੇ ਉਸ ਨੇ ਤਹਿ ਕਰਕੇ ਅਖ਼ਬਾਰ ਪਾਸੇ ਕਰਕੇ ਰੱਖ ਦਿੱਤਾ।

ਉਹ ਸੋਚਣ ਲੱਗਾ ਕਿ ਏਨਾ ਕੁੱਝ ਭਿਆਨਕ ਰੂਪ ਵਿੱਚ ਵਾਪਰ ਰਿਹਾ ਹੈ, ਪਰ ਲੋਕ ਟੱਸ ਤੋਂ ਮੱਸ ਨਹੀਂ ਹੋ ਰਹੇ। ਪ੍ਰੇਸ਼ਾਨ ਤਾਂ ਉਹ ਪਹਿਲਾਂ ਹੀ ਬਹੁਤ ਸੀ ਪਰ ਹੁਣ ਤਾਂ ਉਸਦਾ ਆਪਣਾ ਜੀਅ ਹੀ ਕਿਧਰੇ ਨਿੱਕਲ ਜਾਣ ਨੂੰ ਕਰਨ ਲੱਗ ਪਿਆ ਸੀ, ਜਾਵੇ ਤਾਂ ਕਿੱਥੇ ? ਕਿਤੇ ਵੀ ਤਾਂ ਢੋਈ ਨਹੀਂ ਸੀ। ਕਿਸ ਮੁਲਕ ਨੂੰ ਉਹ ਆਪਣਾ ਮੁਲਕ ਆਖੇ। ਪੰਜਾਂ ਕੁ ਸਾਲਾਂ ਵਿੱਚ ਹੀ ਉਸ ਨੂੰ

ਲੱਗਣ ਲੱਗ ਪਿਆ ਸੀ ਜਿਵੇਂ ਹਿੰਦੁਸਤਾਨ ਉਹ ਹਿੰਦੁਸਤਾਨ ਨਾ ਰਿਹਾ ਹੋਵੇ ਜਿਸ ਦੀ ਗੱਲ ਬਾਬੇ ਨਾਨਕ ਨੇ ਬਾਬਰ ਬਾਣੀ ਵਿੱਚ ਕੀਤੀ ਸੀ, ਜਿਹੜਾ ਹਿੰਦੁਸਤਾਨ ਲੋਕਾਂ ਦੇ ਹਿੱਸੇ ਦਾ ਹਿੰਦੁਸਤਾਨ ਸੀ। ਉਹੋ ! ਕਿੱਥੇ ਗਿਆ ਸਾਡੇ 'ਹਿੱਸੇ ਦਾ ਹਿੰਦੁਸਤਾਨ ?' ਉਹ ਬਾਬਰ ਤਾਂ ਬੀਤੇ ਦੀ ਗੱਲ ਹੋ ਗਿਆ ਸੀ, ਹੁਣ ਤਾਂ ਧਰਮ ਦੇ ਨਾਂ 'ਤੇ ਨਵੇਂ ਭਗਵੇਂ ਬਾਬਰ ਪੈਦਾ ਹੋ ਰਹੇ ਸਨ। ਇਕ ਖ਼ਾਸ ਤਰ੍ਹਾਂ ਦੀ ਪੀੜ ਨਾਲ਼ ਉਹ ਗਲ਼ ਤੱਕ ਭਰ ਗਿਆ। ਉਸ ਦਾ ਜੀਅ ਕੀਤਾ ਕਿ ਕਿਸੇ ਸਿਆਣੇ ਬੰਦੇ ਕੋਲ਼ ਜਾ ਕੇ ਮਨ ਹੌਲ਼ਾ ਕਰੇ। ਏਸੇ ਕਰਕੇ ਉਸ ਨੇ ਗਲ਼ੀ ਵਿੱਚ ਅੱਠ ਦਸ ਘਰ ਛੱਡ ਕੇ ਧਾਰਮਿਕ ਬਿਰਤੀ ਦੇ ਅਤੇ ਸਾਊ ਸ਼ਰੀਫ਼ ਜਿਹਾ ਮੰਨੇ ਜਾਂਦੇ ਬਹਾਲ ਸਿੰਘ ਕੋਲ਼ ਜਾ ਕੇ ਮਨ ਹੌਲ਼ਾ ਕਰਨ ਦਾ ਮਨ ਬਣਾ ਲਿਆ–

"ਸਰਦਾਰ ਬਹਾਲ ਸਿੰਘ ਜੀ ! ਕੀ ਹੋਈ ਜਾਂਦੈ ਮੁਲਕ ਵਿੱਚ। ਅੱਜ ਦੀ ਅਖ਼ਬਾਰ ਦੀਆਂ ਖ਼ਬਰਾਂ ਪੜ੍ਹ ਹੀ ਲਈਆਂ ਹੋਣਗੀਆਂ ?"

ਬਹਾਲ ਸਿੰਘ ਨੇ ਬੜੇ ਹੀ ਅੰਦਾਜ਼ ਵਿੱਚ ਬਣਾ ਸੰਵਾਰ ਕੇ ਜਵਾਬ ਦਿੱਤਾ ਸੀ–

"ਜੋ ਕਰਨਗੇ ਸੋ ਭਰਨਗੇ, ਤੂੰ ਕਿਉਂ ਭਇਆ ਉਦਾਸ। ਮਾਸਟਰ ਜੀ ਇਹ ਜੱਗ ਏਸ ਤਰ੍ਹਾਂ ਹੀ ਚੱਲੀ ਜਾਂਦੈ। ਕਲਪਨਾ ਕਰੀਏ ਤਾਂ ਇਕ ਦਿਨ ਵੀ ਸੁਖ ਦਾ ਨੀ ਲੰਘਣਾ। ਏਸ ਕਰਕੇ ਸਭ ਕੁੱਛ ਓਸ ਅਕਾਲ ਪੁਰਖ ਵਾਹਿਗੁਰੂ 'ਤੇ ਛੱਡ ਦਿਉ। ਆਪੇ ਵੇਖੂਗਾ ਮਹਾਰਾਜ। ਬਾਣੀ .'ਚ ਲਿਖਿਐ–ਜਸਿ ਨੋ ਆਪ ਖੁਆਏ ਕਰਤਾ ਖਸਿ ਲਏ ਚੰਗਿਆਈ। ਪ੍ਰਮਾਤਮਾ ਦੇ ਘਰ ਦੇਰ ਹੈ ਹਨ੍ਹੇਰ ਨਹੀਂ। ਮਹਾਰਾਜ ਸਜ਼ਾ ਜ਼ਰੂਰ ਦਿਊ ਪਾਪੀਆਂ ਨੂੰ। ਸਭ ਕੁੱਝ ਦੇਖ ਰਿਹਾ ਅਕਾਲ ਪੁਰਖ ਵਾਹਿਗੁਰੂ।"

ਵਿਨੋਦ ਕੁਮਾਰ ਦਾ ਮਨ ਦੋਵੇਂ ਹੱਥ ਮੱਥੇ 'ਤੇ ਮਾਰ ਕੇ ਚੀਕਣ ਨੂੰ ਕੀਤਾ–"ਕਦੇ ਸੁਣਿਆ ਸੀ ਐਹੋ ਜਿਹਾ ਕੁੱਛ ਚੜ੍ਹਦੇ ਲਹਿੰਦੇ ਜੋ ਆਹ ਹਿੰਦੁਸਤਾਨ 'ਚ ਹੋਈ ਜਾਂਦੈ।" ਉਸ ਨੇ ਮਨ ਹੀ ਮਨ ਵਿੱਚ ਕਿਹਾ। ਕੁੱਝ ਚਿਰ ਉਹ ਨੀਵੀਂ ਪਾ ਕੇ ਬੈਠਾ ਰਿਹਾ, ਬਹਾਲ ਸਿੰਘ ਵੱਲ ਵੇਖਣ ਨੂੰ ਜੀਅ ਹੀ ਨਾ ਕੀਤਾ।

ਬਹਾਲ ਸਿੰਘ ਦੇ ਘਰੋਂ ਨਿੱਕਲਣ ਵੇਲ਼ੇ ਉਸ ਤੋਂ ਰਿਹਾ ਨਾ ਗਿਆ। ਮੱਥੇ 'ਤੇ ਹੱਥ ਮਾਰਦਿਆਂ ਉਸ ਨੇ ਮਨ ਹੀ ਮਨ ਕਿਹਾ, 'ਕਰ ਲਉ ਘਿਉ ਨੂੰ ਛਾਣਨੀ। ਏਸ ਨੂੰ ਸਿੱਖੀ ਦਾ ਨਾਂ ਦਿੱਤਾ ਜਾਂਦੈ ਬਈ ਜ਼ੁਲਮ ਦੇ ਖ਼ਿਲਾਫ਼ ਆਵਾਜ਼ ਉਠਾਉਣ ਦੀ ਕੋਈ ਲੋੜ ਨਹੀਂ। ਆਪੇ ਸਭ ਕੁੱਝ ਵਾਹਿਗੁਰੂ ਵੇਖਦਾ ਹੈ। ਫਿਰ ਤਾਂ ਗੁਰੂ ਸਾਹਿਬਾਨ ਨੇ ਐਵੇਂ ਹੀ ਕੀਤੀਆਂ ਕੁਰਬਾਨੀਆਂ ! ਕੀ ਲੋੜ ਪਈ ਸੀ ਸਰਬੰਸ ਵਾਰਨ ਦੀ। ਕਹਿ ਦਿੰਦੇ ਬਈ ਆਪੇ ਵਾਹਿਗੁਰੂ ਸਜ਼ਾ ਦਿਊ ,ਜ਼ਾਲਮਾਂ ਨੂੰ। ਕਦੋਂ ਜ਼ਮੀਰ ਜਾਗੇਗੀ ਜਨਤਾ ਦੀ। ਕਦੋਂ ਸੁਰਤ ਕਰੇਗੀ ਇਹ ਅੰਨ੍ਹੀ ਰੱਈਅਤ। ਉਸ ਦੇ ਜ਼ਿਹਨ ਵਿੱਚ ਗੁਰੂ ਨਾਨਕ ਦੇਵ ਜੀ ਦਾ ਉਚਾਰਿਆ ਸ਼ਬਦ ਘੁੰਮ ਗਿਆ–"ਅੰਧੀ ਰਯਤ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰ।"

ਅਜੇ ਘਰ ਆ ਕੇ ਉਸ ਨੇ ਆਪਣਾ ਸੈਮਸੰਗ ਖੋਲ੍ਹਿਆ। ਮੁਬਾਈਲ ਡੈਟਾ ਔਨ ਕੀਤਾ। ਤੇ ਫੇਸਬੁੱਕ ਦੀ ਪਰੋਫਾਈਲ ਖੋਲ੍ਹ ਕੇ ਪਹਿਲੀ ਹੀ ਪੋਸਟ ਪੜ੍ਹੀ ਜਿਸ ਵਿੱਚ ਲਿਖਿਆ ਗਿਆ ਸੀ "ਮਨੂੰਵਾਦ ਦੀ ਭੇਟ ਚੜ੍ਹੀ ਮੁਸਲਿਮ ਭਾਈਚਾਰੇ ਦੀ ਡਾਕਟਰ ਰਾਬੀਆ ਅਸਲਮ। ਦਰੋਣਾਚਾਰੀਆ ਅੰਗੂਠਾ ਨਹੀਂ ਜਾਨ ਮੰਗਦਾ ਹੈ। ਅਜੇ ਕੱਲ੍ਹ ਦੀਆਂ ਗੱਲਾਂ ਹਨ ਜਦੋਂ ਰੋਹਿਤ ਵੇਮੁੱਲਾ ਨਾਂ ਦਾ

ਦਲਿਤ ਵਿਦਿਆਰਥੀ, ਯੂਨੀਵਰਸਿਟੀ ਦਾ ਪ੍ਰਤਿਭਾਸ਼ੀਲ ਹੋਣਹਾਰ ਵਿਦਿਆਰਥੀ ਆਤਮ ਹੱਤਿਆ ਦੇ ਰਾਹ ਪਾ ਦਿੱਤਾ ਗਿਆ ਸੀ, ਮਨੂਵਾਦੀਆਂ ਦੀ ਜਾਤ ਹੰਕਾਰ ਨਾਲ਼ ਲਿੱਬੜੀ ਸੋਚ ਨੇ। ਡਾ. ਰਾਬੀਆ ਨੂੰ ਉਸਦੀਆਂ ਸੀਨੀਅਰ ਡਾਕਟਰਾਂ ਵੱਲੋਂ ਲਗਾਤਾਰ ਜਾਤ-ਧਰਮ ਦੇ ਆਧਾਰ 'ਤੇ ਜ਼ਲੀਲ ਕੀਤਾ ਜਾ ਰਿਹਾ ਸੀ। ਇਸੇ ਤਰ੍ਹਾਂ ਕੁੱਝ ਦਿਨ ਹੋਏ ਯੂਨੀਵਰਸਿਟੀ ਦੇ ਇਕ ਸੀਨੀਅਰ ਦਲਿਤ ਪ੍ਰੋਫੈਸਰ ਦੇ ਖ਼ਿਲਾਫ਼ ਸਵਰਨ ਜਾਤੀ ਦੇ ਤਕਰੀਬਨ ਸਾਰੇ ਹੀ ਪ੍ਰੋਫੈਸਰ, ਇਕ ਜੁੱਟ ਹੋ ਕੇ ਮੁਹਿੰਮ ਚਲਾ ਰਹੇ ਸਨ ਕਿ ਉਸਦੀ ਡਿਗਰੀ ਰੱਦ ਕੀਤੀ ਜਾਵੇ, ਕਿਉਂਕਿ ਆਪਣੇ ਖੋਜ ਕਾਰਜ ਵਿੱਚ ਉਸ ਨੇ ਨਕਲ ਮਾਰ ਕੇ ਕੰਮ ਕੀਤਾ ਹੈ। ਧਰਮ ਨਿਰਪੇਖ ਅਖ਼ਬਾਰ ਦੀ ਸੰਪਾਦਕੀ ਉਸ ਨੇ ਸੰਭਾਲ ਕੇ ਰੱਖੀ ਹੋਈ ਸੀ। ਹੁਣ ਵਿਨੋਦ ਕੁਮਾਰ ਸੋਚਦਾ ਸੀ ਕਿ ਇਹ ਕੁੱਝ ਸਾਡੇ ਹੀ ਸਮਿਆਂ ਵਿੱਚ ਹੋਣਾ ਸੀ। ਕੀ ਇਸ ਨੂੰ ਜਮਹੂਰੀ ਰਾਜ ਦਾ ਨਾਂ ਦਿੱਤਾ ਜਾ ਸਕਦਾ ਹੈ।

ਉਹ ਇਸ ਦੁੱਖ ਕਾਰਨ ਗਲ਼ ਤੱਕ ਉੱਛਲਣ ਵਾਲ਼ਾ ਹੋ ਗਿਆ।

"ਸਵਿੱਤਰੀ! ਮੈਂ ਪ੍ਰਧਾਨ ਜੀ ਵੱਲ ਚੱਲਿਆਂ। ਥੋੜ੍ਹਾ ਚਿਰ ਲੱਗ ਸਕਦੈ। ਐਵੇਂ ਨਾ ਫੋਨ ਖੜਕਾਈ ਜਾਈਂ। ਕੋਈ ਚੀਜ਼ ਤਾਂ ਨੀ ਲਿਆਉਣੀ ਬਜ਼ਾਰੋਂ ? ਬਾਜ਼ਾਰ ਵੱਲ ਹੋ ਆਊਂਗਾ।" ਤੇ ਉਹ ਕਿੱਕ ਮਾਰ ਕੇ ਬਗੈਰ ਜਵਾਬ ਉਡੀਕੇ ਸਕੂਟਰ 'ਤੇ ਚੜ੍ਹ ਗਿਆ।

ਪਰਮਵੀਰ ਸਿੰਘ ਸਿੱਧੂ ਘਰ ਹੀ ਮਿਲ਼ ਗਏ। ਹੱਥ ਵਿੱਚ ਹੱਥ ਪਾਈ ਪ੍ਰਧਾਨ ਜੀ ਉਸ ਨੂੰ ਡਰਾਇੰਗ ਰੂਮ ਵਿੱਚ ਲੈ ਗਏ ਤੇ ਸੋਫ਼ੇ ਤੱਕ ਲਿਜਾ ਕੇ ਹੀ ਹੱਥ ਛੱਡਿਆ। ਫਿਰ ਨਾਲ਼ ਹੀ ਖਹਿ ਕੇ ਬੈਠਦਿਆਂ ਪੁੱਛਿਆ-"ਕਿਵੇਂ ਅੱਜ ਸਵੇਰੇ ਸਵੇਰੇ ? ਖੈਰ ਤਾਂ ਹੈ ?" ਕੁੱਝ ਚਿਰ ਉਹ ਨੀਵੀਂ ਪਾਈ ਚੁੱਪ ਜਿਹਾ ਬੈਠਾ ਸੋਚਾਂ ਵਿੱਚ ਡੁੱਬਾ ਰਿਹਾ। ਪ੍ਰਧਾਨ ਜੀ ਨੇ ਫ਼ਿਕਰ ਜਿਹੇ ਨਾਲ਼ ਫਿਰ ਪੁੱਛਿਆ- "ਵਿਨੋਦ ਤੂੰ ਤਾਂ ਯਾਰ ਓਦਰਨ ਵਾਲ਼ਾ ਬੰਦਾ ਹੀ ਨਹੀਂ। ਅੱਜ ਕਿਉਂ ਦਿਲ ਨੂੰ ਢੇਰੀ ਕੀਤਾ ਹੋਇਆ।"

"ਪਰਮਵੀਰ, ਮਨ ਬਹੁਤ ਉਚਾਟ ਹੋਇਆ ਪਿਆ, ਲਗਾਤਾਰ ਵਾਪਰਦੀਆਂ ਘਟਨਾਵਾਂ ਕਰਕੇ। ਯਾਰ ਨਿੱਤ ਸਾਨੂੰ ਥੋੜ੍ਹਾ ਥੋੜ੍ਹਾ ਕਰਕੇ ਕਤਲ ਕੀਤਾ ਜਾ ਰਿਹਾ ਹੈ, ਸੰਵੇਦਨਸ਼ੀਲ ਤੇ ਚੇਤਨ ਬੰਦਿਆਂ ਨੂੰ। ਆਪਾਂ ਨਿਹੱਥੇ ਹੋ ਚੁੱਕੇ ਹਾਂ ਇਕ ਤਰ੍ਹਾਂ। ਪਹਿਲਾਂ ਤਾਂ ਅਖ਼ਬਾਰ ਨੇ ਦੁਖੀ ਕੀਤਾ ਫਿਰ ਫੇਸਬੁੱਕ 'ਤੇ ਇਹ ਪੋਸਟ ਪੜ੍ਹ ਕੇ ਮੇਰਾ ਤਾਂ ਖੁਦ ਮਰਨ ਨੂੰ ਜੀਅ ਕਰਨ ਲੱਗ ਪਿਆ।"

ਵਿਨੋਦ ਕੁਮਾਰ ਸਮਾਰਟ ਫੋਨ ਆਪਣੇ ਨਾਲ਼ ਹੀ ਲਿਆਇਆ ਸੀ। ਉਸ ਨੇ ਫੋਨ ਆਨ ਕਰਕੇ ਫਿਰ ਮੁਬਾਈਲ ਡੈਟਾ ਆਨ ਕੀਤਾ ਤੇ ਪੋਸਟ ਕੱਢ ਕੇ ਪਰਮਵੀਰ ਦੇ ਮੂਹਰੇ ਵਿਛਾ ਦਿੱਤੀ। ਪਰਮਵੀਰ ਨੇ ਪੋਸਟ ਪੜ੍ਹੀ ਤਾਂ ਉਸ ਦੇ ਵੀ ਚਿਹਰੇ ਉੱਪਰ ਕਈ ਤਰ੍ਹਾਂ ਦੇ ਉਤਰਾ ਚੜ੍ਹਾ ਜਿਹੇ ਦਿਖਾਈ ਦੇਣ ਲੱਗੇ। ਪਰਮਵੀਰ ਪੂਰੀ ਤਰ੍ਹਾਂ ਮੁਬਾਈਲ ਵਿੱਚ ਖੁੱਭ ਚੁੱਕਾ ਸੀ। ਅਖ਼ੀਰ 'ਤੇ ਪਾਈ ਟਿੱਪਣੀ ਵੇਖ ਕੇ ਜ਼ੋਰ ਦੀ ਬੋਲ ਪਿਆ-

"ਓਇ ਰਹਿਣ ਦੇ ਦਿਉ ਸਾਡੇ ਹਿੱਸੇ ਦਾ ਹਿੰਦੁਸਤਾਨ, ਨੀਚ ਲੋਕੋ। ਵਿਨੋਦ ਠੀਕ ਐ, ਹੁਣ ਇਹ ਸਾਡਾ ਬੁੱਧੀਜੀਵੀਆਂ ਤੇ ਲੇਖਕਾਂ ਦਾ ਕੰਮ ਰਹਿ ਗਿਆ, ਆਪਣੇ ਹਿੱਸੇ ਦੇ ਹਿੰਦੁਸਤਾਨ ਨੂੰ ਬਚਾਉਣਾ।"

***

# ਸਹਿਜ ਤੋਂ ਸਹਿਜ ਵਾਇਆ ਅਸਹਿਜਤਾ ਦਾ ਬਿਰਤਾਂਤ: ਚਸ਼ਿਮ ਬੁਲਬੁਲ

-ਰਜਨੀਸ਼ ਬਹਾਦਰ ਸਿੰਘ

ਪੰਜਾਬੀ ਬੋਲਣ ਅਤੇ ਸਮਝਣ ਵਾਲੇ ਲੋਕਾਂ ਦੇ ਸਮੂਹ ਇਤਿਹਾਸਕ ਅੰਤਰਾਲਾਂ ਵਿਚੋਂ ਗੁਜ਼ਰਦੇ ਹੋਏ ਵੱਖ-ਵੱਖ ਭੂਗੋਲਿਕ ਖਿੱਤਿਆਂ ਵਿਚ ਫੈਲ ਗਏ ਹਨ। ਇਸ ਫੈਲਾਅ ਦੇ ਕਾਰਨ ਸਾਡੇ ਮੁਲੰਕਣ ਦਾ ਆਧਾਰ ਨਹੀਂ। ਇਨ੍ਹਾਂ ਖਿੱਤਿਆਂ ਵਿਚ ਲਿਖਿਆ ਜਾਣ ਵਾਲਾ ਸਾਹਿਤ, ਇਸ ਤੋਂ ਅੱਗੇ ਜਾ ਕੇ ਪੰਜਾਬੀ ਵਿਚ ਰਚਿਆ ਜਾ ਰਿਹਾ ਨਾਵਲ ਹੈ। ਇਨ੍ਹਾਂ ਖਿੱਤਿਆਂ ਵਿਚ ਹੁਣ ਹਰਿਆਣਾ, ਹਿਮਾਚਲ, ਰਾਜਸਥਾਨ, ਜੰਮੂ ਕਸ਼ਮੀਰ, ਦਿੱਲੀ, ਯੂ.ਪੀ. ਯੂਰਪ, ਉੱਤਰੀ ਅਮਰੀਕਾ ਵਿਚ ਰਚੇ ਜਾ ਰਹੇ ਨਾਵਲ ਨੂੰ ਵੇਖਿਆ ਜਾ ਸਕਦਾ ਹੈ। ਦਿੱਲੀ, ਜੰਮੂ, ਹਰਿਆਣਾ, ਉੱਤਰ ਪ੍ਰਦੇਸ਼ ਵਿਚ ਤਾਂ ਯੂਨੀਵਰਸਿਟੀਆਂ ਵਿਚ ਪੰਜਾਬੀ ਵਿਭਾਗ ਹਨ। ਇਨ੍ਹਾਂ ਵਿਚ ਰਾਜਸੀ ਕਾਰਨਾਂ ਕਰਕੇ ਜੰਮੂ ਅਤੇ ਕਸ਼ਮੀਰ ਸੂਬਾ (ਹੁਣ ਕੇਂਦਰੀ ਸ਼ਾਸਤ ਪ੍ਰਦੇਸ਼) ਚਰਚਾ ਵਿਚ ਹੈ। ਜੰਮੂ ਖਿੱਤੇ ਵਿਚ ਵਿਸ਼ੇਸ਼ ਤੌਰ ਤੇ ਕਸ਼ਮੀਰ ਵਿਚ ਆਮ ਤੌਰ ਤੇ ਪੰਜਾਬੀ ਨਾਵਲ ਦੀ ਇਕ ਨਿੱਗਰ ਪਰੰਪਰਾ ਹੈ। ਇਸ ਪਰੰਪਰਾ ਵਿਚ ਭੁਪਿੰਦਰ ਸੂਦਨ, ਓ.ਪੀ. ਸ਼ਰਮਾ (ਸਾਰਥੀ), ਰਛਪਾਲ ਬਾਲੀ ਨੂੰ ਸ਼ਾਮਲ ਕੀਤਾ ਜਾ ਸਕਦਾ ਹੈ। ਇਸ ਪਰੰਪਰਾ ਵਿਚ ਹੁਣ ਸੁਰਿੰਦਰ ਨੀਰ ਨੂੰ ਬੜੇ ਮਾਣ ਨਾਲ ਸ਼ਾਮਲ ਕੀਤਾ ਜਾਂਦਾ ਹੈ। ਚਸ਼ਿਮ ਬੁਲਬੁਲ ਨਾਵਲ ਦੀ ਭੂਮਿਕਾ ਵਿਚ ਪੰਜਾਬੀ ਗਲਪਕਾਰ ਗੁਰਬਚਨ ਸਿੰਘ ਭੁੱਲਰ ਨੇ ਦਿਲਕਸ਼ ਅੰਦਾਜ਼ ਵਿਚ ਸੁਰਿੰਦਰ ਨੀਰ ਦੀ ਪਛਾਣ ਕਰਾਈ ਹੈ। ਵੇਖੋ! "2002 ਵਿਚ ਉਸ ਦਾ ਪਹਿਲਾ ਕਹਾਣੀ-ਸੰਗ੍ਰਹਿ 'ਦਸਤਕ ਦੀ ਉਡੀਕ' ਛਪਿਆ ਤਾਂ ਗਲਪ ਦਾ ਵਿਹੜਾ ਜਿਵੇਂ ਉਸ ਦੀ ਦਸਤਕ ਦੀ ਉਡੀਕ ਤੋਂ ਬਿਨਾਂ ਹੀ ਬੂਹਾ ਖੋਲ੍ਹ ਕੇ ਉਸ ਦੀ ਉਡੀਕ ਕਰ ਰਿਹਾ ਸੀ। ਉਸ ਦਾ ਦੂਜਾ ਕਹਾਣੀ ਸੰਗ੍ਰਹਿ 'ਖੁਲ੍ਹ ਜਾਂ ਸਿਮਸਿਮ' ਸੱਤ ਸਾਲ ਮਗਰੋਂ 2009 ਵਿਚ ਛਪਿਆ। ਪਰ ਏਨੇ ਸਾਲਾਂ ਵਿਚ ਵੀ ਪਾਠਕ ਉਸ ਦੇ ਪਹਿਲੇ, ਇਕਲੌਤੇ ਕਹਾਣੀ ਸੰਗ੍ਰਹਿ ਨੂੰ ਭੁੱਲੇ ਨਹੀਂ ਸਨ। ਕੁਦਰਤੀ ਸੀ ਕਿ ਦੂਜੇ ਕਹਾਣੀ-ਸੰਗ੍ਰਹਿ ਨੇ ਉਸ ਦੀ ਪਛਾਣ ਹੋਰ ਪੁਖਤਾ ਕਰ ਦਿੱਤੀ। ਪਰ ਉਸ ਦੀ ਤੀਜੀ ਪੁਸਤਕ ਕਹਾਣੀ-ਸੰਗ੍ਰਹਿ ਨਹੀਂ ਸੀ। ਅਗਲੇ ਹੀ ਸਾਲ 2010 ਵਿਚ ਉਸ ਨੇ 'ਸ਼ਿਕਾਰਗਾਹ' ਨਾਂ ਦਾ ਨਾਵਲ ਪਾਠਕਾਂ ਦੀ ਝੋਲੀ ਪਾ ਦਿੱਤਾ। ਤਿੰਨ ਸਾਲ ਮਗਰੋਂ ਆਏ ਨਾਵਲ 'ਮਾਇਆ' ਦੀ ਏਸੀ ਚਰਚਾ ਹੋਈ ਕਿ ਉਸ ਦਾ ਕਹਾਣੀਕਾਰ ਹੋਣਾ ਪਿੱਛੇ ਰਹਿ ਗਿਆ ਤੇ ਉਸ ਦੀ ਪਛਾਣ ਨਾਵਲਕਾਰ ਵਜੋਂ ਵਧੀਕ ਬਣ ਗਈ। ਚਸ਼ਮਿ ਬੁਲਬੁਲ ਉਸਦੀ ਪੰਜਵੀਂ ਪੁਸਤਕ ਅਤੇ ਤੀਜਾ ਨਾਵਲ ਹੈ।"[1]

ਇਸ ਸਮੇਂ ਸੁਰਿੰਦਰ ਨੀਰ ਦਾ ਇਹ ਨਾਵਲ ਆਉਣਾ ਖਾਸ ਮਹੱਤਵ ਰੱਖਦਾ ਹੈ। ਇਸੇ ਸਮੇਂ ਅਰੁੰਧਤੀ ਰਾਏ ਦਾ ਨਾਵਲ 'The Ministry of Utmost Happiness' ਆਇਆ ਹੈ। ਮੈਂ ਇਹ ਦੋਵੇਂ ਨਾਵਲ ਇਕੱਠੇ ਹੀ ਪੜ੍ਹੇ। ਦੋਹਾਂ ਵਿਚ ਸਾਂਝੀ ਗੱਲ ਕਸ਼ਮੀਰ ਦੇ ਲੋਕਾਂ ਦੇ ਦੁਖਾਂਤ ਦਾ ਚਿੱਤਰ ਹੈ। ਅਰੁੰਧਤੀ ਰਾਏ ਦਾ ਖੇਤਰ ਰਾਜ ਦੀ ਦਹਿਸ਼ਤਗਰਦੀ 'ਚੋਂ ਉਪਜਿਆ ਲੋਕਾਈ ਦਾ ਸੰਕਟ ਹੈ। ਉਹ ਭਾਰਤੀ ਪਰਿਪੇਖ ਵਿਚ ਇਸ ਸਮੱਸਿਆ ਨੂੰ ਪੇਸ਼ ਕਰਦੀ ਹੋਈ

ਇਸ ਦੇ ਕੈਨਵਸ ਨੂੰ ਵਿਸ਼ਾਲ ਕਰ ਦਿੰਦੀ ਹੈ। ਉਹ ਭਾਰਤੀ ਸਟੇਟ ਦੁਆਰਾ ਸਤਾਏ ਲੋਕਾਂ ਦੀ ਧਿਰ ਬਣਦੀ ਹੈ। ਉਹ ਨਾਵਲੀ ਵਿਧਾ ਦੇ ਖੁਲ੍ਹੇ ਰੂਪ ਨਾਲ ਖੇਡਾਂ ਕਰਨੀਆਂ ਜਾਣਦੀ ਹੈ। ਸੁਰਿੰਦਰ ਨੀਰ ਇਕ ਵੱਖਰਾ ਖੇਤਰ ਚੁਣਦੀ ਹੈ। ਉਹ ਖੇਤਰ ਮਹੱਤਵਪੂਰਨ ਹੈ। ਪੰਜਾਬ ਦੇ ਗਿਣਤੀ ਦੇ ਨਾਵਲਕਾਰਾਂ ਨੇ ਹੀ ਉਸ ਖੇਤਰ ਨੂੰ ਚੁਣਿਆ। ਪਰ ਸੁਰਿੰਦਰ ਨੀਰ ਦੀ ਪੇਸ਼ਕਾਰੀ ਅਤੇ ਸਮੱਸਿਆ ਦੀ ਸਥਿਤੀ ਅਤੇ ਪ੍ਰਸੰਗ ਵੱਖਰਾ ਹੈ। ਸੁਰਿੰਦਰ ਨੀਰ ਨੇ ਘਟਨਾਵੀਂ ਪ੍ਰਸੰਗਾਂ ਦੇ ਕੇਂਦਰ ਵਿਚ ਕਸ਼ਮੀਰ ਵਾਦੀ ਹੈ। ਕਸ਼ਮੀਰ ਵਿਚ ਭਾਸ਼ਾਈ ਆਧਾਰ ਧਰਮ ਨਾਲ ਭਾਵੁਕ ਪੱਧਰ ਉਤੇ ਜੁੜਿਆ ਹੋਇਆ ਹੈ। ਪੰਜਾਬੀ ਦੇ ਲੇਖਕ ਇਸ ਕਤਾਰਬੰਦੀ ਵਿਚ ਜਕੜੇ ਹੋਏ ਹਨ। ਜੰਮੂ ਕਸ਼ਮੀਰ ਖਿੱਤੇ ਦੀ ਹੋਂਦ ਅਜ਼ਾਦੀ ਤੋਂ ਪਹਿਲਾਂ ਪ੍ਰਬੰਧਕੀ ਅਤੇ ਰਾਜਸੀ ਪੱਧਰ ਉੱਤੇ ਬਾਕੀ ਭਾਰਤ ਤੋਂ ਵੱਖਰੀ ਸੀ। ਇਹ ਹਿੰਦੂ ਰਾਜਪੂਤ ਰਾਜੇ ਦੀ ਇਕ ਖੁਦਮੁਖਤਾਰ ਸਟੇਟ ਸੀ। ਕਸ਼ਮੀਰ ਅਤੇ ਲੱਦਾਖ ਖਿੱਤੇ ਦੀ ਬਹੁ-ਗਿਣਤੀ ਰਿਆਇਆ ਇਸਲਾਮ ਨੂੰ ਮੰਨਣ ਵਾਲੀ ਸੀ। ਕਸ਼ਮੀਰ ਵਾਦੀ ਵਿਚ ਜਗੀਰਦਾਰ ਵਿਰੋਧੀ ਕਿਸਾਨ ਅੰਦੋਲਨ ਬਹੁਤ ਤਿੱਖੇ ਰੂਪ ਵਿਚ ਉਭਰਿਆ। ਇਹ ਵਿਰੋਧ ਜਦੋਂ ਧਾਰਮਿਕ ਜਨੂਨ ਅਧੀਨ ਵਧਣ ਲੱਗਿਆ ਤਾਂ ਬਾਕੀ ਭਾਰਤੀ ਰਾਜਿਆਂ ਵਾਂਗ ਕੁਝ ਸ਼ਰਤਾਂ ਅਧੀਨ ਜੰਮੂ ਕਸ਼ਮੀਰ ਦੇ ਰਾਜੇ ਨੇ ਵੀ ਭਾਰਤੀ ਗਣਰਾਜ ਵਿਚ ਆਪਣੀ ਰਿਆਸਤ ਨੂੰ ਸ਼ਾਮਲ ਕਰ ਲਿਆ। ਇਸ ਸਮਝੌਤੇ ਦੀਆਂ ਸ਼ਰਤਾਂ ਬਾਕੀ ਭਾਰਤ ਦੇ ਜਨ ਮਾਨਸ ਦੇ ਰਾਜਸੀ ਦਬਾਅ ਕਰਕੇ ਖ਼ਤਮ ਹੁੰਦੀਆਂ ਗਈਆਂ। ਇਸ ਸਥਿਤੀ ਵਿਚ ਕਸ਼ਮੀਰ ਵਿਚ ਬੇਚੈਨੀ ਵੱਧਦੀ ਚਲੀ ਗਈ। ਇਸ ਬੇਚੈਨੀ ਨੇ ਕਸ਼ਮੀਰ ਦੇ ਜੀਵਨ ਵਿਚਲੀ ਸਹਿਜਤਾ ਨੂੰ ਭੰਗ ਕਰ ਦਿੱਤਾ। ਇਸ ਅਸਹਿਜਤਾ ਨੇ ਕਸ਼ਮੀਰੀ ਦਸਤਕਾਰ ਜਮਾਤ ਲਈ ਸੰਕਟ ਖੜ੍ਹੇ ਕਰ ਦਿੱਤੇ। ਇਹ ਸੰਕਟ ਇਕ ਸਥਿਤੀ ਵਿਚੋਂ ਪੈਦਾ ਹੋਇਆ ਪ੍ਰੰਤੂ ਮਨੁੱਖ ਦੀ ਸਹਿਜ ਜੀਵਨ ਜਿਉਣ ਦੀ ਅਭਿਲਾਸ਼ਾ ਨੇ ਜੀਵਨ ਨੂੰ ਫਿਰ ਸਹਿਜ ਕਰ ਦਿੱਤਾ। ਇਹ ਬਿਰਤਾਂਤਕ ਪੈਟਰਨ ਇਸ ਨਾਵਲ ਦੀ ਸਮੁੱਚੀ ਟੈਕਸਟ ਦੀ ਗਤੀ ਦਾ ਸੰਚਾਲਕ ਹੈ।

ਸੁਰਿੰਦਰ ਨੀਰ ਇਸ ਟੈਕਸਟ ਦਾ ਇਕ ਬਿਰਤਾਂਤਕ ਅਤੇ ਦ੍ਰਿਸ਼ਟੀਗਤ ਪੈਟਰਨ ਬਣਾਉਂਦੀ ਹੈ। ਇਸ ਪੈਟਰਨ ਵਿਚ ਸਹਿਜ ਜੀਵਨ ਦਾ ਅਧਾਰ ਅਤੇ ਉਸ ਉੱਤੇ ਉਸਰੇ ਕਿੱਤਾਗਤ ਸੁਹਜ ਦੀ ਚੋਣ ਕਰਦੀ ਹੈ। ਇਸ ਕਿੱਤੇ ਦਾ ਕੇਂਦਰ ਦਸਤਕਾਰੀ ਹੈ। ਸਹਿਜ ਜੀਵਨ ਅਤੇ ਪੂਰਵ ਸਨਅਤੀਕਰਨ ਦੇ ਦੌਰ ਵਿਚ ਕਿੱਤਾ ਸਿਰਫ਼ ਉਪਜੀਵਕਾ ਦਾ ਸਾਧਨ ਮਾਤਰ ਨਹੀਂ, ਸਗੋਂ ਸਮੂਹਿਕ ਸਭਿਆਚਾਰਕ ਮੁੱਲਾਂ ਦਾ ਸ਼ਰਧਾ ਅਧਾਰਿਤ ਸਾਧਨ ਸੀ। ਇਹ ਸ਼ਰਧਾ ਕਲਾਤਮਕ ਸੁਹਜ ਨਾਲ ਜੁੜੀ ਹੋਈ ਸੀ। ਅੰਗਰੇਜ਼ ਸਾਮਰਾਜ ਜੋ ਪੂੰਜੀਵਾਦੀ ਮੁੱਲਾਂ ਦਾ ਪ੍ਰਤੀਕ ਸੀ ਨੇ ਪਹਿਲੀ ਵਾਰ ਭਾਰਤੀ ਪਿੰਡਾਂ ਦੀ ਸਹਿਜ ਇਕਾਈ ਨੂੰ ਭੰਗ ਕਰ ਦਿੱਤਾ ਪ੍ਰੰਤੂ ਅਵਿਕਸਤ ਪੂੰਜੀਵਾਦ ਵਿਚ ਇਹ ਵਿਵਸਥਾ ਕਾਇਮ ਰਹੀ। ਭਾਰਤ ਦਾ ਖੇਤਰੀ ਸਾਹਿਤ ਸਮੇਤ ਪੰਜਾਬੀ ਕਹਾਣੀ ਅਤੇ ਨਾਵਲ ਦਸਤਕਾਰੀ ਤੇ ਅਧਾਰਿਤ ਮੁੱਲਾਂ ਦੇ ਟੁੱਟਣ ਦੇ ਰੁਦਨ ਨਾਲ ਭਰਿਆ ਪਿਆ ਹੈ। ਨੀਰ ਇਸ ਨਾਵਲ ਵਿਚ ਰੁਦਨ ਨੂੰ ਆਸ਼ਾਵਾਦੀ ਪ੍ਰਗਤੀ ਦੇ ਰੂਪ ਵਿਚ ਢਾਲ ਦਿੰਦੀ ਹੈ। ਇਹ ਇਸ ਟੈਕਸਟ ਦੀ ਵਿਲੱਖਣਤਾ ਹੈ। ਇਸ ਟੈਕਸਟ ਦੇ ਤਿੰਨ ਪ੍ਰਮੁੱਖ ਖੰਡ ਹਨ। ਪਹਿਲੇ ਵਿਚ ਸਹਿਜ ਜੀਵਤ ਹੈ ਦੂਜੇ ਵਿਚ ਸਹਿਜਤਾ ਭੰਗ ਹੁੰਦੀ ਹੈ ਅਤੇ ਤੀਜੇ ਵਿਚ ਜੀਵਨ ਦਾ ਨਵ-ਨਿਰਮਾਣ ਹੁੰਦਾ ਹੈ। ਇਸ ਲਈ ਕਸ਼ਮੀਰ ਘਾਟੀ ਦਾ ਖਿੱਤਾ ਘਟਨਾਵੀ ਪ੍ਰਬੰਧ ਦਾ ਅਧਾਰ ਬਣਦਾ ਹੈ ਅਤੇ ਇਸ ਵਿਚ ਖੇਤਰੀ ਸਭਿਆਚਾਰ ਨਾਲ ਜੁੜੀ ਸਭਿਆਚਾਰਕ

ਆਂਚਲਿਕਤਾ ਸਾਹਮਣੇ ਆਉਂਦੀ ਹੈ। ਇਸ ਆਂਚਲਿਕਤਾ ਦੀ ਦਸਤਕਾਰੀ ਉੱਤੇ ਅਧਾਰਿਤ ਇਹ ਸੁਹਜਮਈ ਪਰੰਪਰਾ ਹੈ। ਇਹ ਪਰੰਪਰਾ ਸਮੂਹਿਕਤਾ ਅਤੇ ਨਿੱਜ ਦੇ ਰਾਹੀਂ ਗਤੀਸ਼ੀਲ ਹੁੰਦੀ ਹੈ। ਇਸ ਆਂਚਲਿਕਤਾ ਦਾ ਇਕ ਸਮਾਜਿਕ ਤਾਣਾ-ਬਾਣਾ ਹੈ। ਇਸ ਦਾ ਅਧਾਰ ਇਸਲਾਮ ਹੈ। ਇਸ ਲਈ ਇਸਲਾਮੀ ਜੀਵਨ-ਪੱਧਤੀ ਕਸ਼ਮੀਰ ਘਾਟੀ ਦੇ ਬਹੁ-ਗਿਣਤੀ ਦੇ ਲੋਕਾਂ ਦਾ ਅਧਾਰ ਅਤੇ ਭਾਰੂ ਸਾਂਸਕ੍ਰਿਤੀ ਹੈ। ਇਸ ਲਈ ਸਮਾਜਿਕ ਸੰਕਟ ਸੀਮਤ ਪਰਿਵਾਰਾਂ ਦੀ ਜੀਵਨ ਜਾਚ ਵਿਚੋਂ ਗਤੀਸ਼ੀਲ ਹੁੰਦਾ ਹੈ। ਇਸ ਟੈਕਸਟ ਦੀ ਕਹਾਣੀ ਦੇ ਕੇਂਦਰ ਵਿਚ ਅਕਬਰ ਅਲੀ ਦਾ ਪਰਿਵਾਰ ਹੈ। ਅਕਬਰ ਅਲੀ ਕਾਨੀਗਾਮ ਦਾ ਵਸਨੀਕ ਹੈ। ਇਹ ਪਿੰਡ ਕਾਨੀ ਸ਼ਾਲ ਬੁਣਨ ਲਈ ਮਸ਼ਹੂਰ ਹੈ। ਸੁਰਿੰਦਰ ਨੀਰ ਇਸ ਸ਼ਾਲ ਬਣਾਉਣ ਦੀ ਕਾਰੀਗਰੀ ਨੂੰ ਇਸ ਇਲਾਕੇ ਦੇ ਸਮੂਹ ਮਾਨਵੀ ਅਵਚੇਤਨ ਦੇ ਜੀਵਨ ਦੀ ਬਹੁਰੰਗਤਾ ਨਾਲ ਜੋੜਦੀ ਹੈ। "ਕਾਨੀਸ਼ਾਲ ਸਰੀਰ ਅਤੇ ਮੋਢਿਆਂ ਦੁਆਲੇ ਲਪੇਟਿਆ ਜਾਣ ਵਾਲਾ ਜਾਂ ਸਿਰ ਤੇ ਧਰਨ ਵਾਲਾ ਇਕ ਢਿੱਲਾ ਢਾਲਾ ਕੱਪੜਾ ਹੀ ਨਹੀਂ, ਸਗੋਂ ਕਸ਼ਮੀਰ ਅਤੇ ਕਸ਼ਮੀਰੀਅਤ ਦੀ ਆਪ ਮੁਹਾਰੇ ਬੋਲਦੀ ਪਹਿਚਾਣ ਹੈ। ਜਦੋਂ ਕੋਈ ਬੁਣਕਰ ਕਾਨੀਸ਼ਾਲ ਬੁਣਦਾ ਹੈ ਤਾਂ ਉਹ ਕੇਵਲ ਲਕੜੀ ਦੀਆਂ ਮਹੀਨ ਕਾਨੀਆਂ ਦੁਆਲੇ ਰੰਗ ਬਰੰਗੇ ਧਾਗੇ ਲਪੇਟ ਕੇ ਤਾਣਾ-ਬਾਣਾ ਹੀ ਨਹੀਂ ਬੁਣਦਾ, ਉਹ ਤਾਂ ਉਨ੍ਹਾਂ ਕਾਨੀਆਂ ਨਾਲ ਆਪਣੀਆਂ ਨਾ ਪੂਰੀਆਂ ਹੋ ਸਕਣ ਵਾਲੀਆਂ ਰੀਝਾਂ, ਸਧਰਾਂ ਵੀ ਉਸ ਵਿਚ ਬੁਣਦਾ ਹੈ।"[2] ਭਾਰਤੀ ਸਮਾਜਚਾਰੇ ਵਿਚ ਕਿੱਤਾ ਵਰਗਾ ਅਤੇ ਜਾਤੀਆਂ ਵਿਚ ਵੰਡਿਆਂ ਹੋਇਆ ਸੀ। ਇਸ ਲਈ ਦਸਤਕਾਰੀ ਦਾ ਕੰਮ ਜਾਤੀ ਵਿਵਸਥਾ ਨਾਲ ਜੁੜੇ ਹੋਣ ਕਰਕੇ ਪੀੜ੍ਹੀ-ਦਰ-ਪੀੜ੍ਹੀ ਚਲਦਾ ਸੀ। ਇਸ ਤਰ੍ਹਾਂ ਇਹ ਖਾਨਦਾਨ ਦਾ ਗੌਰਵ ਵੀ ਬਣ ਜਾਂਦਾ ਸੀ। ਭਾਵੇਂ ਇਸ ਪਰੰਪਰਾ ਦੇ ਬਹੁਤ ਸਾਰੇ ਨੁਕਸਾਨ ਵੀ ਹੋਏ ਅਤੇ ਪੁਰਾਤਨ ਭਾਰਤੀ ਵਿਵਸਥਾ ਦਾ ਕਾਬਜ਼ ਵਰਗ ਯਥਾ-ਸਥਿਤੀ ਰੱਖਣੀ ਚਾਹੁੰਦਾ ਸੀ। ਇਸ ਤਰ੍ਹਾਂ ਇਹ ਕਿੱਤਾ ਪਰੰਪਰਾ ਇਕ ਸਾਂਸਕ੍ਰਿਤਕ ਪਰੰਪਰਾ ਵੀ ਬਣ ਗਿਆ ਸੀ। ਭਾਰਤ ਵਿਚ ਜਗੀਰਦਾਰੀ ਵਿਵਸਥਾ ਲੰਮਾ ਸਮਾਂ ਰਹਿਣ ਕਰਕੇ ਦਸਤਕਾਰ ਅਤੇ ਖਪਤਕਾਰ ਵਿਚਕਾਰ ਸ਼ੋਸਣੀ ਸਾਂਝ ਬਣੀ ਹੋਈ ਸੀ। ਇਸ ਵਰਤਾਰੇ ਵਿਚ ਜ਼ਿੰਦਗੀ ਦਾ ਸੁਹਜ ਅਤੇ ਸਹਿਜਤਾ ਲੁਕੇ ਹੋਏ ਸਨ। ਸੁਰਿੰਦਰ ਨੀਰ ਇਹ ਦੋਵੇਂ ਪਾਸਾਰਾਂ ਨੂੰ ਨਾਵਲੀ ਟੈਕਸਟ ਦਾ ਹਿੱਸਾ ਬਣਾਉਂਦੀ ਹੈ। ਪਹਿਲੇ ਪਾਸਾਰ ਵਿਚ ਸਮੂਹਿਕ ਚੇਤਨਾ 'ਚੋਂ ਉਪਜਿਆ ਸੁਹਜ ਅਤੇ ਪਰੰਪਰਾ ਨਾਲ ਜੁੜਿਆ ਮਾਣ ਮੌਜੂਦ ਹੈ। "ਕਾਨੀਸ਼ਾਲ ਜੋ ਸਦੀਆਂ ਤੋਂ ਸਾਡੇ ਹੁਨਰ ਦਾ ਮਾਣ ਰਹੀ ਹੈ ਤੇ ਸਾਡੇ ਖ਼ਾਨਦਾਨ ਦਾ ਨਾਂ ਦੇਸ਼ ਵਿਚ ਹੀ ਨਹੀਂ ਵਿਦੇਸ਼ਾਂ ਤਕ ਰੌਸ਼ਨ ਕੀਤਾ ਹੈ। ਸਾਡੀਆਂ ਸੈਂਕੜੇ ਪੀੜ੍ਹੀਆਂ ਨੇ ਇਸ ਹੁਨਰ ਦੀ ਲਾਜ ਰੱਖੀ ਤੇ ਹੁਣ ਇਹ ਲਾਜ ਤੇਰੇ ਹੱਥ ਹੈ।"

ਸੁਰਿੰਦਰ ਨੀਰ ਦਸਤਕਾਰੀ ਦੇ ਇਸ ਹੁਨਰ ਦੀ ਪਰੰਪਰਾ, ਕਸ਼ਮੀਰ ਦੇ ਸਹਿਜ ਜੀਵਨ ਦਾ ਅਧਾਰ ਬਣਾ ਕੇ ਪੇਸ਼ ਕਰਦੀ ਹੈ। ਨਾਵਲੀ ਟੈਕਸਟ ਵਿਚ ਇਸ ਪਰੰਪਰਾ ਦਾ ਵਾਹਕ ਅਤੇ ਸੰਚਾਲਕ ਅਕਬਰ ਅਲੀ ਬਣਦਾ ਹੈ। ਰਜਵਾੜਾਸ਼ਾਹੀ ਵਿਵਸਥਾ ਵਿਚ ਰਾਜਾ ਦਸਤਕਾਰੀ ਨੂੰ ਉਤਸ਼ਾਹਿਤ ਕਰਦਾ ਸੀ। ਅਕਬਰ ਅਲੀ ਦੇ ਖਾਨਦਾਨ ਦੀਆਂ ਦੋ ਪਰੰਪਰਾਵਾਂ ਹਨ। ਇਕ ਕਾਨੀਸ਼ਾਲ ਬੁਣਨਾ ਦੂਜਾ ਸਾਰੰਗੀ ਵਜਾਉਣਾ। ਪਹਿਲੀ ਪਰੰਪਰਾ ਰੁਜ਼ਗਾਰ ਦਾ ਬਾਇਸ ਬਣਦੀ ਹੈ ਅਤੇ ਦੂਜਾ ਮਾਨਸਿਕ ਸੰਤੁਸ਼ਟੀ। ਦੂਜੀ ਨੂੰ ਨੀਰ ਸੂਫੀ ਪਰੰਪਰਾ ਨਾਲ ਜੋੜਦੀ ਹੈ। ਇਹ ਉਸ ਦੀ ਭਾਰਤੀ ਅਧਿਆਤਮਕ ਅਤੇ ਸੁਹਜ ਪਰੰਪਰਾ ਪ੍ਰਤੀ ਸੋਝੀ ਦਾ ਪ੍ਰਤੀਕ ਹੈ। ਅਕਬਰ ਅਲੀ

ਆਪਣੀ ਇਸ ਵਿਰਾਸਤ ਦਾ ਖੁਲਾਸਾ ਆਪਣੇ ਪਰਿਵਾਰ ਦੀ ਅਗਲੀ ਪੀੜ੍ਹੀ ਕੋਲ ਕਰਦਾ ਹੈ। ਅਕਬਰ ਅਲੀ ਅਕਸਰ ਆਪਣੇ ਵੱਡੇ-ਵਡੇਰਿਆਂ ਦੀਆਂ ਗੱਲਾਂ ਬੜੇ ਫਖ਼ਰ ਤੇ ਸ਼ਾਨ ਨਾਲ ਆਪਣੇ ਧੀਆਂ-ਪੁੱਤਰਾਂ ਤੇ ਹੁਣ ਦੋਹਤੇ-ਪੋਤਿਆਂ ਨੂੰ ਸੁਣਾਉਂਦਾ;

"ਮੇਰੇ ਖਾਨਦਾਨ ਦਾ ਪਿਛਲਾ ਸਿਰਾ ਉਸ ਸਲਾਮਤ ਅਲੀ ਨਾਲ ਜਾ ਕੇ ਜੁੜਦਾ ਹੈ ਜਿਸ ਨੂੰ ਕਾਨੀਸ਼ਾਲ ਬਣਾ ਕੇ ਭੇਟ ਕਰਨ ਦੇ ਇਵਜ਼ ਬਾਦਸ਼ਾਹ ਅਕਬਰ ਨੇ ਕਾਨੀਗਾਮ ਪਿੰਡ ਦੀ ਸਾਰੀ ਜਾਗੀਰ ਇਨਾਮ ਦੇ ਦਿੱਤੀ ਸੀ। ਉਸੇ ਸਲਾਮਤ ਅਲੀ ਤੋਂ ਹੁੰਦੇ ਹੋਏ ਸਦੀਆਂ ਬਾਅਦ ਇਹੀ ਹੁਨਰ ਮੇਰੇ ਖ਼ਾਨਦਾਨ ਤਕ ਪੁੱਜਾ। ਮੇਰਾ ਅੱਬਾ ਵੀ ਕਾਨੀਕਾਰੀ ਦਾ ਮਾਹਿਰ ਸੀ। ਉਸ ਨੇ ਆਪਣੀ ਕਲਾ ਮੈਨੂੰ ਅੱਗੇ ਤੋਰਨ ਲਈ ਜਦ ਬਾਜ਼ਾਬਤਾ ਇਸਦੀ ਤਾਲੀਮ ਦਿੱਤੀ ਤਾਂ ਮੈਂ ਉਸ ਨਾਲ ਵਾਅਦਾ ਕੀਤਾ ਸੀ ਕਿ ਇਸੇ ਤਰ੍ਹਾਂ ਮੈਂ ਵੀ ਆਪਣੇ ਪੁੱਤਰਾਂ ਨੂੰ ਇਹ ਕਲਾ ਹੋਰ ਅੱਗੇ ਲੈ ਜਾਣ ਦੀ ਤਾਲੀਮ ਦਿਆਂਗਾ।"[4] ਅਕਬਰ ਅਲੀ ਆਪਣੇ ਇਸ ਕਿੱਤੇ ਰਾਹੀਂ ਆਪਣੇ ਸੁਪਨੇ ਅਤੇ ਸੱਧਰਾਂ ਵੀ ਇਸ ਉੱਤੇ ਡਿਜ਼ਾਇਨ ਦੇ ਰੂਪ ਵਿਚ ਉਕਰਦਾ ਹੈ। ਨੀਰ ਇਸ ਪਰੰਪਰਾ ਨੂੰ ਕਸ਼ਮੀਰ ਤੋਂ ਮੱਧ-ਪੂਰਬ ਅਤੇ ਕੇਂਦਰੀ ਏਸ਼ੀਆ ਤਕ ਫੈਲਾਅ ਦਿੰਦੀ ਹੈ। ਦੁਨੀਆਂ ਦਾ ਇਹ ਖਿੱਤਾ ਹਸਤ ਕਲਾਵਾਂ ਵਿਚ ਸਮੁੱਚੀ ਦੁਨੀਆਂ ਵਿਚ ਮਸ਼ਹੂਰ ਸੀ। ਕਸ਼ਮੀਰ ਵਿਚ ਇਸ ਪਰੰਪਰਾ ਦੇ ਵਧਣ ਫੁੱਲਣ ਦਾ ਸਮਾਂ ਚੌਦਵੀਂ ਸਦੀ ਸੀ। ਇਸ ਸਦੀ ਵਿਚ ਤਿੱਬਤ ਵਿਖੇ ਖ਼ਾਸ ਨਸਲ ਦੀ ਬੱਕਰੀ ਦੀ ਪਛਾਣ ਸੂਫੀ ਸੰਤ ਅਲੀ ਸ਼ਾਹ (ਰਮਦਾਨੀ) ਨੇ ਕੀਤੀ। ਉਸੇ ਨੇ ਬਾਦਸ਼ਾਹ ਨੂੰ ਕਹਿ ਕੇ ਪਰਸੀਆ, ਤੁਰਕੀ, ਸਮਰਕੰਦ ਤੇ ਤਾਸ਼ਕੰਦ ਤੋਂ ਚੰਗੇ ਕਾਰੀਗਰ ਕਸ਼ਮੀਰ ਬੁਲਾਏ। ਨਾਵਲੀ ਬਿਰਤਾਂਤ ਦਾ ਵੱਡਾ ਹਿੱਸਾ ਇਹ ਕਾਰੀਗਰਾਂ ਦੀ ਕਲਾ ਨੂੰ ਸਮਰਪਿਤ ਹੈ, ਜਿਹੜਾ ਬਿਰਤਾਂਤ ਦੇ ਪਹਿਲੇ ਖੰਡ ਨਾਲ ਸੰਬੰਧਿਤ ਹੈ। ਕਸ਼ਮੀਰ ਦੀ ਦਸਤਾਰਕਾਰੀ ਉੱਤੇ ਉਕਰੀ ਹੋਈ ਕਲਾ ਪ੍ਰਕ੍ਰਿਤੀ ਅਤੇ ਪੰਛੀਆਂ ਦੇ ਮੋਟਿਫਾਂ ਉੱਤੇ ਕੇਂਦਰਿਤ ਹੈ। ਇਸ ਦੇ ਕਾਰਨ ਮਨੁੱਖ ਅਤੇ ਕੁਦਰਤ ਦੇ ਸਹਿਜ ਉੱਤੇ ਨਿਰਭਰ ਹੈ। ਇਹ ਖਿੱਤਾਂ ਪਹਾੜੀ ਹੋਣ ਕਰਕੇ ਕੁਦਰਤੀ ਦ੍ਰਿਸ਼ਾਂ ਨਾਲ ਲਬਰੇਜ ਹੈ। ਇਸੇ ਲਈ ਇਥੇ ਜੀਵਨ ਗਤੀ ਧੀਮੀ ਹੈ। ਪ੍ਰਕ੍ਰਿਤੀ ਵਿਚ ਇਕ ਸੰਗੀਤ ਹੈ। ਠੰਡਾ ਮੌਸਮ ਹੋਣ ਕਰਕੇ ਬਹੁਤੀ ਦਸਤਕਾਰੀ ਮਹੀਨ ਅਤੇ ਸਹਿਜਤਾ ਨਾਲ ਜੁੜੀ ਹੋਈ ਹੈ। ਉਸ ਦਾ ਚਿਤਰਣ ਧਿਆਨ ਦੇਣਯੋਗ ਹੈ। "ਕਸ਼ਮੀਰ ਦਾ ਇਹ ਪਿੰਡ, ਜਿਥੇ ਬਦਲਦੇ ਮੌਸਮ ਦੂਜੇ ਨੂੰ ਪਛਾੜਕੇ ਆਪ ਵੱਧ ਖ਼ੂਬਸੂਰਤ ਹੋਣ ਦਾ ਮੁਕਾਬਲਾ ਕਰਦੇ ਰਹਿੰਦੇ ਹਨ ਤੇ ਨਦੀਆਂ, ਦਰਿਆ, ਝੀਲਾਂ ਤੇ ਆਬਸ਼ਾਰਾਂ ਸੰਗੀਤ ਦੇ ਅਜਿਹੇ ਤਲਿਸਮੀ ਰਾਗ ਸੁਣਾਉਂਦੀਆਂ ਹਨ, ਜਿਨ੍ਹਾਂ ਨੂੰ ਕੇਵਲ ਜੰਨਤ ਵਿਚ ਫਰਿਸ਼ਤੇ ਹੂਰਾਂ ਦੇ ਮੂੰਹੋਂ ਸੁਣਦੇ ਹੋਣਗੇ।"[5]

ਅਜਿਹੀ ਭੂਗੋਲਿਕ ਸਥਿਤੀ ਵਿਚੋਂ ਜਿਹੜਾ ਸੁਹਜ ਪੈਦਾ ਹੋਏਗਾ ਉਸ ਦੇ ਕੇਂਦਰ ਵਿਚ ਕੁਦਰਤ ਦਾ ਹੋਣਾ ਲਾਜ਼ਮੀ ਹੈ। ਭਾਰਤੀ ਸਭਿਆਚਾਰ ਅਤੇ ਕਲਾਤਮਕ ਸੁਹਜ ਦੇ ਕੇਂਦਰ ਵਿਚ ਬਹੁਤਾ ਕਬੀਲਾ ਅਤੇ ਖੇਤੀ ਅਧਾਰਿਤ ਸਮਾਜ ਰਿਹਾ ਹੈ। ਉਹ ਪ੍ਰਕ੍ਰਿਤੀ ਦੇ ਨੇੜੇ ਸਭ ਤੋਂ ਵੱਧ ਰਿਹਾ ਹੈ। ਇਸੇ ਲਈ ਸਾਰੀਆਂ ਲੋਕ ਕਲਾਵਾਂ ਪ੍ਰਕ੍ਰਿਤੀ ਦੇ ਨੇੜੇ ਜ਼ਿਆਦਾ ਰਹੀਆਂ ਹਨ। ਪਿੰਡਾਂ ਦੀਆਂ ਸਾਧਾਰਨ ਔਰਤਾਂ ਅਤੇ ਕਬੀਲਿਆਂ ਦੀ ਕੀਤੀ ਚਿੱਤਰਕਾਰੀ, ਇਨ੍ਹਾਂ ਮੋਟਿਫਾਂ ਦੇ ਦੁਆਲੇ ਘੁੰਮਦੀ ਹੈ। ਮੱਧ ਅਤੇ ਕੇਂਦਰੀ ਏਸ਼ੀਆ ਵਿਚੋਂ ਆਏ ਦਸਤਕਾਰਾਂ ਦੀਆਂ ਕਲਾਕ੍ਰਿਤੀਆਂ ਵਿਚੋਂ ਬੁਲਬੁਲ ਦੀ ਅੱਖ ਦੇ ਮੋਟਿਫ਼ ਵਾਲੀ ਕਿਰਤ ਸਵਿਕਾਰੀ ਜਾਂਦੀ ਹੈ। ਕਸ਼ਮੀਰ ਦੀ ਲੋਕ ਮਾਨਸਿਕਤਾ ਵਿਚ ਬੁਲਬੁਲ ਨੂੰ ਬਿਰਹਾ ਵਿਚ ਗਾਉਂਦਾ ਪੰਛੀ ਤਸੱਵਰ ਕੀਤਾ ਜਾਂਦਾ ਹੈ। ਇਸ ਲਈ ਸ਼ਾਹ

ਹਮਦਾਨ ਜਿਸ ਕਲਾ ਕਿਰਤ ਨੂੰ ਬਾਦਸ਼ਾਹ ਸਾਹਮਣੇ ਪੇਸ਼ ਕਰਦਾ ਹੈ ਉਸ ਨੂੰ 'ਚਸ਼ਿਮ-ਬੁਲਬੁਲ' ਦਾ ਨਾਂ ਦਿੰਦਾ ਹੈ। ਇਸ ਕਲਾਕਿਰਤ 'ਤੇ ਅਧਾਰਤ ਦਸਤਕਾਰੀ ਦਾ ਵਾਹਕ ਅਕਬਰ ਅਲੀ ਬਣਦਾ ਹੈ। ਅਕਬਰ ਅਲੀ ਇਕ ਕੁਨਬੇ ਦਾ ਆਗੂ ਹੈ। ਨਾਵਲ ਦੀ ਸਾਰੀ ਕਥਾ ਅਕਬਰ ਅਲੀ ਦੇ ਕੁਨਬੇ ਦੁਆਲੇ ਘੁੰਮਦੀ ਹੈ। ਇਸਲਾਮਕ ਸਮਾਜ ਵਿਚ ਪਰਿਵਾਰਕ ਇਕਾਈ ਨੂੰ ਸਕੇ ਸਬੰਧੀਆਂ ਦੁਆਲੇ ਚਲਾਇਆ ਜਾ ਸਕਦਾ ਹੈ। ਇਸ ਲਈ ਔਰਤ ਅਤੇ ਜਾਇਦਾਦ ਨੂੰ ਲੈ ਕੇ ਬਹੁਤਾ ਸੰਘਰਸ਼ ਕੁਨਬੇ ਦੇ ਆਸ-ਪਾਸ ਚਲਦਾ ਹੈ। ਅਕਬਰ ਅਲੀ ਕਾਨੀਗਾਮ ਦੀ ਪਰੰਪਰਾ ਨੂੰ ਕਾਇਮ ਰੱਖਦਾ ਹੈ। ਉਸ ਦੇ ਪੁੱਤਰ ਉਸ ਤੋਂ ਹਟ ਕੇ ਹਨ। ਇਕ ਪੁੱਤਰ ਇਸ ਕਾਰੋਬਾਰ ਵਿਚ ਦਿਲਚਸਪੀ ਨਹੀਂ ਲੈਂਦਾ, ਦੂਜਾ ਆਪਣਾ ਕਾਰੋਬਾਰ ਬਦਲ ਲੈਂਦਾ ਹੈ। ਅੱਗੇ ਮਸਲਾ ਤੀਜੀ ਪੀੜ੍ਹੀ ਦਾ ਹੈ ਅਰਥਾਤ ਅਕਬਰ ਅਲੀ ਦੇ ਪੋਤਰਿਆਂ ਦਾ। ਇਸ ਵਿਚ ਇਕ ਮੁਸਤਫਾ ਦੂਜੇ ਕਾਦਰ ਅਤੇ ਉਸ ਦਾ ਭਰਾ ਹੈ। ਨਾਵਲ ਦੀ ਕਹਾਣੀ ਇਨ੍ਹਾਂ ਪਾਤਰਾਂ ਰਾਹੀਂ ਹੀ ਅੱਗੇ ਤੁਰਦੀ ਹੈ ਅਤੇ ਇਹ ਸਮਾਜਿਕ ਵਿਰੋਧਤਾਵਾਂ ਦੀਆਂ ਧਿਰਾਂ ਹਨ। ਮੁਸਤਫਾ ਯਤੀਮ ਹੈ। ਉਸ ਦੇ ਦਾਦਾ ਦਾਦੀ ਉਸ ਨੂੰ ਪਾਲਦੇ ਹਨ। ਉਹ ਨਾਵਲੀ ਟੈਕਸਟ ਦਾ ਕੇਂਦਰੀ ਪਾਤਰ ਹੀ ਨਹੀਂ, ਸਗੋਂ ਨਾਵਲ ਦਾ ਦ੍ਰਿਸ਼ਟੀ ਵਾਹਕ ਵੀ ਹੈ। ਉਸਦੀ ਪਰਵਰਿਸ਼ ਅਕਬਰ ਅਲੀ ਕਰਦਾ ਹੈ। ਉਹ ਸਮਾਜਿਕ ਸਮਤਾ ਦਾ ਪ੍ਰਤੀਕ ਹੈ। ਉਹ ਬਚਪਨ ਤੋਂ ਹੋਣਹਾਰ ਹੈ। ਉਹ ਜਿਨ੍ਹਾਂ ਕਾਨੀਕਾਰਾਂ ਵਿਚ ਪ੍ਰਵਾਨ ਚੜ੍ਹਦਾ ਹੈ, ਉਨ੍ਹਾਂ ਦੀ ਆਰਥਿਕ ਹਾਲਤ ਬਹੁਤ ਮਾੜੀ ਹੈ। ਦਸਤਕਾਰੀ ਲਈ ਮੰਡੀ ਦੀ ਸਮੱਸਿਆ ਹੈ। ਇਸ ਵਿਚ ਖ਼ਪਤਕਾਰਾਂ ਵਿਚ ਵਸਤ ਲਈ ਮੁਕਾਬਲਾ ਨਹੀਂ ਹੁੰਦਾ। ਉਹ ਕਾਨੀਗਰ ਤੋਂ ਸਿੱਧਾ ਮਾਲ ਖਰੀਦਦੇ ਹਨ। ਇਹ ਵਸਤਾਂ ਦੇ ਖਪਤਕਾਰ ਵਿਸ਼ੇਸ਼ ਵਿਅਕਤੀ ਹੁੰਦੇ ਹਨ। ਦਸਤਕਾਰੀ ਦੇ ਵਿਕਾਸ ਲਈ ਮੰਡੀ ਜ਼ਰੂਰੀ ਹੈ, ਪ੍ਰੰਤੂ ਮੰਡੀ ਦੀਆਂ ਆਪਣੀਆਂ ਸਮੱਸਿਆਵਾਂ ਹਨ। ਇਸ ਤਰ੍ਹਾਂ ਕਾਨੀਗਰਾਂ ਦੀ ਆਰਥਿਕ ਹਾਲਤ ਮਾੜੀ ਸੀ। ਅਸਦੁਲਾ ਇਸ ਪ੍ਰਬੰਧ ਨੂੰ ਤੋੜਨਾ ਚਾਹੁੰਦਾ ਹੈ। ਇਸ ਲਈ ਉਹ ਮੁਸਤਫ਼ਾ ਦੀ ਚੋਣ ਕਰਦਾ ਹੈ। ਉਸ ਨੂੰ ਕਾਨੀਗਰਾਂ ਦੀ ਸਮੁੱਚੀ ਸਥਿਤੀ ਦੀ ਸਮਝ ਸੀ, "ਉਹ ਆਪਣੇ ਇਨ੍ਹਾਂ ਕਾਨੀਕਾਰਾਂ ਦੀ ਜ਼ਿੰਦਗੀ ਦੀ ਕੜਵੀ ਹਕੀਕਤ ਵੇਖ ਕੇ ਬਦਲਣਾ ਚਾਹੁੰਦਾ ਸੀ। ਉਹ ਆਪਣੇ ਬਾਬਾ ਜਾਨ ਦੇ ਆਖਣ ਤੇ ਸਲਾਮੇ ਕਾਨੀਕਾਰਾਂ ਦੇ ਘਰ ਦੀ ਖਸਤਾ ਹਾਲਤ ਵੇਖ ਚੁੱਕਾ ਸੀ, ਜਿਸ ਸਲਾਮੇ ਕਾਨੀਕਾਰ ਦੇ ਹੱਥੀਂ ਬੁਣੀਆਂ ਕਾਨੀਸ਼ਾਲਾਂ ਰਿਆਸਤ ਦੇ ਵਜ਼ੀਰਾਂ, ਅਮੀਰਾਂ ਤੇ ਖਵਾਜਿਆਂ ਦੇ ਘਰਾਂ ਦਾ ਸ਼ਿੰਗਾਰ ਬਣਦੀਆਂ ਸਨ। ਮੁਸਤਫ਼ਾ ਇਹ ਵੇਖ ਕੇ ਤ੍ਰਹਿ ਗਿਆ ਸੀ ਕਿ ਉਥੋਂ ਸਲਾਮੀ ਕਾਨੀਕਾਰ ਕੋਲ ਆਪਣੀ ਬੀਬੀ ਦਾ ਇਲਾਜ ਕਰਨ ਲਈ ਚਾਰ ਪੈਸੇ ਨਹੀਂ ਸਨ। ਉਹ ਇਨ੍ਹਾਂ ਕਾਨੀਕਾਰਾਂ ਨੂੰ ਸ਼ੋਸਣ ਤੋਂ ਮੁਕਤੀ ਦਿਲਾਣੀ ਚਾਹੁੰਦਾ ਸੀ।"[6]

ਇਸ ਸਾਧਾਰਨ ਸਥਿਤੀ ਵਿਚੋਂ ਹੀ ਅੰਤਰ-ਵਿਰੋਧ ਦੀਆਂ ਸੰਭਾਵਨਾਵਾਂ ਪ੍ਰਗਟ ਹੁੰਦੀਆਂ ਹਨ। ਮੁਸਤਫਾ ਪੜ੍ਹ ਲਿਖ ਜਾਂਦਾ ਹੈ। ਦੂਜੇ ਪਾਸੇ ਉਸ ਦੇ ਚਾਚੇ ਦੇ ਪੁੱਤ ਭਰਾ ਅਨਪੜ੍ਹ ਰਹਿ ਜਾਂਦੇ ਹਨ, ਪ੍ਰੰਤੂ ਉਹ ਆਪਣੇ ਧੰਦੇ ਨੂੰ ਫੈਲਾਉਣ ਵਿਚ ਕਾਮਯਾਬ ਹੁੰਦੇ ਹਨ। ਉਨ੍ਹਾਂ ਲਈ ਮੁਸਤਫ਼ਾ ਦੀ ਪੜ੍ਹਾਈ ਰੰਜਿਸ਼ ਦਾ ਕਾਰਨ ਬਣਦੀ ਹੈ। ਮੁਸਤਫ਼ਾ ਉਸਦੀ ਭੈਣ ਗੁਲਾਲਾ ਅਤੇ ਭੂਆ ਦੀ ਕੁੜੀ ਪੋਸ਼ਮਾਲ ਇਕੋ ਸਕੂਲ ਵਿਚ ਪੜ੍ਹਦੇ ਹਨ। ਪੋਸ਼ਮਾਲ ਮੁਸਤਫ਼ਾ ਨੂੰ ਪਸੰਦ ਕਰਦੀ ਹੈ। ਮੁਸਤਫ਼ੇ ਅਤੇ ਕਾਦਰੇ ਦੇ ਪਰਿਵਾਰ ਦੀ ਆਰਥਿਕਤਾ ਵਿਚ ਅੰਤਰ ਹੈ ਪ੍ਰੰਤੂ ਮਾਨਵੀ ਗੱਲਾਂ ਵਿਚ ਮੁਸਤਫ਼ਾ ਕਾਦਰੇ ਤੋਂ ਕਿਤੇ ਅੱਗੇ ਹੈ। ਇਸੇ ਲਈ ਪੋਸ਼ਮਾਲ ਕਾਦਰੇ ਦੀ ਥਾਂ

ਮੁਸਤਫ਼ੇ ਨੂੰ ਪਸੰਦ ਕਰਦੀ ਸੀ। ਕਾਦਰੇ ਅਤੇ ਰਸੀਦਾ ਜਿਹੜਾ ਕਾਲੀਨ ਦਾ ਕਾਰਖਾਨਾ ਚਲਾਉਂਦੇ ਸਨ ਉਸ ਦੇ ਮਾਲ ਦੀ ਮੰਡੀ ਕਸ਼ਮੀਰ ਤੋਂ ਬਾਹਰ ਕਈ ਸੂਬਿਆਂ ਤਕ ਫੈਲੀ ਹੋਈ ਸੀ। ਉਨ੍ਹਾਂ ਦੋਹਾਂ ਲਈ ਮੁਸਤਫ਼ਾ ਇਕ ਚੁਣੌਤੀ ਬਣਦਾ ਜਾ ਰਿਹਾ ਸੀ। ਮੁਸਤਫ਼ੇ ਨੂੰ ਕਾਰਖਾਨਾ ਲਾਉਣ ਦੀ ਮਨਜ਼ੂਰੀ ਮਿਲ ਜਾਂਦੀ ਹੈ। ਇਸ ਲਈ ਚੁਣੌਤੀ ਤਿੱਖੀ ਹੋ ਜਾਂਦੀ ਹੈ ਉਹ ਕਾਰੋਬਾਰ ਤੋਂ ਲੈ ਕੇ ਔਰਤ ਨਾਲ ਜੁੜੀ ਸੰਵੇਦਨਾ ਤਕ ਫੈਲ ਜਾਂਦੀ ਹੈ। ਮੁਸਤਫ਼ੇ ਦੀ ਦਾਦੀ ਜੰਨਤੀ ਆਪਣੀ ਧੀ ਸਾਦਾ ਤੋਂ ਪੋਸ਼ਮਾਲ ਦਾ ਰਿਸ਼ਤਾ ਮੁਸਤਫ਼ੇ ਲਈ ਮੰਗਣ ਜਾਂਦੀ ਹੈ ਪ੍ਰੰਤੂ ਉਹ ਮੁਸਤਫ਼ੇ ਦੀ ਯਤੀਮੀ ਅਤੇ ਗਰੀਬੀ ਕਾਰਨ ਪੋਸ਼ਮਾਲ ਦਾ ਰਿਸ਼ਤਾ ਕਾਦਰੇ ਨਾਲ ਕਰ ਦਿੰਦੀ ਹੈ। ਇਹ ਘਟਨਾ ਮੁਸਤਫ਼ੇ ਲਈ ਸੰਕਟ ਖੜ੍ਹਾ ਕਰਦੀ ਹੈ। ਉਹ ਪੋਸ਼ਮਾਲ ਨੂੰ ਮੁਹੱਬਤ ਕਰਦਾ ਹੈ। ਇਹ ਸਥਿਤੀ ਮੁਸਤਫ਼ੇ ਦੇ ਵਿਅਕਤੀਤਵ ਨੂੰ ਪ੍ਰਭਾਵਿਤ ਕਰਦੀ ਹੈ। ਕਾਦਰਾ ਮਾਨਸਿਕ ਤੌਰ ਤੇ ਜਖ਼ਮੀ ਹੈ ਉਹ ਪੋਸ਼ਮਾਲ ਤੋਂ ਮੁਸਤਫ਼ੇ ਨਾਲ ਸੰਬੰਧਾਂ ਕਰਕੇ ਬਦਲਾ ਲੈਣਾ ਚਾਹੁੰਦਾ ਹੈ।

ਇਹ ਸਥਿਤੀਆਂ ਨਾਵਲੀ ਬਿਰਤਾਂਤ ਦੇ ਰਿਦਮ ਨੂੰ ਭੰਗ ਕਰਦੀਆਂ ਹਨ। ਇਥੇ ਟਕਰਾਅ ਦੋ ਪੱਧਰ ਉੱਤੇ ਫੈਲਦਾ ਹੈ। ਦੋਹਾਂ ਪੱਧਰਾਂ ਉੱਤੇ ਸੰਕਟ ਦੇ ਕੇਂਦਰ ਵਿਚ ਪੋਸ਼ਮਾਲ ਅਤੇ ਮੁਸਤਫ਼ਾ ਹਨ। ਪੋਸ਼ਮਾਲ ਸਰੀਰਕ ਦੇ ਨਾਲ-ਨਾਲ ਮਾਨਸਿਕ ਸੰਕਟ ਝੱਲਦੀ ਹੈ। ਸੁਰਿੰਦਰ ਨੀਰ ਪੋਸ਼ਮਾਲ ਨੂੰ ਆਦਰਸ਼ ਪਾਤਰ ਬਣਾ ਕੇ ਪੇਸ਼ ਕਰਦੀ ਹੈ। ਉਹ ਜਿਸਮ ਅਤੇ ਰੂਹ ਵਿਚ ਅੰਤਰ ਕਰਦੀ ਹੈ। ਉਹ ਜਿਸਮ ਦੀ ਗੁਲਾਮੀ ਅਤੇ ਰੂਹ ਦੀ ਸੁਤੰਤਰਤਾ ਵਿਚ ਵਿਸ਼ਵਾਸ਼ ਕਰਦੀ ਹੈ। ਇਸੇ ਲਈ ਉਹ ਕਾਦਰੇ ਨੂੰ ਸਿਰਫ਼ ਜਿਸਮ ਸੌਂਪਦੀ ਹੈ ਆਤਮਾ ਨਹੀਂ। ਉਹ ਹਰ ਜ਼ੁਲਮ ਅੱਗੇ ਅਡੋਲ ਰਹਿੰਦੀ ਹੈ ਇਹ ਭਾਰਤੀ ਚਿੰਤਨ ਪਰੰਪਰਾ ਹੈ ਜਿਸ ਨੂੰ ਸੂਫੀ ਪਰੰਪਰਾ ਅੱਗੇ ਤੋਰਦੀ ਹੈ। ਇਸ ਦਾ ਬਾਇਸ ਸਾਡੇ ਕਿੱਸੇ ਬਣਦੇ ਹਨ। ਨੀਰ ਰੂਹ ਦੀ ਪਵਿੱਤਰਤਾ ਦੇ ਸੰਕਲਪ ਨੂੰ ਲੈ ਕੇ ਤੁਰਦੀ ਹੈ। ਪੋਸ਼ਮਾਲ ਉਸ ਦਾ ਵਾਹਕ ਬਣਦੀ ਹੈ। ਕਾਦਰਾ ਉਸ ਨਾਲ ਨਿਕਾਹ ਕਰਕੇ ਉਸ ਉੱਤੇ ਜ਼ੁਲਮ ਕਰਦਾ ਹੈ। ਉਹ ਜ਼ੁਲਮ ਅੱਗੇ ਹਥਿਆਰ ਨਹੀਂ ਸੁੱਟਦੀ। ਮੁਸਤਫ਼ੇ ਨੂੰ ਅਪਣਾਉਣ ਦੀ ਗੁਜਾਰਿਸ਼ ਵੀ ਕਰਦੀ ਹੈ ਪ੍ਰੰਤੂ ਇਨਕਾਰ ਕਰਨ ਉੱਤੇ ਉਹ ਆਪਣੀ ਰੂਹ ਨੂੰ ਪਵਿੱਤਰ ਰੱਖਣ ਲਈ ਡਟ ਜਾਂਦੀ ਹੈ, "ਤੂੰ ਮੈਨੂੰ ਕੀ ਮਾਰ ਸਕਦਾ ਹੈ ਚੰਦਰਿਆ। ਮਰਨ ਲਈ ਜ਼ਿੰਦਾ ਹੋਣਾ ਜ਼ਰੂਰੀ ਹੈ। ਤੈਨੂੰ ਕੀ ਲਗਦਾ ਹੈ ਕਿ ਤੂੰ ਮੈਨੂੰ ਸੋਟੀਆਂ ਨਾਲ ਜਾਂ ਘਸੁੰਨ ਮੁੱਕਿਆਂ ਨਾਲ ਮਾਰੇਂਗਾ ਤਾਂ ਮੈਂ ਮਰ ਜਾਵਾਂਗੀ ? ਮੇਰਾ ਮਾਸ ਨੋਚੇਂਗਾ ਤਾਂ ਮੈਂ ਮਰ ਜਾਵਾਂਗੀ ? ਤੈਨੂੰ ਕੀ ਪਤਾ ਮੌਤ ਕੀ ਹੁੰਦੀ ਹੈ ਤੇ ਮਰਨਾ ਕੀ ਹੁੰਦਾ ਹੈ ? ਮੈਂ ਤਾਂ ਉਸ ਵੇਲੇ ਹੀ ਮਰ ਗਈ ਸਾਂ ਜਦ ਮੁਸਤਫ਼ੇ ਨੇ ਮੈਨੂੰ ਕਬੂਲ ਕਰਨ ਤੋਂ ਮੂੰਹ ਫੇਰ ਦਿੱਤਾ ਸੀ।"[7] ਪੋਸ਼ਮਾਲ ਕਾਦਰੇ ਦੇ ਘਰ ਤੋਂ ਆਪਣੇ ਸਹੁਰੇ ਦਾ ਇਲਾਜ ਕਰਾਉਣ ਹਸਪਤਾਲ ਪਹੁੰਚ ਜਾਂਦੀ ਹੈ। ਉਥੇ ਹੀ ਸਹੁਰੇ ਦੀ ਮੌਤ ਤੋਂ ਬਾਅਦ ਹਸਪਤਾਲ ਵਿਚ ਮਰੀਜਾਂ ਦੀ ਸੇਵਾ ਕਰਨ ਲਗਦੀ ਹੈ। ਕਾਦਰਾ ਉਸ ਨੂੰ ਤਲਾਕ ਦੇ ਦਿੰਦਾ ਹੈ। ਉਹ ਫਿਰ ਵਾਪਸ ਕਾਨੀਗਾਮ ਪਹੁੰਚ ਜਾਂਦੀ ਹੈ। ਇਹ ਕਾਦਰੇ ਦੀ ਮਾਨਸਿਕਤਾ ਅਤੇ ਵਿਹਾਰ ਤੋਂ ਉਪਜਿਆ ਸੰਕਟ ਹੈ। ਦੂਜਾ ਪਾਸਾਰ ਦਸਤਕਾਰੀ ਦੇ ਵਿਕਾਸ ਉਸ ਵਿਚੋਂ ਪੈਦਾ ਹੋਈ ਲਾਭ ਕਮਾਉਣ ਦੀ ਲਾਲਸਾ ਅਤੇ ਕਸ਼ਮੀਰ ਦੀ ਬਰਬਾਦੀ ਦੇ ਪਾਸਾਰ ਹਨ। ਜਿਹੜੇ ਨਾਵਲ ਦੀ ਮੁਖ ਧੁਨੀ ਨਹੀਂ ਸਗੋਂ ਉਪ-ਬਿਰਤਾਂਤ ਦੇ ਰੂਪ ਵਿਚ ਸਾਹਮਣੇ ਆਉਂਦੇ ਹਨ।

ਨਾਵਲ ਦਾ ਮੁਖ ਥੀਮ ਕਾਨੀਗਾਮ ਦੀ ਦਸਤਕਾਰੀ ਦਾ ਸੰਕਟ ਹੈ। ਇਸ ਸੰਕਟ ਨੂੰ ਮੰਡੀ ਅਤੇ ਮੁਨਾਫ਼ੇ ਦੀ ਲਾਲਸਾ ਡੂੰਘਾ ਕਰਦੀ ਹੈ। ਮੁਸਤਫ਼ਾ ਸਰਕਾਰੀ ਸਹਾਇਤਾ ਨਾਲ ਕਾਨੀਸ਼ਾਲ

ਬਣਾਉਣ ਦਾ ਕਾਰਖਾਨਾ ਸਥਾਪਿਤ ਕਰਦਾ ਹੈ। ਉਸ ਦਾ ਨਿਸ਼ਾਨਾ ਦਸਤਕਾਰ ਨੂੰ ਕਿਰਤ ਦਾ ਮੁੱਲ ਦੁਆਉਣਾ ਹੈ। ਉਹ ਦਸਤਕਾਰੀ ਨੂੰ ਪੂੰਜੀਵਾਦੀ ਵਿਵਸਥਾ ਤੋਂ ਮੁਕਤ ਕਰਨਾ ਚਾਹੁੰਦਾ ਹੈ। ਇਹ ਸਮਝ ਉਸ ਨੂੰ ਅਸਦੁੱਲਾ ਤੋਂ ਮਿਲਦੀ ਹੈ। "ਅੱਜਕੱਲ੍ਹ ਬਜ਼ਾਰੀਕਰਨ ਤੇ ਵਿਸ਼ਵੀਕਰਨ ਦੋ ਅਜਿਹੇ ਹਊਏ ਇਨ੍ਹਾਂ ਸ਼ਾਤਿਰ ਲੋਕਾਂ ਨੇ ਭੋਲੇ ਭਾਲੇ ਲੋਕਾਂ ਦੇ ਮਨਾਂ ਵਿਚ ਬਿਠਾ ਦਿੱਤੇ ਹਨ ਕਿ ਇਨ੍ਹਾਂ ਭੰਬਲ-ਭੂਸਿਆਂ ਦੇ ਬੋਝ ਹੇਠ ਦੱਬੇ ਬਾਜ਼ਾਰ ਦੀਆਂ ਸਾਜਿਸ਼ਾਂ ਨੂੰ ਸਮਝ ਹੀ ਨਹੀਂ ਪਾ ਰਹੇ। ਕੋਈ ਨਹੀਂ ਸੋਚ ਰਿਹਾ ਕਿ ਅਸਲ ਗੇਮ ਤਾਂ ਕੋਈ ਹੋਰ ਹੀ ਖੇਡ ਰਿਹਾ ਹੈ। ਉਂਜ ਵੀ ਅਸਲੀਅਤ ਉਤੇ ਪਰਦਾ ਪਾਉਣ ਲਈ ਹੀ ਇਹ ਨਿੱਤ ਨਵੀਆਂ ਮਿੱਥਾਂ ਘੜੀਆਂ ਜਾ ਰਹੀਆਂ ਹਨ, ਲੋਕਾਂ ਨੂੰ ਉਲਝਾ ਕੇ ਰੱਖਣ ਲਈ ਹੋਰ ਕੁਝ ਨਹੀਂ।"[8] ਇਹ ਵਿਚਾਰ ਵਾਦੀ ਦੇ ਜੀਵਨ ਦੀ ਸਹਿਜਤਾ ਨੂੰ ਭੰਗ ਕਰਦੇ ਹਨ। ਦਸਤਕਾਰ, ਉਸ ਦੇ ਆਪਣੇ ਸੰਦਾਂ ਦੀ ਥਾਂ ਮਸ਼ੀਨ, ਮਜ਼ਦੂਰ ਅਤੇ ਪੂੰਜੀ ਆ ਜਾਂਦੇ ਹਨ। ਪੂੰਜੀਵਾਦ ਦਾ ਕੇਂਦਰੀ-ਧੁਰਾ ਮੁਨਾਫ਼ਾ ਹੁੰਦਾ ਹੈ। ਪੂੰਜੀਪਤੀ ਮਜ਼ਦੂਰ ਤੋਂ ਕਿਰਤ ਖਰੀਦਦਾ ਹੈ, ਮਸ਼ੀਨ ਦੀ ਵਰਤੋਂ ਕਰਦਾ ਹੈ। ਪੂੰਜੀ ਰਾਹੀਂ ਕੱਚਾ ਮਾਲ ਖਰੀਦਦਾ ਹੈ। ਫਿਰ ਮੰਡੀ ਦੀ ਤਲਾਸ਼ ਕਰਦਾ ਹੈ। ਇਸ ਤਰ੍ਹਾਂ ਮੰਡੀ ਰਾਹੀਂ ਉਹ ਪੈਸਾ ਇਕੱਠਾ ਕਰਦਾ ਹੈ। ਇਹ ਵਰਤਾਰਾ ਮਨੁੱਖ ਅੰਦਰੋਂ ਮਨੁੱਖਤਾ ਨੂੰ ਮਾਰ ਦਿੰਦਾ ਹੈ। ਉਹ ਵੱਧ ਮੁਨਾਫ਼ਾ ਕਮਾਉਣ ਲਈ ਵੱਧ ਮਾਲ ਤਿਆਰ ਕਰਦਾ ਹੈ। ਇਹ ਵਰਤਾਰਾ ਪੂੰਜੀਵਾਦੀ ਵਿਵਸਥਾ ਅਤੇ ਸਥਾਨਕ ਪੂੰਜੀਪਤੀ ਦੀ ਮਾਨਸਿਕਤਾ ਉਤੇ ਨਿਰਭਰ ਕਰਦਾ ਹੈ। ਯੂਰਪ ਦਾ ਸਨਅਤਕਾਰ ਗੁਣਾਤਮਕਤਾ ਉਤੇ ਸਮਝੌਤਾ ਨਹੀਂ ਕਰਦਾ। ਉਹ ਗੁਣਵਤਾ ਨੂੰ ਲੈ ਕੇ ਮੁਕਾਬਲੇ ਵਿਚ ਉਤਰਦਾ ਹੈ, ਪ੍ਰੰਤੂ ਭਾਰਤੀ ਪੂੰਜੀਪਤੀ ਭ੍ਰਿਸ਼ਟ ਹੱਥਕੰਡਿਆਂ ਨੂੰ ਵਰਤਦਾ ਹੈ। ਵਾਦੀ ਵਿਚ ਵੀ ਇਹੀ ਵਰਤਾਰਾ ਵਾਪਰਦਾ ਹੈ। ਸੁਰਿੰਦਰ ਨੀਰ ਇਸ ਨੁਕਤੇ ਨੂੰ ਕੇਂਦਰ ਵਿਚ ਰੱਖਦੀ ਹੈ। ਇਹ ਵਰਤਾਰਾ ਬੁਣਕਰਾਂ ਤਕ ਨੂੰ ਆਪਣੀ ਲਪੇਟ ਵਿਚ ਲੈ ਲੈਂਦਾ ਹੈ। "ਕੁਝ ਸ਼ਾਤਰ ਬੁਣਕਰ ਕਾਨੀ ਅਤੇ ਪਸ਼ਮੀਨਾ ਦੀ ਥਾਂ ਹੋਰ ਨਕਲੀ ਉੱਨ ਦੀਆਂ ਸ਼ਾਲਾਂ ਤਿਆਰ ਕਰਕੇ ਵਿਚਾਰੇ ਬਾਹਰੋਂ ਆਏ ਸੈਲਾਨੀਆਂ ਨੂੰ ਵੱਡੀਆਂ-ਵੱਡੀਆਂ ਕੀਮਤਾਂ ਤੇ ਵੇਚ, ਉਨ੍ਹਾਂ ਨੂੰ ਲੁੱਟਦੇ ਤੇ ਮੂਰਖ ਬਣਾ ਰਹੇ ਹਨ। ਮੈਨੂੰ ਹਾਜੀ ਅਮੀਰ ਦੀਨ ਨੇ ਦੱਸਿਆ ਕਿ ਨਕਲੀ ਕਾਨੀ ਦਾ ਇਹ ਕਾਰੋਬਾਰ ਬਹੁਤ ਤੇਜ਼ੀ ਨਾਲ ਫੈਲ ਰਿਹਾ ਹੈ। ਹੁਣ ਤਾਂ ਕਸ਼ਮੀਰ ਦੇ ਸ਼ਾਲ ਵਪਾਰੀ ਨਕਲੀ ਕਾਨੀਸ਼ਾਲ ਜੰਮੂ ਅਤੇ ਹੋਰ ਸ਼ਹਿਰਾਂ ਦੀਆਂ ਵੱਡੀਆਂ-ਵੱਡੀਆਂ ਦੁਕਾਨਾਂ ਤੇ ਵੀ ਵੇਚ ਰਹੇ ਹਨ ਤੇ ਡਲ ਲੇਕ, ਪਹਿਲਗਾਮ, ਗੁਲਮਰਗ ਆਉਂਦੇ ਸੈਲਾਨੀ ਜਿਨ੍ਹਾਂ ਨੂੰ ਅਸਲੀ ਕਾਨੀ ਦੀਆਂ ਖੂਬੀਆਂ ਦੀ ਸਮਝ ਨਹੀਂ, ਉਹ ਨਕਲੀ ਨੂੰ ਹੀ ਅਸਲੀ ਸਮਝ ਖਰੀਦ ਲੈਂਦੇ ਹਨ।"[9] ਸੁਰਿੰਦਰ ਨੀਰ ਕਸ਼ਮੀਰ ਦੀ ਦਸਤਕਾਰੀ ਅਤੇ ਹਸਤਕਲਾ ਨਾਲ ਜੁੜੇ ਲੋਕਾਂ ਅਤੇ ਮੰਡੀ ਦੀ ਤਰਜ ਉੱਤੇ ਵਪਾਰ ਕਰ ਰਹੇ ਲੋਕਾਂ ਦਾ ਤੁਲਨਾਤਮਕ ਚਿੱਤਰ ਪੇਸ਼ ਕਰਦੀ ਹੈ। ਇਕ ਵਰਤਾਰੇ ਦਾ ਪ੍ਰਤੀਨਿਧ ਮੁਸਤਫ਼ਾ ਹੈ ਅਤੇ ਦੂਜੇ ਦਾ ਕਾਦਰ, ਰਜੀਦਾ ਅਤੇ ਜੱਲਾ ਹੈ। ਮੁਸਤਫ਼ਾ ਆਪਣੀ ਪਰੰਪਰਾ ਨੂੰ ਅੱਗੇ ਤੋਰਨ ਦਾ ਸੁਪਨਾ ਵੇਖਦਾ ਹੈ। ਇਸ ਸੁਪਨੇ ਦੀ ਪੂਰਤੀ ਲਈ ਉਹ ਦਸਤਕਾਰ ਅਤੇ ਖ਼ਪਤਕਾਰ ਵਿਚਕਾਰਲੇ ਵਿਚੋਲਿਆਂ ਤੋਂ ਦਸਤਕਾਰਾਂ ਨੂੰ ਬਚਾਉਣਾ ਚਾਹੁੰਦਾ ਹੈ। ਇਸ ਲਈ ਸਾਂਝੀਵਾਲਤਾ ਦਾ ਸੰਕਲਪ ਸਾਹਮਣੇ ਰੱਖਦਾ ਹੈ। ਇਕੋ ਥਾਂ ਕਈ ਕਾਨੀਕਾਰ ਸ਼ਾਲ ਬੁਣਦੇ ਹਨ ਅਤੇ ਵੱਡੀਆਂ ਦੁਕਾਨਾਂ ਤੋਂ ਉਨ੍ਹਾਂ ਨੂੰ ਸ਼ਾਲਾਂ ਦਾ ਸਹੀ ਮੁੱਲ ਦੁਆਉਂਦਾ ਹੈ। ਹੱਥ ਨਾਲ ਤਿਆਰ ਕੀਤਾ ਕਾਨੀਸ਼ਾਲ ਮਿਹਨਤ ਅਤੇ ਸਹਿਜਤਾ ਅਤੇ ਸਮੇਂ ਨਾਲ ਤਿਆਰ ਹੁੰਦਾ ਹੈ। ਉਸ ਦੀ ਥਾਂ

ਮਸ਼ੀਨੀ ਕੰਮ ਤੇਜ਼ੀ ਨਾਲ ਹੁੰਦਾ ਹੈ। ਪ੍ਰਗਤੀਵਾਦੀ ਦ੍ਰਿਸ਼ਟੀ ਅਧੀਨ ਲਿਖਿਆ ਗਿਆ ਸਾਹਿਤ ਅੰਤਿਮ ਰੂਪ ਵਿਚ ਮਸ਼ੀਨ ਦੇ ਵਿਰੋਧ ਵਿਚ ਭੁਗਤਦਾ ਸੀ। ਨੀਰ ਇਸ ਤੋਂ ਵੱਖਰਾ ਪੈਂਤੜਾ ਲੈਂਦੀ ਹੈ। ਉਹ ਕਾਰਖਾਨੇਦਾਰ ਅਤੇ ਦਸਤਕਾਰ ਕਿਰਤੀ ਵਿਚਕਾਰ ਸਮਨਵੇਂ ਸਥਾਪਿਤ ਕਰਦੀ ਹੈ। ਇਸ ਤਰ੍ਹਾਂ ਉਹ ਚੰਗੇ ਅਤੇ ਮਾੜਿਆਂ ਦੀ ਮਕੈਨੀਕਲ ਕਤਾਰਬੰਦੀ ਨਹੀਂ ਕਰਦੀ, ਸਗੋਂ ਪਾਤਰਾਂ ਦੇ ਵਿਹਾਰ ਰਾਹੀਂ ਇਕ ਤਰਕ ਸਿਰਜਦੀ ਹੈ: "ਮੁਸਤਫ਼ਾ ਗਫ਼ੂਰੇ ਦੀ ਪਿੱਠ ਤੇ ਪਿਆਰ ਨਾਲ ਹੱਥ ਫੇਰਦਾ ਖੱਡੀ ਉੱਤੇ ਕੰਮ ਕਰ ਰਹੇ ਕਾਨੀਕਾਰਾਂ ਵੱਲ ਚਲਿਆ ਗਿਆ। ਸੱਤ ਸ਼ਾਲ ਇਕੋ ਸਮੇਂ ਵੱਖ-ਵੱਖ ਖੱਡੀਆਂ ਉੱਤੇ ਬੁਣੇ ਜਾ ਰਹੇ ਸਨ। ਮੁਸਤਫ਼ਾ ਦਾ ਦਿਲ ਬਾਗੋ-ਬਾਗ਼ ਹੋ ਗਿਆ। ਅਗਰ ਕੰਮ ਇਸੇ ਤਰ੍ਹਾਂ ਬਿਨਾਂ ਕਿਸੇ ਰੁਕਾਵਟ ਨਿਕਲਦਾ ਰਿਹਾ ਤਾਂ ਕੁਝ ਹੀ ਮਹੀਨਿਆਂ ਵਿਚ ਉਹ ਸਰਕਾਰ ਤੋਂ ਲਿਆ ਸਾਰਾ ਲੋਨ ਵਾਪਸ ਮੋੜ ਸਕਦਾ ਸੀ। ਫਿਰ ਉਹ ਇਕ ਖ਼ੁਦਮੁਖਤਿਆਰ ਕਾਰਖਾਨੇ ਦਾ ਮਾਲਕ ਹੋਵੇਗਾ। ਉਸ ਨੇ ਸੋਚ ਲਿਆ ਕਿ ਉਹ ਪਿੰਡ ਦੇ ਨਵੇਂ ਬੱਚਿਆਂ ਨੂੰ ਵੀ ਆਪਣੇ ਕਾਰਖਾਨੇ ਵਿਚ ਕੰਮ ਦੀ ਸਿਖਲਾਈ ਲਈ ਬਾਜ਼ਾਬਤਾ ਤਾਲੀਮ ਦੇਵੇਗਾ ਤਾਂ ਕਿ ਅਗਲੀ ਪੀੜ੍ਹੀ ਵੀ ਇਸ ਕੰਮ ਲਈ ਤਿਆਰ ਕੀਤੀ ਜਾ ਸਕੇ।"[10] ਇਹ ਮੁਸਤਫ਼ੇ ਦਾ ਸੁਪਨਾ ਹੈ ਅਸਲ ਵਿਚ ਇਹੀ ਨਾਵਲਕਾਰਾਂ ਦੀ ਦ੍ਰਿਸ਼ਟੀ ਹੈ, ਜਿਹੜੀ ਇਛਤ-ਯਥਾਰਥ ਰਾਹੀਂ ਕਿਰਿਆਸ਼ੀਲ ਹੁੰਦੀ ਹੈ। ਸਮਾਜਿਕ ਗਤੀ ਦੀਆਂ ਸੰਚਾਲਕ ਸ਼ਕਤੀਆਂ ਇਸ ਦੇ ਵਿਰੋਧ ਵਿਚ ਹਨ ਕਿਉਂਕਿ ਸਮਾਜਿਕ ਵਿਕਾਸ ਦੇ ਇਕ ਪੜਾਅ ਉਤੇ ਜਾ ਕੇ ਪਰੰਪਰਾਗਤ ਮੁੱਲ ਵੇਲਾ ਵਿਹਾ ਜਾਂਦੇ ਹਨ। ਮੁਸਤਫ਼ਾ ਇੱਛਤ ਯਥਾਰਥ ਅਤੇ ਪ੍ਰਾਪਤ ਯਥਾਰਥ ਵਿਚਕਾਰ ਤਾਲਮੇਲ ਬਿਠਾਉਣ ਦੀ ਕੋਸ਼ਿਸ਼ ਕਰਦਾ ਹੈ। ਮੁਸਤਫ਼ੇ ਦੁਆਲੇ ਵਿਪਰੀਤ ਪ੍ਰਸਥਿਤੀਆਂ ਉੱਸਰ ਰਹੀਆਂ ਹਨ। ਪੋਸ਼ਪਾਲ ਨਾਲ ਸਬੰਧ ਟੁੱਟਣ ਤੋਂ ਬਾਅਦ ਉਹ ਅੰਦਰੋਂ ਟੁੱਟ ਜਾਂਦਾ ਹੈ, ਪ੍ਰੰਤੂ ਅਕਬਰ ਅਲੀ ਉਸ ਨੂੰ ਸੰਭਾਲ ਲੈਂਦਾ ਹੈ। ਅਕਬਰ ਅਲੀ ਦੀ ਮੌਤ ਉਸ ਅੰਦਰ ਖਲਾਅ ਪੈਦਾ ਕਰ ਦਿੰਦੀ ਹੈ। ਗੁਲਾਲਾ ਉਸ ਦੀ ਭੈਣ ਉਸ ਦਾ ਘਰ ਵਸਾਉਣ ਲਈ ਪਾਸ਼ਾ ਨੂੰ ਤਿਆਰ ਕਰਦੀ ਹੈ। ਪਾਸ਼ਾ ਉਸ ਰੰਗਰੇਜ਼ ਦੀ ਧੀ ਹੈ ਜਿਹੜਾ ਅਕਬਰ ਅਲੀ ਅਤੇ ਮੁਸਤਫ਼ੇ ਲਈ ਪਸ਼ਮ ਰੰਗਣ ਦਾ ਕੰਮ ਕਰਦਾ ਸੀ। ਮੁਸਤਫ਼ੇ ਦੀ ਸੋਚ ਉਸ ਲਈ ਸੰਕਟ ਖੜੇ ਕਰਦੀ ਹੈ। ਇਹ ਸੰਕਟ ਉਸ ਦੇ ਸੰਭਾਵੀ ਸੁਪਨਿਆਂ ਅਤੇ ਗ੍ਰਹਿਸਥੀ ਜੀਵਨ ਦੀ ਮਰਿਆਦਾ ਨਾਲ ਜੁੜਿਆ ਹੋਇਆ ਹੈ। ਜੀਵਨ ਆਦਰਸ਼ ਦਾ ਇਹ ਮਾਡਲ ਭਾਰਤੀ ਹਿੰਦੀ ਫ਼ਿਲਮਾਂ ਦਾ ਮਨਭਾਉਂਦਾ ਮੋਟਿਫ਼ ਰਿਹਾ ਹੈ। ਇਹ ਸ਼ਾਇਰੀ ਵਿਚ ਵੀ ਇਕ ਮਹੱਤਵਪੂਰਨ ਸੁਰ ਬਣ ਕੇ ਉਭਰਿਆ ਹੈ। ਜਿਸ ਵਿਚ ਨਾਇਕ, ਨਾਇਕਾ ਦੀਮੁਹੱਬਤ ਤੋਂ ਸਮਾਜਿਕ ਫਰਜ਼ ਨੂੰ ਉੱਚਾ ਸਮਝਦਾ ਹੈ। ਆਧੁਨਿਕ ਚੇਤਨਾ ਵਿਚ ਲੋਕਤੰਤਰੀ ਸੰਸਥਾਵਾਂ ਵਿਚ ਚੱਲੇ ਅੰਦੋਲਨ ਵਿਚ ਇਹ ਭਾਰੂ ਸੁਰ ਰਹੀ ਹੈ। ਫੈਜ਼ ਅਹਿਮਦ ਫੈਜ਼ ਕਹਿੰਦਾ ਹੈ, ਔਰ ਵੀ ਗ਼ਮ ਹੈ ਜ਼ਮਾਨੇ ਮੇ, ਮੁਹੱਬਤ ਕੇ ਸਿਵਾ। ਇਸ ਤੋਂ ਬਾਅਦ ਇਹ ਪ੍ਰਗਤੀਵਾਦੀ ਸ਼ਾਇਰੀ ਹੀ ਨਹੀਂ ਸਗੋਂ ਰੋਮਾਂਟਿਕ ਸ਼ਾਇਰੀ ਦੀ ਸੁਰ ਬਣ ਗਿਆ। ਸੁਰਿੰਦਰ ਨੀਰ ਦਾ ਮੁੱਖ ਪਾਤਰ ਮੁਸਤਫ਼ਾ ਵੀ ਆਪਣੇ ਸਮਾਜ ਸੁਧਾਰ ਦੇ ਕੰਮਾਂ ਵਿਚ ਗ੍ਰਹਿਸਤ ਜੀਵਨ ਅਪਣਾਉਣ ਤੋਂ ਹਿਚਕਦਾ ਹੈ। "ਪਾਸ਼ਾ ਸੱਚ ਆਖਦਾਂ ਤੂੰ ਬਹੁਤ ਛੇਤੀ ਉਦਾਸ ਹੋ ਜਾਵੇਗੀ। ਉਕਤਾ ਜਾਵੇਗੀ ਮੇਰੇ ਰੁਝੇਵਿਆਂ ਤੋਂ। ਤੂੰ ਉਨ੍ਹਾਂ ਕਾਨੀਸ਼ਾਲਾਂ, ਦੁਸ਼ਾਲਿਆਂ, ਦੋ ਰੁਖਿਆਂ ਤੇ ਉਨ੍ਹਾਂ ਚਸ਼ਮਿ-ਬੁਲਬੁਲਾਂ ਨਾਲ ਹਸਦ ਕਰਨ ਲੱਗ ਪਵੇਂਗੀ ਜਿਨ੍ਹਾਂ ਪਿੱਛੇ ਮੈਂ ਆਪਣਾ ਸਾਰਾ ਵਕਤ ਸਮਰਪਿਤ ਕਰਦਾ ਹਾਂ। ਤੈਨੂੰ ਉਸ ਸਾਰੰਗੀ ਤੋਂ ਵੀ ਚਿੜ੍ਹ ਹੋ ਜਾਏਗੀ ਜਿਹੜੀਆਂ ਤਾਰਾਂ

ਮੇਰਾ ਦਿਲ ਬਹਿਲਾਉਂਦੀਆਂ ਹਨ ਤੇ ਮੈਂ ਆਪਣਾ ਸਾਰਾ ਥਕੇਵਾਂ, ਸਾਰਾ ਦਰਦ ਸਾਰੀ ਉਦਾਸੀ ਤੇ ਤਨਾਓ ਭੁੱਲ ਜਾਂਦਾ ਹਾਂ। ਤੂੰ ਇਹ ਕਿਵੇਂ ਸਹਿ ਸਕੇਂਗੀ ਕਿ ਤੇਰੇ ਹਿੱਸੇ ਦਾ ਸਮਾਂ ਮੈਂ ਆਪਣੇ ਕੰਮ ਨੂੰ ਦਿਆਂ ਤੇ ਤੇਰੀਆਂ ਜ਼ੁਲਫ਼ਾਂ ਸੁਆਰਨ ਦੀ ਥਾਂ ਮੈਂ ਕਾਨੀਆਂ ਤੇ ਧਾਗੇ ਲਪੇਟਦਾ ਰਹਾਂ ਜਾਂ ਸਾਰੰਗੀ ਦੀਆਂ ਤਾਰਾਂ ਸਹਿਲਾਉਂਦਾ ਰਹਾਂ। ਤੂੰ ਉਦਾਸ ਹੋਵੇਗੀ ਤਾਂ ਮੇਰੇ ਤੋਂ ਤੇਰੀ ਉਦਾਸੀ ਸਹਿ ਨਹੀਂ ਹੋਵੇਗੀ।"[11] ਮੁਸਤਫ਼ਾ ਇਨ੍ਹਾਂ ਚੁਣੌਤੀਆਂ ਨੂੰ ਸਵੀਕਾਰ ਕਰਕੇ ਪਾਸ਼ਾ ਨਾਲ ਨਿਕਾਹ ਕਰ ਲੈਂਦਾ ਹੈ। ਪਾਸ਼ਾ ਅੱਗੇ ਚਲ ਕੇ ਉਸ ਦੇ ਕਾਜ਼ ਵਿਚ ਸਹਾਈ ਹੁੰਦੀ ਹੈ ਕਿਉਂਕਿ ਕਿੱਤੇ ਦੇ ਖੇਤਰ ਦੀਆਂ ਚੁਣੌਤੀਆਂ ਉਸ ਦੇ ਸਾਹਮਣੇ ਹਨ। ਇਨ੍ਹਾਂ ਵਿਚ ਇਕ ਚੁਣੌਤੀ ਨਕਲੀ ਮਾਲ ਤਿਆਰ ਕਰਨ ਦੀ ਹੈ। ਇਸ ਲਈ ਕਾਦਰਾ ਅਤੇ ਰਸ਼ੀਦਾ ਉਸ ਦੇ ਕਾਰੀਗਰਾਂ ਨੂੰ ਵੱਧ ਮਜ਼ਦੂਰੀ ਦੇ ਕੇ ਆਪਣੇ ਵਲ ਕਰ ਲੈਂਦੇ ਹਨ। ਇਸ ਸਥਿਤੀ ਵਿਚ ਪਾਸ਼ਾ ਮਜ਼ਬੂਤ ਧਿਰ ਬਣ ਕੇ ਸਾਹਮਣੇ ਆਉਂਦੀ ਹੈ। ਨੀਰ ਇਸ ਨਾਲ ਔਰਤ ਦੇ ਸ਼ਕਤੀਕਰਨ ਦੇ ਪਾਸਾਰਾਂ ਨੂੰ ਫੈਲਾਅ ਦਿੰਦੀ ਹੈ। ਪਾਸ਼ਾ ਦੀ ਸਖਸ਼ੀਅਤ ਪਰਤ-ਦਰ-ਪਰਤ ਖੁੱਲ੍ਹਦੀ ਜਾਂਦੀ ਹੈ। ਵਿਸ਼ੇਸ਼ ਤੌਰ ਤੇ ਉਸ ਸਮੇਂ ਜਦੋਂ ਪਾਸ਼ਾ ਦਾ ਪਿਉ ਮੁਸਤਫ਼ੇ ਲਈ ਰੰਗਾਈ ਦਾ ਕੰਮ ਬੰਦ ਕਰ ਦਿੰਦਾ ਹੈ। ਇਸ ਚੁਣੌਤੀ ਤੋਂ ਬਾਅਦ ਕਸ਼ਮੀਰ ਦੀ ਹਸਤ ਕਲਾ ਵਿਚ ਇਕ ਨਵਾਂ ਮੋੜ ਆਉਂਦਾ ਹੈ। ਸੁਰਿੰਦਰ ਨੀਰ ਇਸ ਵਿਕਾਸ ਨੂੰ ਗਲਪੀ ਟੈਕਸਟ ਦਾ ਹਿੱਸਾ ਬਣਾਉਂਦੀ ਹੈ। ਇਸ ਨਾਲ ਉਹ ਦੋ ਕੰਮ ਕਰਦੀ ਹੈ। ਇਕ ਕਸ਼ਮੀਰੀ ਹਸਤ ਕਲਾ ਵਿਚ ਵਿਕਾਸ ਦੀਆਂ ਸੰਭਾਵਨਾਵਾਂ ਨੂੰ ਤਲਾਸ਼ਦੀ ਹੈ, ਦੂਜਾ ਸਮਾਜਿਕ ਵਿਕਾਸ ਵਿਚ ਨਾਰੀ ਦੀ ਵਧਦੀ ਹਿੱਸੇਦਾਰੀ ਦੀ ਨਿਸ਼ਾਨਦੇਹੀ ਕਰਦੀ ਹੈ। ਹੁਣ ਮੁਹੱਬਤ ਰੁਕਾਵਟ ਦਾ ਵਾਹਨ ਬਣ ਕੇ ਨਹੀਂ, ਸਗੋਂ ਸਹਾਇਕ ਬਣ ਕੇ ਸਾਹਮਣੇ ਆਉਂਦੀ ਹੈ। "ਮੁਸਤਫ਼ਾ ਦਿਲਚਸਪੀ ਨਾਲ ਉਸਦੀ ਗੱਲ ਸੁਣਨ ਲੱਗਾ। ਪਾਸ਼ਾ ਹੋਰ ਜੋਸ਼ ਨਾਲ ਬੋਲੀ, "ਅਜੇ ਤਕ ਪਰੰਪਰਿਕ ਕਾਨੀਸ਼ਾਲ ਵਿਚ ਕੁਦਰਤੀ ਨੱਕਾਸੀ ਹੁੰਦੀ ਆਈ ਹੈ ਜਿਵੇਂ ਬੂਟੇ, ਫੁੱਲ, ਕੁਦਰਤੀ ਨਜ਼ਾਰੇ, ਖ਼ਾਸ ਤੌਰ ਉੱਤੇ ਅੰਬ ਜਿਸਨੂੰ ਚਸ਼ਮਿ-ਬੁਲਬੁਲ ਦਾ ਨਾਂ ਦੇ ਕੇ ਕਸ਼ਮੀਰੀ ਸ਼ਾਲ ਦੀ ਪਹਿਚਾਣ ਬਣਾਇਆ ਗਿਆ। ਉਸਨੂੰ ਕੁਝ ਹੋਰ ਆਕਾਰ ਦੇ ਕੇ ਡਿਜ਼ਾਇਨ ਬਦਲ ਸਕਦੇ ਹਾਂ।"

"ਇਹ ਤਾਂ ਸੱਚਮੁਚ ਕਸ਼ਮੀਰੀ ਸ਼ਾਲ ਲਈ ਨਵਾਂ ਮੁਹਾਂਦਰਾ ਤੇ ਪ੍ਰੀਭਾਸ਼ਾ ਹੋਵੇਗੀ।" ਮੁਸਤਫ਼ਾ ਉਤਸ਼ਾਹਿਤ ਹੁੰਦਾ ਬੋਲਿਆ। "ਖ਼ਾਸ ਕਰਕੇ ਅਸੀਂ ਹਾਸ਼ੀਏ ਤੇ ਪੂਰੀ ਬੁਲਬੁਲ ਦੇ ਜੋੜੇ ਤੇ ਸ਼ਾਲ ਦੇ ਸੈਂਟਰ ਵਿਚ ਸਿਰਫ਼ ਪਰੰਪਰਿਕ ਅੱਖ ਦਾ ਮੋਟਿਫ਼ ਬਣਾ ਸਕਦੇ ਹਾਂ। ਇਹ ਨਵੇਂ ਡਿਜ਼ਾਇਨ ਸਾਡੀ ਸ਼ਾਲ ਦੀ ਸ਼ਾਨ ਵਿਚ ਇਜ਼ਾਫਾ ਕਰਨਗੇ।" ਫਿਰ ਉਹ ਫਿਕਰ ਨਾਲ ਬੋਲਿਆ, "ਪਰ ਇਹ ਡਿਜ਼ਾਇਨ ਤਿਆਰ ਕੌਣ ਕਰੇਗਾ ? ਤੇ ਇਨ੍ਹਾਂ ਦਾ ਗਰਾਫ਼ ਤੇ ਤਾਲੀਮ ?" ਉਹ ਸੋਚਾਂ ਵਿਚ ਪੈ ਗਿਆ।

"ਮੈਂ ਕਰ ਸਕਦੀ ਹਾਂ ਡਿਜ਼ਾਇਨ ਤਿਆਰ। ਅਗਰ ਤਾਲੀਮ ਗੁਰੂ ਉਂਜ ਡਿਜ਼ਾਇਨਾਂ ਦੀ ਗਿਣਤੀ ਗਰਾਫ਼ ਤੇ ਉਤਾਰ ਸਕੇ ਤਾਂ।" ਪਾਸ਼ਾ ਨੇ ਉਤਸ਼ਾਹਿਤ ਹੋ ਕੇ ਕਿਹਾ। ਮੁਸਤਫ਼ਾ ਲਈ ਇਹ ਇਕ ਹੋਰ ਹੈਰਾਨੀ ਭਰਿਆ ਇੰਕਸਾਫ਼ ਸੀ।"[12]

ਮੁਸਤਫ਼ਾ ਜੀਵਨ ਦੇ ਇਸ ਮੁਹਾਜ਼ ਉੱਤੇ ਕਾਮਯਾਬ ਹੁੰਦਾ ਹੈ, ਪ੍ਰੰਤੂ ਉਸਦੀ ਕਾਰੋਬਾਰੀ ਚੁਣੌਤੀ ਨਕਲੀ ਮਾਲ ਤਿਆਰ ਕਰਨ ਦੇ ਰੂਪ ਵਿਚ ਸਾਹਮਣੇ ਆਉਂਦੀ ਹੈ। ਅਸਲ ਕਾਨੀਸ਼ਾਲ ਮਿਹਨਤ ਅਤੇ ਸਮੇਂ ਦੀ ਖਪਤ ਵਾਲਾ ਕੰਮ ਹੈ। ਇਸ ਦੇ ਸਮਾਨੰਤਰ ਨਜ਼ਰ ਵਿਚ ਕਸ਼ਮੀਰ ਹੈਂਡੀਕਰਾਫਟ ਦੇ ਬਰਾਂਡ ਵਾਲਾ ਨਕਲੀ ਮਾਲ ਸਾਹਮਣੇ ਆਉਂਦਾ ਹੈ। ਇਸ ਦਾ ਮੁਕਾਬਲਾ

ਕਰਨਾ ਮੁਸਤਫ਼ਾ ਲਈ ਮੁਸ਼ਕਲ ਹੈ। ਭਾਰਤ ਵਿਚ ਅਜ਼ਾਦੀ ਤੋਂ ਬਾਅਦ ਛੋਟੀ ਦਸਤਕਾਰੀ ਨੂੰ ਉਤਸ਼ਾਹਿਤ ਕਰਨ ਲਈ ਸਰਕਾਰ ਕਈ ਸਕੀਮਾਂ ਲੈ ਕੇ ਆਉਂਦੀ ਹੈ। ਪੇਂਡੂ ਖੇਤਰਾਂ ਵਿਚ ਅਬਾਦੀ ਦਾ ਵੱਡਾ ਹਿੱਸਾ ਘਰੇਲੂ ਦਸਤਕਾਰੀ ਨੂੰ ਉਪਜੀਵਕਾ ਦਾ ਜ਼ਰੀਆ ਬਣਾ ਰਿਹਾ ਸੀ। ਸਰਕਾਰ ਦਸਤਕਾਰੀ ਲਈ ਮਾਲੀ ਸਹਾਇਤਾ ਹੀ ਨਹੀਂ ਦੇ ਰਹੀ ਸੀ ਸਗੋਂ ਸਰਕਾਰੀ ਏਜੰਸੀਆਂ ਰਾਹੀਂ ਮੰਡੀ ਵੀ ਤਿਆਰ ਕਰ ਰਹੀ ਸੀ। ਇਸ ਖੇਤਰ ਵਿਚ ਭ੍ਰਿਸ਼ਟ ਅਫ਼ਸਰਸ਼ਾਹੀ ਅਤੇ ਰਾਜਸੀ ਲੋਕਾਂ ਦਾ ਇਕ ਗਠਜੋੜ ਮੰਡੀ ਵਿਚ ਨਕਲੀ ਮਾਲ ਦੀ ਵਿਕਰੀ ਲਈ ਰਾਹ ਪੱਧਰਾ ਕਰ ਰਿਹਾ ਸੀ। ਸੁਰਿੰਦਰ ਨੀਰ ਇਸ ਵਰਤਾਰੇ ਉਤੇ ਹਮਲਾ ਤਾਂ ਕਰਦੀ ਹੈ ਪ੍ਰੰਤੂ ਚੋਣਵਾਂ। ਉਸ ਲਈ ਨਕਲੀ ਮਾਲ ਸਿਰਫ਼ ਰਸ਼ੀਦੇ ਅਤੇ ਜੱਲੇ ਵਰਗੇ ਲੋਕ ਹੀ ਤਿਆਰ ਕਰ ਰਹੇ ਸਨ। "ਜਨਾਬ ਜਿਹੜਾ ਕਾਨੀਸ਼ਾਲ ਕਸ਼ਮੀਰ ਵਿਚ ਤਿਆਰ ਹੋ ਕੇ 30,000 ਤੋਂ ਲੈ ਕੇ ਦੋ ਲੱਖ ਤਕ ਦੇਸੀ ਤੇ ਵਿਦੇਸ਼ੀ ਬਾਜ਼ਾਰਾਂ ਵਿਚ ਵਿਕਦਾ ਹੈ-ਅਸੀਂ ਤੁਹਾਨੂੰ ਹੂਬਹੂ ਉਹੀ ਸ਼ਾਲ ਢਾਈ ਤੋਂ ਤਿੰਨ ਹਜ਼ਾਰ ਦੀ ਲਾਗਤ ਵਿਚ ਹੀ ਤਿਆਰ ਕਰ ਦੇਵਾਂਗੇ। ਹੈ ਨਾ ਮੁਨਾਫ਼ਾ ਹੀ ਮੁਨਾਫ਼ਾ ?"

"ਪਰ ਇਸ ਵਿਚ ਤੁਹਾਡਾ ਕੀ ਰੋਲ ਹੋਵੇਗਾ ? ਮੇਰਾ ਮਤਲਬ ਹੈ ਕਿ ਅਗਰ ਸਾਰਾ ਮੈਟਰੀਅਲ ਸਾਡਾ ਹੋਵੇਗਾ, ਬੁਣਕਾਰਾਂ ਦੀ ਮਜ਼ਦੂਰੀ ਸਾਡੇ ਵਲੋਂ ਹੋਵੇਗੀ ਤਾਂ ਤੁਹਾਡਾ ਇਸ ਵਿਚ ਕੀ ਹੋਵੇਗਾ ?"

"ਜਨਾਬ ਸਭ ਤੋਂ ਵੱਡਾ ਕੰਮ ਤਾਂ ਸਾਡਾ ਹੀ ਹੈ ਜੀ, ਤੁਸੀਂ ਨਹੀਂ ਸਮਝੇ।"

"ਉਹ ਕੀ ਭਲਾ ?"

"ਠੱਪਾ... ਹਜਰਤ ਠੱਪਾ। ਮੇਡ ਇਨ ਕਸ਼ਮੀਰ ਬਰਾਂਡ ਤੇ ਮੇਰੀ ਫਰਮ ਦੇ ਨਾਂ ਦਾ ਠੱਪਾ ਤਾਂ ਕਿ ਨਾ ਕੋਈ ਸ਼ੱਕ ਰਹੇ ਤੇ ਨਾ ਹੀ ਭੁਲੇਖਾ। ਕਸ਼ਮੀਰ ਦੀ ਪ੍ਰੋਡਕਟ ਹੋਣ ਕਰਕੇ ਕੋਈ ਸ਼ੱਕ ਹੀ ਨਹੀਂ ਕਰ ਸਕੇਗਾ ਕਿ ਇਹ ਹੱਥ ਨਾਲ ਬੁਣੀ ਹੋਈ ਕਾਨੀਸ਼ਾਲ ਹੈ ਜਾਂ ਕਿ ਮਸ਼ੀਨ ਦੁਆਰਾ ਤਿਆਰ ਕੀਤੀ ਨਕਲੀ ਸ਼ਾਲ।"[13]

ਅਜਿਹੀ ਸਥਿਤੀ ਵਿਚ ਕਸ਼ਮੀਰ ਦੀ ਦਸਤਕਾਰੀ ਦਾ ਟਿਕੇ ਰਹਿਣਾ ਅਸੰਭਵ ਸੀ। ਇਹ ਹੋਣੀ ਭਾਰਤ ਦੇ ਲਗਭਗ ਸਾਰੇ ਸੂਬਿਆਂ ਦੀ ਛੋਟੀ ਦਸਤਕਾਰੀ ਦੀ ਸੀ। ਕਸ਼ਮੀਰ ਰਾਜਸੀ ਅਤੇ ਪ੍ਰਬੰਧਕੀ ਤੌਰ ਤੇ ਵੱਖਰੀ ਬਣਤਰ ਵਾਲਾ ਸੂਬਾ ਹੋਣ ਕਰਕੇ ਇਸ ਦੀ ਸਥਿਤੀ ਵੱਖਰੀ ਸੀ। ਕਸ਼ਮੀਰ ਵਿਚਲਾ ਸੂਬੇ ਦੀ ਖੁਦਮੁਖ਼ਤਿਆਰੀ ਦਾ ਮੁੱਦਾ, ਧਰਮ ਅਧਾਰਿਤ ਕੌਮੀਅਤ ਦਾ ਬਣ ਗਿਆ। ਕੇਂਦਰ ਸਰਕਾਰ ਦੀਆਂ ਨੀਤੀਆਂ ਨੇ ਕਸ਼ਮੀਰੀ ਕੌਮ ਅੰਦਰ ਅਲਗਾਵ ਦੀ ਭਾਵਨਾ ਪੈਦਾ ਕਰ ਦਿੱਤੀ। ਇਸ ਲਈ ਉਥੇ ਹਿੰਸਾ ਦਾ ਦੌਰ ਚੱਲ ਪਿਆ। ਇਹ ਮਸਲਾ ਇਸ ਟੈਕਸਟ ਦਾ ਕੇਂਦਰੀ ਮਸਲਾ ਨਹੀਂ ਹੈ ਪ੍ਰੰਤੂ ਜਿਵੇਂ ਇਸ ਮਸਲੇ ਨੂੰ ਘਾਟੀ ਦੇ ਲੋਕਾਂ ਦੇ ਜਨ-ਜੀਵਨ ਨੂੰ ਪ੍ਰਭਾਵਿਤ ਕੀਤਾ ਉਸਨੇ ਜੀਵਨ ਦੀ ਸਹਿਜਤਾ ਨੂੰ ਭੰਗ ਕਰ ਦਿੱਤਾ। ਇਸੇ ਧਰਮ ਅਧਾਰਿਤ ਅਜ਼ਾਦੀ ਪ੍ਰਾਪਤੀ ਦਾ ਵਾਹਨ ਦਾਨਿਸ਼, ਮੁਸਤਫ਼ਾ ਦਾ ਪੁੱਤਰ ਬਣਦਾ ਹੈ। ਸ਼ਾਂਤ ਵਾਦੀ ਦੀ ਸਹਿਜ ਜ਼ਿੰਦਗੀ ਵਿਚ ਮੁਸਤਫ਼ੇ ਦੇ ਪਿੰਡ ਦੀ ਸ਼ਾਤੀ ਨੂੰ ਮੌਲਵੀ ਭੰਗ ਕਰਦਾ ਹੈ। ਦਾਨਿਸ਼ ਧਰਮ ਅਧਾਰਿਤ ਖਿੱਤੇ ਦੀ ਆਜ਼ਾਦੀ ਅਧੀਨ ਬਾਡਰ ਲੰਘ ਕੇ ਅੱਤਵਾਦੀਆਂ ਦੇ ਸਿਖਲਾਈ ਕੇਂਦਰ ਵਿਚ ਪਹੁੰਚ ਜਾਂਦਾ ਹੈ। ਉਥੋਂ ਬਰਫ਼ ਕਾਰਨ ਪੈਰਾਂ ਦੀ ਬਿਮਾਰੀ ਲੁਆ ਕੇ ਵਾਪਸ ਪਰਤਦਾ ਹੈ। ਇਹ ਸਥਿਤੀ ਦਸਤਕਾਰੀ ਵਿਚ ਸਹਿਜ ਭਾਅ ਲੱਗੇ ਮੁਸਤਫ਼ੇ ਲਈ ਸੰਕਟ ਦਾ ਕਾਰਕ ਬਣ ਕੇ ਸਾਹਮਣੇ ਆਉਂਦੀ ਹੈ। ਦਾਨਿਸ਼ ਦੇ ਪੈਰਾਂ ਦਾ ਇਲਾਜ ਚਲਦਾ ਹੈ ਪ੍ਰੰਤੂ ਅਚਾਨਕ ਮੁਸਤਫ਼ੇ ਦੇ ਘਰ ਉਤੇ

ਹਮਲਾ ਹੁੰਦਾ ਹੈ। ਜਿਸ ਵਿਚ ਦਾਨਿਸ਼ ਅਤੇ ਪਾਸ਼ਾ ਮਾਰੇ ਜਾਂਦੇ ਹਨ। ਇਹ ਵਰਤਾਰਾ ਘਟਨਾ ਦੇ ਰੂਪ ਵਿਚ ਸਾਹਮਣੇ ਆਉਂਦੀਆਂ, ਇਸ ਦੀਆਂ ਧਿਰਾਂ ਦੀ ਨਿਸ਼ਾਨਦੇਹੀ ਨਾਵਲੀ-ਟੈਕਸਟ ਵਿਚ ਨਹੀਂ ਹੁੰਦੀ। ਇਥੇ ਮਸਲਾ ਲੇਖਕ ਦੇ ਸਮਾਜਿਕ ਨਿੱਜੀ ਪਰਿਪੇਖ ਨਾਲ ਜੁੜਿਆ ਹੋਇਆ ਹੈ। ਅਸੀਂ ਮੁੱਢ ਵਿਚ ਅਰੁੰਧਤੀ ਰਾਏ ਦੇ ਨਾਵਲ ਦੀ ਟੈਕਸਟ ਦਾ ਜ਼ਿਕਰ ਕੀਤਾ ਸੀ। ਸੁਰਿੰਦਰ ਨੀਰ ਜਿਸ ਸਮਾਜਿਕ ਪਰਿਪੇਖ ਵਿਚੋਂ ਆਉਂਦੀ ਹੈ ਉਹ ਕਸ਼ਮੀਰੀ ਅੱਤਵਾਦ ਦੀ ਭੋਗੀ ਧਿਰ ਹੈ। ਜੰਮੂ ਕਸ਼ਮੀਰ ਰਾਜ ਦੀ ਸਮਾਜਿਕ ਬਣਤਰ ਦ੍ਰਿਸ਼ਟੀਗਤ ਪਰਿਪੇਖ ਨੂੰ ਜਟਿਲ ਬਣਾਉਂਦੀ ਹੈ। ਇਸ ਲਈ ਦ੍ਰਿਸ਼ਟੀਗਤ ਪੱਧਰ ਉੱਤੇ ਇਸ ਪਰਿਪੇਖ ਦੇ ਸੀਮਤ ਪਾਸਾਰ ਟੈਕਸਟ ਦਾ ਹਿੱਸਾ ਹਨ।

ਨਾਵਲੀ ਟੈਕਸਟ ਤੀਜਾ ਅਤੇ ਅੰਤਿਮ ਪੜਾਅ ਬਹੁਤ ਮਹੱਤਵਪੂਰਨ ਹੈ। ਭਾਰਤੀ ਦਾਰਸ਼ਨਿਕ ਪਰੰਪਰਾ ਅਨੁਸਾਰ ਸੁਖਾਂਤ ਸਾਡੇ ਜੀਵਨ ਦਾ ਅੰਤਿਮ ਉਦੇਸ਼ ਹੈ। ਇਸ ਲਈ ਟੈਕਸਟ ਬੁਮਰਿੰਗ ਵਿਧੀ ਨਹੀਂ ਇਕ ਬਿੰਦੂ ਉੱਤੇ ਕੇਂਦਰਿਤ ਹੋ ਜਾਂਦੀ ਹੈ। ਦੁਖਾਂਤ ਵਿਚੋਂ ਗੁਜ਼ਰ ਕੇ ਭਾਰਤੀ ਮਨੁੱਖ ਸੁਖਾਂਤ ਤਕ ਪਹੁੰਚਦਾ ਹੈ। ਜੀਵਨ ਗਤੀਸ਼ੀਲਤਾ ਦਾ ਪ੍ਰਤੀਕ ਬਣ ਜਾਂਦਾ ਹੈ। ਮਨੁੱਖ ਖੱਬਲ ਦੀ ਤਰ੍ਹਾਂ ਛੋਟੀ ਜਿਹੀ ਤਿੜ ਵਿਚੋਂ ਫੈਲਾਅ ਵਲ ਵੱਧਦਾ ਹੈ। ਮੁਸਤਫ਼ਾ ਅਤੇ ਪੋਸ਼ਮਾਲ ਜੀਵਨ ਦੇ ਇਕ ਪੜਾਅ ਉੱਤੇ ਵੱਖ ਹੋ ਜਾਂਦੇ ਹਨ। ਆਪਣੇ ਆਪਣੇ ਰਸਤਿਆਂ ਉੱਤੇ ਤੁਰਦੇ ਹਨ। ਪੰਜਾਬੀ ਕਿੱਸਾ-ਕਾਵਿ ਪਰੰਪਰਾ ਅਨੁਸਾਰ ਔਰਤ ਮਰਦ ਤੋਂ ਵੱਧ ਦੁਖ ਭੋਗਦੀ ਹੈ। ਪੋਸ਼ਮਾਲ, ਮੁਸਤਫ਼ੇ ਪ੍ਰਤੀ ਮੁਹੱਬਤ ਦੀ ਸਜ਼ਾ ਵਿਆਹੁਤੇ ਜੀਵਨ ਵਿਚ ਭੋਗਦੀ ਹੈ। ਉਹ ਦਿਲ ਤੋਂ ਕਾਦਰੇ ਨੂੰ ਸਵੀਕਾਰ ਨਹੀਂ ਕਰਦੀ। ਕਾਦਰਾ ਜ਼ੁਲਮ ਦੀ ਇੰਤਹਾ ਕਰਦਾ ਹੈ। ਪੋਸ਼ਮਾਲ ਸਭ ਕੁਝ ਸਹਿੰਦੀ ਹੈ, ਪ੍ਰੰਤੂ ਮੁਸਤਫ਼ਾ ਨੂੰ ਨਹੀਂ ਭੁੱਲਦੀ। ਉਹ ਵਾਪਸ ਘਰ ਆਉਂਦੀ ਹੈ। ਉਸਦੇ ਮਾਂ ਪਿਓ ਹੱਜ ਉੱਤੇ ਗਏ ਮੌਤ ਦਾ ਸ਼ਿਕਾਰ ਹੋ ਜਾਂਦੇ ਹਨ। ਮੁਸਤਫ਼ੇ ਦਾ ਘਰ ਉੱਜੜ ਜਾਂਦਾ ਹੈ, ਉਸਦੀ ਪਤਨੀ ਅਤੇ ਪੁੱਤਰ ਅਣਪਛਾਤੇ ਲੋਕਾਂ ਵਲੋਂ ਚਲਾਈਆਂ ਗੋਲੀਆਂ ਦਾ ਸ਼ਿਕਾਰ ਹੋ ਜਾਂਦੇ ਹਨ। ਅਗਲੀ ਪੀੜ੍ਹੀ ਵਿਚ ਕਾਦਰੇ ਦਾ ਪੁੱਤਰ ਰਮਜਾਨ ਆਪਣੇ ਪਿਉ ਚਾਚੇ ਦੀਆਂ ਪੈੜਾਂ ਉੱਤੇ ਚਲਦਾ ਹੈ। ਬੁਲਬੁਲ ਦੀ ਇੱਜ਼ਤ ਨੂੰ ਹੱਥ ਪਾਉਂਦਾ ਹੋਇਆ ਮਾਰਿਆ ਜਾਂਦਾ ਹੈ। ਇਸ ਤਬਾਹੀ ਤੋਂ ਬਾਅਦ ਨਵੇਂ ਜੀਵਨ ਦੀ ਸ਼ੁਰੂਆਤ ਹੁੰਦੀ ਹੈ। ਸੁਰਿੰਦਰ ਨੀਰ ਇਸੇ ਬਿਰਤਾਂਤਕ ਪੈਟਰਨ ਨੂੰ ਅਪਣਾਉਂਦੀ ਹੈ। ਤਬਾਹੀ ਵਿਚੋਂ ਪੁਨਰ-ਉਸਾਰੀ ਜੀਵਨ ਦਾ ਕੁਦਰਤੀ ਨਿਯਮ ਹੈ। ਪੋਸ਼ਮਾਲ ਕਹਿੰਦੀ ਹੈ, "ਵੇਖ ਮੁਸਤਫ਼ਾ ਮੈਂ ਇਹ ਨਹੀਂ ਕਹਿੰਦੀ ਕਿ ਮੈਂ ਕੋਈ ਆਹਲਾ ਪੀਰ ਫ਼ਕੀਰ ਹਾਂ, ਜਿਸਨੂੰ ਜ਼ਿੰਦਗੀ ਦੇ ਹਰ ਰਹੱਸ ਦਾ ਤੱਤਸਾਰ ਪਤਾ ਹੈ। ਪਰ ਐਸਾ ਤਾਂ ਜ਼ਰੂਰ ਜਾਣਦੀ ਹਾਂ ਕਿ ਮਨੁੱਖ ਆਪਣੀ ਹਿੰਮਤ ਨਾਲ ਹਰ ਵਿਨਾਸ਼ ਤੋਂ ਬਾਅਦ ਵੀ ਧਰਤੀ ਉੱਤੇ ਮੁੜ ਉਸਾਰੀ ਕਰਕੇ ਉਜਾੜਾਂ ਨੂੰ ਸਵਰਗ ਬਣਾ ਸਕਦਾ ਹੈ ਤੇ ਸਾਰੰਗੀ ਦੀਆਂ ਟੁੱਟੀਆਂ ਤਾਰਾਂ ਨੂੰ ਮੁੜ ਤਰਤੀਬ ਵਿਚ ਕਰਕੇ ਉਨ੍ਹਾਂ ਤੇ ਕੋਈ ਇਲਾਹੀ ਸੰਗੀਤ ਵਜਾ ਕੇ ਰੂਹਾਨੀ ਖੁਸ਼ੀ ਅਨੁਭਵ ਕਰ ਸਕਦਾ ਹੈ ਤਾਂ ਹੀ ਤਾਂ ਧਰਤੀ ਹੇਠ ਦਫ਼ਨ ਪਿਆਰਿਆਂ ਤੇ ਧਰਤੀ ਉੱਤੇ ਆਪਣੀ ਜਾਨ ਤੋਂ ਵੱਧ ਆਪਣੇ ਪਿਆਰਿਆਂ ਦੀ ਖੁਸ਼ੀ ਲਈ ਜ਼ਿੰਦਗੀ ਨੂੰ ਨਿਰਾਸ਼ਾ ਨਹੀਂ ਸਗੋਂ ਆਸਾਂ ਤੇ ਮੁਰਾਦਾਂ ਨਾਲ ਜਿਉਣ ਦਾ ਸੰਕਲਪ ਕਰ ਸਕਦਾ ਹੈ ਤਾਂ ਕਿ ਜੀਉਂਦੀਆਂ ਅੱਖਾਂ ਵਿਚ ਮੁੜ ਸੁਪਨਿਆਂ ਦੀਆਂ ਬਹਾਰਾਂ ਖਿੜ ਸਕਣ...।"[14] ਇਹ ਉਹ ਸਥਿਤੀ ਹੈ ਜਿਹੜੀ ਮਨੁੱਖ ਦੇ ਬੁਨਿਆਦੀ ਸੁਭਾਅ ਅਤੇ ਕੁਦਰਤ ਦਾ ਵਰਤਾਰਾ ਹੈ। ਇਹ ਮੁਸਤਫ਼ਾ ਦੀ ਉਹ ਹੋਣੀ ਹੈ ਜਿਹੜੀ ਸੁਰਿੰਦਰ

ਨੀਰ ਸਿਰਜਣੀ ਵਰਤਾਰੇ ਦੇ ਸਮੂਹਿਕ ਅਵਚੇਤਨ ਵਿਚੋਂ ਗ੍ਰਹਿਣ ਕਰਦੀ ਹੈ।ਪ੍ਰੰਤੂ ਇਥੇ ਗਲਪੀ ਤਰਕ ਨਾਲ ਜੁੜੇ ਕਈ ਪ੍ਰਸ਼ਨ ਉਭਰਦੇ ਹਨ।ਉਹ ਬਾਹਰਮੁਖੀ ਪ੍ਰਸਥਿਤੀਆਂ ਦੇ ਵਰਤਾਰੇ ਨਾਲ ਸਬੰਧਿਤ ਹਨ। ਬਾਹਰੀ ਸੰਸਾਰ ਸਨਅਤੀਕਰਨ ਕਾਰਨ ਵਿਕਾਸ ਦੇ ਤਬਾਹਕੁੰਨ ਮਾਡਲ ਦੀ ਉਸਾਰੀ ਦੇ ਰਾਹ ਪੈ ਚੁੱਕਿਆ ਹੈ।ਕਸ਼ਮੀਰੀ ਆਪਣੀ ਪਛਾਣ ਦੇ ਵੱਖਰੇ ਦੌਰ ਵਿਚ ਪ੍ਰਵੇਸ਼ ਕਰ ਚੁੱਕੇ ਹਨ ਅਜਿਹੀ ਸਥਿਤੀ ਵਿਚ ਮੁਸਤਫ਼ਾ ਅਤੇ ਬੁਲਬੁਲ ਦਾ ਭਵਿੱਖ ਕੀ ਹੋਵੇਗਾ? ਪ੍ਰੰਤੂ ਸਾਹਿਤ ਹਾਂਮੁਖੀ ਸੰਭਾਵਨਾਵਾਂ ਦੀ ਸਥਾਪਨਾ ਨਾਲ ਜੁੜਿਆ ਹੋਇਆ ਹੁੰਦਾ ਹੈ।ਨੀਰ ਆਪਣੀ ਉਹੀ ਸਿਰਜਣ ਜ਼ਿੰਮੇਵਾਰੀ ਨਿਭਾਉਂਦੀ ਹੈ।ਉਹ ਨਵੇਂ ਜੀਵਨ ਦਾ ਮੁੱਢ ਬੰਨਦੀ ਹੈ।"ਉਹ ਦੋਵੇਂ ਜਦ ਘਰ ਪੁੱਜੇ ਤਾਂ ਲੋਅ ਪੂਰੀ ਤਰ੍ਹਾਂ ਫੈਲ ਚੁੱਕੀ ਸੀ।ਵਿਹੜੇ ਤਕ ਪੁੱਜਦੇ-ਪੁੱਜਦੇ ਮੁਸਤਫ਼ਾ ਦੀਆਂ ਬੇਜਾਨ ਲੱਤਾਂ ਵਿਚ ਫੁਰਤੀ ਆ ਚੁੱਕੀ ਸੀ।ਉਹ ਤਾਵਲੇ ਤਾਵਲੇ ਕਦਮਾਂ ਨਾਲ ਘਰ ਅੰਦਰ ਵੜ ਉਸ ਪਾਸੇ ਵਲ ਗਿਆ ਜਿਥੇ ਉਸ ਦੀ ਖੱਡੀ ਅਤੇ ਸਾਰੰਗੀ ਸੀ।

ਕਮਰੇ ਅੰਦਰ ਵੜਦੇ ਉਸਦੇ ਕਦਮ ਥਾਏਂ ਰੁਕ ਗਏ ਤੇ ਉਹ ਫਟੀਆਂ-ਫਟੀਆਂ ਅੱਖਾਂ ਨਾਲ ਕਮਰੇ ਵਿਚਲਾ ਦ੍ਰਿਸ਼ ਵੇਖਦਾ ਰਹਿ ਗਿਆ।ਬੁਲਬੁਲ ਉਸੇ ਖੱਡੀ ਅੱਗੇ ਬੈਠੀ ਕਾਨੀਸ਼ਾਲ ਉਤੇ ਰੰਗ-ਬਿਰੰਗੀਆਂ ਕਾਨੀਆਂ ਨਾਲ ਅਧੂਰੀਆਂ ਰਹਿ ਗਈਆਂ ਬਾਕੀ ਚਸ਼ਮਿ-ਬੁਲਬਲਾਂ ਵਿਚ ਚਮਕਦੇ ਸ਼ੋਖ਼ ਰੰਗ ਭਰ ਰਹੀ ਸੀ ਤੇ ਚਿਰ ਪਸਰੀ ਲੋਅ ਵਿਚ ਕਾਨੀਕਾਰੀ ਦਾ ਉਹ ਪਰੰਪਰਕ ਗੀਤ ਗਾ ਰਹੀ ਸੀ ਜੋ ਸਦੀਆਂ ਤੋਂ ਕਾਨੀਕਾਰਾਂ ਦਾ ਮੂਲ ਮੰਤਰ ਰਿਹਾ।"[15] ਇਹ ਸੁਹਜ ਅਤੇ ਚੇਤਨਾ ਪੱਖ ਤੋਂ ਅਸਲ ਜੀਵਨ ਦਾ ਗੀਤ ਹੈ। ਇਹ ਮਨੁੱਖੀ ਜੀਵਨ ਦੀ ਪ੍ਰੇਰਣਾ ਹੈ।

ਸੁਰਿੰਦਰ ਨੀਰ ਦਾ ਇਹ ਨਾਵਲ, ਪੰਜਾਬੀ ਨਾਵਲ ਪਰੰਪਰਾ ਵਿਚ ਆਂਚਲਿਕਤਾ ਦੇ ਕਈ ਪਸਾਰਾਂ ਨੂੰ ਸਮੇਟਦਾ ਹੋਇਆ ਇਕ ਵੱਖਰੀ ਪਛਾਣ ਸਥਾਪਿਤ ਕਰਦਾ ਹੈ। ਉਹ ਆਂਚਲਿਤਾ ਨੂੰ ਜੀਵਨ ਜਾਚ ਦੇ ਓਪਰੀ ਤੱਤਾਂ ਦੀ ਅਭੀਵਿਅਕਤੀ ਤਕ ਸੀਮਤ ਨਹੀਂ ਕਰਦੀ ਸਗੋਂ ਸਮੁੱਚੇ ਭਾਰਤੀ ਸਭਿਆਚਾਰ ਦੇ ਦਵੰਦਾਤਮਕ ਰਿਸ਼ਤੇ ਵਿਚ ਬਹੁ-ਪਸਾਰੀ ਆਰਥਿਕ ਜੀਵਨ ਮੁੱਲਾਂ ਦੀ ਬਹੁ-ਪਰਤੀ ਅਤੇ ਬਹੁ-ਪਾਸਾਰੀ ਪਰਤਾਂ ਪੇਸ਼ ਕਰਦੀ ਹੈ। ਇਲਾਕਾਈ ਸਭਿਆਚਾਰ ਮੁੱਖ ਸਭਿਆਚਾਰ ਨਾਲ ਵਿਰੋਧ ਵਿਕਾਸੀ ਰਿਸ਼ਤੇ ਨਾਲ ਜੁੜਿਆ ਹੁੰਦਾ ਹੈ। ਕਸ਼ਮੀਰ ਵਾਦੀ ਦੇ ਇਕ ਖਿੱਤੇ ਵਿਚ ਬੈਠਾ ਦਸਤਕਾਰ ਆਪਣੀ ਉਪਜੀਵਕਾ ਦੇ ਨਾਲ ਇਕ ਵੱਖਰੀ ਪਛਾਣ ਬਣਾਈ ਬੈਠਾ ਹੈ। ਉਹ ਮਾਨਵਤਾ ਦੇ ਵੱਡੇ ਸਰੋਕਾਰਾਂ ਨੂੰ ਸੰਬੋਧਿਤ ਹੁੰਦਾ ਹੈ। ਸੁਰਿੰਦਰ ਨੀਰ ਨਾਵਲੀ ਬਿਰਤਾਂਤ ਨਾਲ ਆਮ ਤੌਰ ਤੇ ਵਿੱਥ ਬਣਾ ਕੇ ਚੱਲਦੀ ਹੈ। ਉਹ ਪਾਤਰਾਂ ਦੀ ਇਕ ਗਲੈਕਸੀ ਘੜਦੀ ਹੈ।ਇਸ ਤਰ੍ਹਾਂ ਹਰ ਪਾਤਰ ਦੀ ਆਪਣੀ ਇਕ ਚਮਕ ਹੈ।ਕਸ਼ਮੀਰ ਦਸਤਕਾਰੀ ਦੇ ਵਰਤਾਰੇ ਦਾ ਬਾਇਸ ਬਣਦੀ ਹੈ।ਇਸ ਤਰ੍ਹਾਂ ਇਸ ਨਾਵਲ ਨਾਲ ਪੰਜਾਬੀ ਨਾਵਲ ਦਾ ਇਕ ਵਿਧਾ ਦੇ ਤੌਰ ਤੇ ਘੇਰਾ ਵਸੀਹ ਹੋਇਆ ਹੈ।ਇਕ ਹੋਰ, ਸੁਰਿੰਦਰ ਨੀਰ ਦੀ ਭਾਰੂ ਨਾਵਲਕਾਰੀ ਦਾ ਇਹ ਭਾਰੂ ਤੱਤ ਹੈ ਕਿ ਉਹ ਚੇਤਨਾ ਦੇ ਲਿੰਗਕ ਅਧਾਰਾਂ ਤੋਂ ਮੁਕਤ ਹੈ।ਅਖੌਤੀ ਨਾਰੀਵਾਦ ਸਮੁੱਚੀ ਟੈਕਸਟ ਵਿਚੋਂ ਕਿਤੇ ਦਿਖਾਈ ਨਹੀਂ ਦਿੰਦਾ।ਉਹ ਸਾਰੇ ਪਾਤਰਾਂ ਨੂੰ ਬਰਾਬਰ ਦੀ ਸਪੇਸ ਦਿੰਦੀ ਹੈ।ਉਹ ਨਾਵਲ ਦੇ ਦ੍ਰਿਸ਼ਟਗਤ ਫੈਸਲੇ ਲੈਂਦੀ ਹੋਈ ਵੀ ਕਿਸੇ ਅਰੋਪਿਤ ਚਿੰਤਨ ਅਤੇ ਸਨਸਨੀਖੇਜ਼ ਘਟਨਾਵਾਂ ਤੋਂ ਟੈਕਸਟ ਨੂੰ ਮੁਕਤ ਰੱਖਦੀ ਹੈ। ਇਹੀ ਸੁਰਿੰਦਰ ਨੀਰ ਦੀ ਵਿਲੱਖਣਤਾ ਹੈ।

## ਹਵਾਲੇ


1. ਸੁਰਿੰਦਰ ਨੀਰ, ਚਸ਼ਮੇ-ਬੁਲਬਲ, ਪੰਨਾ 7
2. ਉਹੀ, ਪੰਨਾ 17
3. ਉਹੀ, ਪੰਨਾ 22
4. ਉਹੀ, ਪੰਨਾ 24
5. ਉਹੀ, ਪੰਨਾ 17
6. ਉਹੀ, ਪੰਨਾ 66
7. ਉਹੀ, ਪੰਨਾ 118
8. ਉਹੀ, ਪੰਨਾ 105
9. ਉਹੀ, ਪੰਨਾ 114
10. ਉਹੀ, ਪੰਨਾ 162
11. ਉਹੀ, ਪੰਨਾ 173
12. ਉਹੀ, ਪੰਨਾ 207
13. ਉਹੀ, ਪੰਨਾ 197
14. ਉਹੀ, ਪੰਨਾ 253
15. ਉਹੀ, ਪੰਨਾ 254


ਬਲਬੀਰ ਪਰਵਾਨਾ ਪੰਜਾਬੀ ਨਾਵਲ ਦੀ ਸਿਰਜਣਕਾਰੀ ਵਿਚ ਅਜਿਹਾ ਨਾਂ ਹੈ ਜਿਹੜਾ ਸਿਰਜਣਕਾਰੀ ਨੂੰ ਇਕ ਖ਼ਾਸ ਚਿੰਤਨ ਦੇ ਅਧੀਨ ਰੱਖਦਾ ਹੈ। 'ਸ਼ੋਅ ਰੂਮ' ਉਸਦਾ ਸੱਜਰਾ ਨਾਵਲ ਹੈ। ਇਸ ਨਾਵਲ ਵਿਚੋਂ ਜ਼ਮੀਨ ਉੱਤੇ ਅੱਖ ਰੱਖੀ ਬੈਠੇ ਭੂਮਾਫੀਏ ਦਾ ਚਿਤਰ ਉਲੀਕਦਾ ਹੈ। ਵਰਤਮਾਨ ਸਮੇਂ ਵਿਚ ਪਰੰਪਰਾਗਤ ਪੰਜਾਬ ਹੌਲੇ-ਹੌਲੇ ਗੁੰਮ ਹੁੰਦਾ ਜਾ ਰਿਹਾ ਹੈ ਅਤੇ ਉਸਦੀ ਥਾਂ ਖਪਤ ਸਭਿਆਚਾਰ 'ਤੇ ਆਧਰਿਤ ਅਜਿਹੇ ਜੀਵਨ ਮੁੱਲ ਸਾਹਮਣੇ ਆ ਰਹੇ ਹਨ, ਜਿਹੜੇ ਲਾਲਸਾ ਦੀ ਸਿਖ਼ਰ ਵਲ ਵਧ ਰਹੇ ਹਨ। ਪਰਵਾਨਾ ਇਸੇ ਸੋਚ ਨਾਲ ਜੁੜੇ ਵਿਅਕਤੀਆਂ ਨੂੰ ਕਾਟੇ ਥੱਲੇ ਰੱਖਦਾ ਹੋਇਆ ਅਜਿਹਾ ਗਲਪੀ ਬਿੰਬ ਉਸਾਰਦਾ ਹੈ ਜਿਸ ਵਿਚੋਂ ਜੀਵਨ ਦਾ ਸੱਚ ਹੌਲੇ-ਹੌਲੇ ਅੱਖਾਂ ਸਾਹਮਣੇ ਸਾਕਾਰ ਹੋਣ ਲੱਗਦਾ ਹੈ। ਪਰਵਾਨੇ ਦੀ ਸੱਜਰੀ ਕਿਰਤ ਦਾ ਪੰਜਾਬੀ ਸਿਰਜਣਕਾਰੀ ਵਿਚ ਸੁਆਗਤ ਹੈ।

**-ਡਾ. ਪਰਮਜੀਤ ਕੌਰ ਸਿੱਧੂ**



**ਕਵਿਤਾ:**

ਬੀਤੇ ਦਹਾਕੇ 'ਚ ਜਿਨ੍ਹਾਂ ਚਿੰਤਾਵਾਂ, ਝੋਰਿਆਂ ਦੀਆਂ ਗੱਲਾਂ ਕੀਤੀਆਂ ਜਾ ਰਹੀਆਂ ਸਨ, ਉਹ ਸਾਡੇ ਸਾਹਮਣੇ ਹਿੱਕ ਡਾਹ ਕੇ ਖੜ੍ਹ ਗਈਆਂ ਹਨ। ਵਕਤ ਦੇ ਪਹੀਏ ਨੇ ਉਲਟਾ ਘੁੰਮਣਾ ਸ਼ੁਰੂ ਕਰ ਦਿੱਤਾ ਹੈ, ਤੇ ਉਸ ਦਾ ਘੁੰਮਣਾ ਵੀ ਸਿਖ਼ਰ 'ਤੇ ਆ ਗਿਆ। ਸਦੀ ਇੱਕੀਵੀਂ ਬਾਈਵੀਂ, ਸਿਹਤ, ਸਿੱਖਿਆ, ਵਿਗਿਆਨ, ਸਾਹਿਤ, ਚਿੰਤਨ, ਮੋਹ, ਮੁਹੱਬਤ ਕਿਸੇ ਹੋਰ ਮੁਲਕ ਦੀਆਂ ਗੱਲਾਂ ਮਹਿਸੂਸ ਹੋ ਰਹੀਆਂ ਹਨ। ਇਹ ਸਰੋਕਾਰ ਗਾਇਬ ਹੋ ਗਏ ਹਨ। ਮਜ਼ਦੂਰਾਂ, ਕਿਸਾਨਾਂ ਦੀਆਂ ਪੀੜਾਂ/ਤਕਲੀਫ਼ਾਂ ਰੁਲ਼ ਖੁਲ ਗਈਆਂ ਹਨ। ਮਸਲਾਂ ਅੰਬਰ ਵੱਲ ਵੇਖਣ ਦਾ ਨਹੀਂ, ਪੈਰਾਂ ਹੇਠਲੀ ਮਿੱਟੀ ਨੂੰ ਮਹਿਸੂਸ ਕਰਨ ਦਾ ਬਣ ਗਿਆ ਹੈ। ਇਹ ਸਾਬਤ ਕਰਨਾ ਪੈ ਰਿਹਾ ਹੈ ਕਿ ਸਾਬਤ ਕਰੋ ਇਹ ਪੈਰਾਂ ਹੇਠਲੀ ਮਿੱਟੀ ਤੁਹਾਡੀ ਹੈ? ਤੁਹਾਡਾ ਵਤਨ ਕਿਹੜਾ? ਤੁਹਾਡੀ ਸੋਚ ਕੀ?

ਮੁਹੱਬਤ ਦਾ ਹਰ ਰਾਹ ਸਿਰਫ ਤੇ ਸਿਰਫ ਫਾਸ਼ੀਵਾਦ ਦੇ ਚੌਰਾਹੇ ਤੇ ਆ ਖੜ੍ਹ ਗਿਆ ਹੈ। ਵੰਨ-ਸੁਵੰਨਤਾ ਦੇ ਇਸ ਬਾਗ਼ ਵਿਚ ਸਿਰਫ ਤੇ 'ਇਕ ਫੁੱਲ' ਦੇ ਖਿੜ੍ਹਨ ਦੀਆਂ 'ਸ਼ਾਹੀ' ਤਜਵੀਜਾਂ ਹਨ। ਹਰ ਪ੍ਰਾਣੀ ਬੇਵਨਤਾ ਮਹਿਸੂਸ ਕਰ ਰਿਹਾ ਹੈ। ਪੰਜਾਬੀ ਕਵਿਤਾ ਇਨ੍ਹਾਂ ਸਰੋਕਾਰਾਂ/ਮਸਲਿਆਂ ਦੀ ਬੜੀ ਬਾਰੀਕੀ ਨਾਲ ਨਿਸ਼ਾਨਦੇਹੀ ਕਰਦੀ ਹੈ। ਇਨ੍ਹਾਂ ਮਸਲਿਆਂ ਨੂੰ ਬਰੀਕੀ ਨਾਲ ਮਹਿਸੂਸਦੀ ਹੈ, ਫ਼ਿਕਰ 'ਚ ਹੈ, ਦਰਦ 'ਚ ਹੈ ਤੇ ਨੇਰ੍ਹੇ ਨਾਲ ਲੜਨ ਲਈ ਫਾਸ਼ੀਵਾਦ ਦੇ ਅੱਗੇ ਬਰਾਬਰ ਹਿੱਕ ਡਾਹ ਕੇ ਖੜ੍ਹੀ ਹੋਈ ਹੈ।

**ਸਤਪਾਲ ਭੀਖੀ**

**ਬੇਵਤਨਾ/ਮਦਨ ਵੀਰਾ**

*(ਰੋਹਿਤ ਵੇਮੂਲਾ ਦੇ ਨਾਂ)*

ਰੋਹਿਤ ਤੇਰੇ ਸੂਖਮ ਭਾਵਾਂ ਨੂੰ
ਤਰਾਸ਼ ਰਹੇ ਸੀ
ਵੇਦਨਾ ਦੇ ਉਹ ਛਲਕਦੇ ਹੋਏ ਪਲ
ਜੋ ਏਕਲੱਵਿਆ ਦੇ ਗੁਰੂ ਦੱਖਣਾ ਸਮੇਂ
ਲਹੂ ਦਾ ਕਤਰਾ ਕਤਰਾ ਹੋ ਕੇ
ਮਿੱਟੀ 'ਚ ਰਚੇ ਸੀ-ਵਸੇ ਸੀ
ਹਰਿਆਵਲ ਦਾ ਟੋਟਾ ਟੋਟਾ ਹੋ ਕੇ
ਖਿੰਡ ਗਏ ਸੀ-ਫੈਲ ਗਏ ਸੀ
ਹਸਥਨਾਪੁਰ ਦੇ ਸਮੇਂ ਤੋਂ
'ਤੇ ਹਵਾਵਾਂ ਤੇ ਦਿਸ਼ਾਵਾਂ ਨੇ
ਧੀਰ ਧਰਕੇ-ਸਬਰ ਕਰਕੇ
ਜ਼ਜਬ ਲਏ ਸੀ ਜ਼ੀਰ ਲਏ ਸੀ।

ਤੂੰ ਤਾਂ ਬਿਲਕੁਲ ਜਾਣਦਾ ਸੀ
ਕਿ ਭੀਲ ਪੁੱਤਰ ਦੇ
ਤੀਰਾਂ ਨਾਲ ਵਿੰਨੇ ਮੂੰਹ ਵਾਲਾ
ਡੱਬ-ਖੜੱਬਾ ਕੁੱਤਾ ਬਹੁਤ ਕੌਤਕੀ ਹੈ
ਕਦੇ ਉਹ ਰੋਜ਼ੀ ਤਲਾਸ਼ਦੇ
ਕਾਮਿਆਂ ਨੂੰ ਚੱਕ ਮਾਰਦਾ ਹੈ
ਕਦੇ 'ਸੰਸਕ੍ਰਿਤੀ' ਦੀ ਪਲੀਤੀ ਦੇ ਸੁਰਜੀਤੀ
ਦਾ ਰਾਗ ਅਲਾਪਦਾ ਹੈ
ਮੁਹੱਬਤ ਦੇ ਸੁੱਚੇ ਰਿਸ਼ਤਿਆਂ ਲਈ
ਹੁਣ ਉਹ 'ਲਵ-ਜਿਹਾਦ' ਦਾ ਲਕਬ ਘੜਦਾ ਹੈ
ਤੇ 'ਘਰ ਵਾਪਸੀ' ਦੇ ਮਹਾਤਮ ਬਾਰੇ
ਤਾਂ ਤੂੰ ਕਈ ਕਿੱਸੇ ਆਪ ਸੁਣਾਉਂਦਾ ਸੀ
ਤੇ ਇਹ ਕਾਲਾ ਕੁੱਤਾ ਹੁਣ ਵਾਇਆ ਦਿੱਲੀ
ਕਿਤੇ ਵੀ ਜਾਣ ਲਈ ਬਹੁਤ ਕਾਹਲਾ ਹੈ
ਸੱਚ ਇਹ ਵੀ ਹੈ ਕਿ 'ਕਸ਼ਮੀਰ ਫਤਹਿ' ਤੋਂ ਬਾਅਦ
ਉਸ ਦਾ ਮੂੰਹ ਕੰਨਾਂ ਤੱਕ ਪਾਟਾ ਹੈ
ਦਬੋਲਕਰ ਅਤੇ ਕੁਲਬੁਰਗੀ ਦੀ ਹੱਤਿਆ ਤੋਂ
ਬਾਅਦ
ਉਹਦੇ ਜਬਾੜੇ 'ਚ-ਫਤਵੇਂ ਨਾਲ ਸਹਿਮੇ
ਪ੍ਰੋ. ਮੁਰਗਨ ਦਾ ਦਿਲ ਦਿਮਾਗ ਹੈ
ਤੇ ਗਲ਼ ਪਏ ਪਟੇ 'ਚ
ਰੱਤ ਭਰਿਆ ਬਾਟਾ ਹੈ।

ਆਪਣੇ ਆਪ ਤੋਂ ਕਿਤੇ ਕਾਹਲੇ
ਕਿਤੇ ਛੋਹਲੇ
ਮੇਰੇ ਯਾਰ

ਤੂੰ ਜੋ ਸ਼ਬਦਾਂ ਦੇ ਸੂਖਮ ਰੇਸ਼ਮ ਨਾਲ
ਜਖ਼ਮਾਂ ਤੇ ਫੇਹੇ ਧਰਨੇ ਸੀ
ਉਮੀਦਾਂ ਦੇ ਸੁੱਕਦੇ ਜਾ ਰਹੇ ਬਿਰਖਾਂ ਲਈ
ਹਰਿਆਵਲ ਦੇ ਸਾਵੇ ਬਿੰਬ ਘੜਨੇ ਸੀ
ਅੱਗ ਨਾਲ ਅੱਗ, ਲੋਹੇ ਨਾਲ ਲੋਹਾ ਹੋਣਾ ਸੀ
ਮਿੱਧਿਆ ਤੇ ਲਤਾੜਿਆ ਦਾ
ਧਿਰ ਬਣਨਾ ਸੀ

ਕਦੇ ਸੀਸ ਕਦੇ ਸਿਰ ਬਣਨਾ ਸੀ

ਤੂੰ ਜੋ ਬੇਗਮਪੁਰੇ ਦੇ ਖ਼ਾਬ ਬੁਣਕੇ
ਅੱਖਰ ਅੱਖਰ ਹਰਫ਼ ਹਰਫ਼ ਹੋ ਕੇ
ਚਰਾਗਾਂ ਦੀ ਡਾਰ ਸਿਰਜਣੀ ਸੀ
ਜਾਗਦੇ ਸਿਰਾਂ ਦੀ ਕਤਾਰ ਸਿਰਜਣੀ ਸੀ
ਮਾਲਾ ਦੇ ਮਣਕੇ ਵਾਂਗ ਕਿਰ ਗਿਆ

ਤੂੰ ਆਪਣੇ ਖਿਲਾਫ ਬੁਣੇ ਚੱਕਰਵਿਊ ਨੂੰ
ਤਾਂ ਸ਼ਾਇਦ ਤੋੜ ਦਿੰਦਾ
ਪਰ ਧਰਮ ਅਤੇ ਰਾਜ ਦੇ
ਦੇਸ਼ ਭਗਤੀ ਬਨਾਮ ਦੇਸ਼ ਧਰੋਹ ਦੇ
ਗਲੇਫ 'ਚ ਲਪੇਟੇ
ਕੌਰਵਾਂ ਪਾਂਡਵਾਂ ਦੇ ਇਸ ਗੱਠ-ਜੋੜ ਨੂੰ ਤੋੜਨਾ
ਯਾਰਾ-ਤੇਰੇ ਲਈ ਬਿਲਕੁਲ ਟੇਡੀ ਖੀਰ ਸੀ
ਤੂੰ ਤੇਗ ਵਾਂਗ ਲਿਸ਼ਕਦਾ
ਦਰਿਆ ਵਾਂਗ ਸ਼ੂਕਦਾ
ਯੋਧਾ ਸੀ-ਵੀਰ ਸੀ
ਪਰ ਤੇਰੇ ਤਰਕਸ਼ 'ਚ ਇੱਕੋਂ ਤੀਰ ਸੀ।

ਸੋਹਣਿਆਂ ਮਿੱਤਰਾ
ਇਹ ਸਮਾਂ ਹਸਥਨਾਪੁਰ ਦਾ ਨਹੀਂ ਸੀ
ਸੋ ਅਚਾਰੀਆ ਦਰੋਣ ਦੇ ਵਾਰਿਸਾਂ ਨੂੰ
ਵਜ਼ੀਫੇ ਦੇ ਇਵਜ਼ 'ਚ
ਤੇਰਾ ਅੰਗੂਠਾ ਨਹੀਂ
ਮਨੂੰ ਸਿਮਰਤੀ ਦੇ ਪਿਆਦਿਆਂ ਲਈ
ਤੇਰਾ ਸਿਰ ਚਾਹੀਦਾ ਸੀ
ਹੱਤਿਆ ਜਾਂ ਆਤਮ ਹੱਤਿਆ
ਤਾਂ ਇੱਕ ਮੌਕਾ ਮੇਲ
ਜਾਂ ਇੱਕ ਬਹਾਨਾ ਸੀ
ਤੂੰ ਤਾਂ ਆਪਣੇ ਵਤਨ 'ਚ ਹੀ ਬੇਵਤਨਾ ਸੀ
ਬੇਗਾਨਾ ਸੀ............

ਦੋ ਕਵਿਤਾਵਾਂ

## ਕਵੀਆਂ ਲਈ/ਹਰਵਿੰਦਰ ਭੰਡਾਲ

ਚਲੋ !
ਕਵਿਤਾ ਦੇ ਰੇਸ਼ਮੀ ਪਰਦਿਆਂ 'ਚੋਂ
ਬਾਹਰ ਨਿੱਕਲੀਏ
ਹੰਢਾਈਏ ਪਿੰਡਿਆਂ 'ਤੇ ਦੇਸ਼ ਰਾਗ

ਜਾਣੀਏਂ
ਹਜੂਮ ਦਾ ਤਾਂ ਹਾਕਮ ਹੁੰਦਾ
ਘੱਟ-ਗਿਣਤੀ ਦੀ ਨਜ਼ਮ ਦਾ
ਕਿਹੜਾ ਵਿਧੀ-ਵਿਧਾਨ ?
ਬਹੁ-ਗਿਣਤੀ ਦਾ ਰਾਸ਼ਟਰ ਹੁੰਦਾ
ਘੱਟ-ਗਿਣਤੀ ਦੀ ਕਿਹੜੀ ਧਰਤੀ... ?

ਬਹੁ-ਗਿਣਤੀ ਘੱਟ-ਗਿਣਤੀ ਦਾ ਅਧਾਰ
ਸਿਰਫ਼ ਧਰਮ ਨਹੀਂ ਹੁੰਦਾ
ਹੋ ਸਕਦੀ ਹੈ
'ਬੰਦਾ' ਹੋਣ ਦੀ ਸੰਵੇਦਨਾ ਵੀ

## 'ਬੈਨੇਫ਼ਿਟ ਆਫ਼ ਡਾਊਟ'

**(ਪਹਿਲੂ ਖਾਨ ਦੇ ਕਾਤਲਾਂ ਨੂੰ ਬਰੀ ਕੀਤੇ ਜਾਣ 'ਤੇ)**

ਸ਼ੱਕ ਦਾ ਲਾਭ
ਮਿਲ਼ਦੈ ਬੱਲੇਬਾਜ਼ ਨੂੰ

ਗੇਂਦਬਾਜ਼ ਕੋਲ਼ ਆਊਟ ਕਰਨ ਦੇ
ਸੌ ਮੌਕੇ
ਬੱਲੇਬਾਜ਼ ਕੋਲ਼ ਨਾਟ-ਆਊਟ
ਰਹਿਣ ਦਾ ਨਾ ਕੋਈ ਦੂਜਾ ਮੌਕਾ
ਪਹਿਲੂ ਖਾਨ ਕੋਲ਼
ਜਿਊਂਦੇ ਹੋਣ ਦਾ
ਨਾ ਕੋਈ ਦੂਜਾ ਮੌਕਾ

ਕਾਤਲਾਂ ਨੂੰ ਪਰ ਫਿਰ ਵੀ ਮਿਲਿਆ
ਲਾਭ ਸ਼ੱਕ ਦਾ

....ਇਨਸਾਫ਼
ਕ੍ਰਿਕਟ ਦਾ ਮੈਦਾਨ ਨਹੀਂ ਹੈ...!??

## ਦੁਨੀਆਂ ਦੇ ਖ਼ੂਬਸੂਰਤ ਔਰਤ-ਮਰਦ/ਰਾਜਵਿੰਦਰ ਮੀਰ

ਦੁਨੀਆਂ ਦੀਆਂ ਸਭ ਤੋਂ ਖ਼ੂਬਸੂਰਤ ਔਰਤਾਂ
ਕਸ਼ਮੀਰ 'ਚ ਨੇ
ਤੇ ਮਨੀਪੁਰ 'ਚ
ਤੇ ਦੰਤੇਵਾੜਾ 'ਚ

ਤੇ ਹਰ ਪਿਸਦੀ ਚੱਕੀ ਕੋਲ ਬੈਠੀ
ਉਹ ਔਰਤ
ਜੋ ਖੁਦ ਨੂੰ ਪੁੜਾਂ ਤੋਂ ਬਚਾ ਕੇ ਰੱਖਦੀ ਹੈ

ਇਨ੍ਹਾਂ ਦੇ ਜਲੌਅ ਨਾਲ ਕੰਬ ਜਾਂਦਾ ਹੈ
ਜਰਜਰ ਤੇ ਕਾਇਰ ਮਨ

ਇਨ੍ਹਾਂ ਨੂੰ ਪਿਆਰ ਕਰਨਾ
ਤੇ ਕਲਾਵੇ ਵਿੱਚ ਲੈਣਾ
ਤੇ ਚੁੰਮਣਾਂ ਇਉਂ ਹੈ
ਜਿਵੇਂ ਵਹਿਸ਼ਤ ਖਿਲਾਫ ਜੱਦੋ ਜਹਿਦ 'ਚ
ਖ਼ੁਦ ਨੂੰ ਝੋਕਣਾ

ਦੁਨੀਆਂ ਦੇ ਸਭ ਤੋਂ ਖ਼ੂਬਸੂਰਤ ਮਰਦ
ਕਸ਼ਮੀਰ 'ਚ ਨੇ
ਤੇ ਮਨੀਪੁਰ 'ਚ
'ਤੇ ਦੰਤੇਵਾੜਾ 'ਚ

ਤੇ ਹਰ ਚਲਦੇ ਵਦਾਣ
ਚਲਦੇ ਕੁਹਾੜੇ ਕੋਲ਼ ਖੜ੍ਹਾ
ਉਹ ਮਰਦ
ਜੋ ਖ਼ੁਦ ਨੂੰ ਇਨ੍ਹਾਂ ਦੀਆਂ ਸੱਟਾਂ ਤੋਂ ਬਚਾ ਕੇ
ਜਿਊਂਦਾ ਜਾਂਦਾ ਹੈ

ਇਨ੍ਹਾਂ ਦੇ ਜਲੌਅ ਨਾਲ ਕੰਬ ਜਾਂਦਾ ਹੈ
ਜਰਜਰ ਤੇ ਕਾਇਰ ਜਗਤ

ਇਨ੍ਹਾਂ ਨੂੰ ਪਿਆਰ ਕਰਨਾ
ਤੇ ਕਲ਼ਾਵੇ 'ਚ ਲੈਣਾ
ਤੇ ਚੁੰਮਣਾ ਇਉਂ ਹੈ
ਜਿਵੇਂ ਜ਼ੁਲਮਤ ਖਿਲਾਫ ਜੱਦੋ ਜਹਿਦ 'ਚ
ਖ਼ੁਦ ਨੂੰ ਝੋਕਣਾ

ਇਉਂ ਜਿਊਂਦੇ ਹਨ ਕਿਰਤੀ
ਜਿਉਣ ਦੇ ਹਰ ਪਲ ਲਈ ਲੜਦੇ
ਜਿਉਣ ਨੂੰ ਪਿਆਰ ਕਰਦੇ
ਦਿਲ ਹੀਣ
ਆਤਮਾ ਹੀਣ ਦੁਨੀਆਂ 'ਚ
ਜਗਮਗਾਉਂਦੇ ਦਿਲ ਲੈ ਕੇ।

***

## ਠੰਢਾ ਬੁਰਜ ਸ਼ਾਹੀਨ ਬਾਗ/ਹਰਮੀਤ ਵਿਦਿਆਰਥੀ

ਸਰਦੀਆਂ ਦੀ ਯਖ਼ ਠੰਢੀ ਰਾਤ
ਅਧੇੜ ਉਮਰ ਦੀ ਮਾਂ
ਆਪਣੇ ਮਾਸੂਮ ਬੱਚੇ ਨੂੰ
ਬੁੱਕਲ 'ਚ ਸਮੇਟੀ
ਸ਼ਾਹੀਨ ਬਾਗ਼ ਦੀ ਸੜਕ ਤੇ ਬੈਠੀ ਹੈ

ਹਾਕਮ ਫੇਰ
ਬੁੱਕਲ ਦੀ
ਕੁਰਬਾਨੀ ਮੰਗਦਾ ਹੈ
ਸੱਤਾ ਕਹਿਰ ਢਾਹੁਣ ਤੇ ਉਤਾਰੂ ਹੈ

ਪਤਾ ਨਹੀਂ ਕਿਉਂ
ਮੈਨੂੰ ਵਾਰ ਵਾਰ
ਸਰਹਿੰਦ ਦੇ ਠੰਢੇ ਬੁਰਜ ਦਾ
ਚੇਤਾ ਆ ਰਿਹਾ ਹੈ
✶✶✶

## ਇਕਬਾਲਨਾਮਾ/ਸਰਬਜੀਤ ਕੌਰ ਜੱਸ

ਜੇ ਮੈਂ ਪਿੱਤਲ ਹਾਂ
ਤਾਂ ਸੋਨਾ ਹੋਣ ਦਾ
ਢੌਂਗ ਨਹੀਂ ਰਚਾਵਾਂਗੀ...

ਦਾਗੀ ਹਾਂ
ਤਾਂ ਉਜੱਲੇ ਚਿਹਰਿਆਂ ਦੇ
ਹੰਕਾਰੇ ਸ਼ੀਸਿਆ 'ਚ
ਮਰਵਾ-ਮਰਵਾ ਠੂੰਗੇ
ਆਪਣੇ ਆਤਮ-ਵਿਸ਼ਵਾਸ ਦੀ
ਚੁੰਝ ਨਹੀਂ ਤੁੜਾਵਾਂਗੀ...

ਪਾਣੀ ਹਾਂ
ਤਾਂ ਐਵੇਂ ਦੁੱਧ ਨਾਲ
ਆਢਾ ਨਹੀਂ ਲਾਵਾਂਗੀ
ਆਪਣੀ ਹੀ ਤਰਲਤਾ ਦਾ
ਜਸ਼ਨ ਮਨਾਵਾਂਗੀ....

ਜੇ ਨਹੀਂ ਹੈ
ਮੇਰੇ ਕੋਲ ਬਾਬੂਸ਼ਾਹੀ ਐਨਕ
ਤਾਂ ਮੈਂ ਟੱਸ-ਟੱਸ ਕਰਦੇ
ਜ਼ਖ਼ਮਾਂ ਨੂੰ
ਲਹੂ-ਲੁਹਾਨ ਸੁਪਨਿਆਂ ਨੂੰ
ਗ੍ਹਿਣੀ ਹੋਈ ਪ੍ਰਭਾਤ ਨੂੰ
ਨੰਗੀ ਅੱਖ ਨਾਲ ਹੀ ਵੇਖਾਂਗੀ

ਜੇ ਮੇਰੇ ਕੰਨਾਂ ਨੂੰ ਨਹੀਂ ਭਾਉਂਦੀ
ਨੀਰੋ ਦੀ ਬੰਸਰੀ
ਤਾਂ ਮੈਂ ਚਾਅਵਾਂ ਦੀਆਂ ਚੰਘਿਆੜਾਂ ਨੂੰ
ਸੱਚ ਦੇ ਵੱਜਦੇ ਘੋਰੜੂ ਨੂੰ
ਸੱਧਰਾਂ ਦੇ ਵੈਣ-ਸਿਆਪਿਆਂ ਨੂੰ
ਦੋਵੇਂ ਕੰਨ ਖੜ੍ਹੇ ਕਰਕੇ ਸੁਣਾਂਗੀ....
ਜੇ ਮੇਰੀ ਜ਼ੁਬਾਨ ਵਿੱਚ ਨਹੀਂ ਹੈ
ਮਨ ਕੀ ਬਾਤ ਕਹਿਣ ਦਾ ਹੁਨਰ
ਤਾਂ ਮੈਂ ਦਰਦਾਂ ਭਰੀ ਜਨ ਕੀ ਬਾਤ ਨੂੰ
ਕੂੰਜਾਂ-ਕੰਜਕਾਂ ਦੀ ਕੁਰਲਾਹਟ ਨੂੰ
ਧਰਤੀ ਦੀ ਹਰ ਡਰਾਉਣੀ ਆਹਟ ਨੂੰ
ਕਵਿਤਾ ਦੀ ਭਾਸ਼ਾ ਵਿਚ
ਅਨੁਵਾਦ ਕਰਕੇ ਹੀ ਬੋਲਾਂਗੀ

ਜੇ ਮੈਨੂੰ ਨਹੀਂ ਆਉਂਦਾ
ਤੁਹਾਡੇ ਮੁਤਾਬਿਕ ਚੰਗਾ
ਵੇਖਣਾ
ਸੁਣਨਾ
ਬੋਲਣਾ
ਤਾਂ ਮੈਂ ਖ਼ੁਦ ਦੇ ਮੁਤਾਬਿਕ
ਵੇਖਾਂਗੀ ਵੀ
ਬੋਲਾਂਗੀ ਵੀ
ਸੁਣਾਂਗੀ ਵੀ
ਮੈਂ ਇਨਸਾਨ ਦੀ ਜਾਈ
ਸਾਊ ਬਾਂਦਰ ਬਣਨ ਤੋਂ ਇਨਕਾਰ ਕਰਦੀ ਹਾਂ

***

## ਯਾਦ/ਨਰਿੰਦਰਪਾਲ ਕੌਰ

ਘਰ ਦੀ ਝੁਮਕਾ ਵੇਲ ਨੂੰ
ਜਦ ਫੁੱਲਾਂ ਦੇ ਗਹਿਣਿਆਂ ਨਾਲ
ਲੱਦੀ ਵੇਖਦੀ ਹਾਂ
ਤੇ ਉਸ ਦੇ ਮੁੱਢ 'ਚ ਖੜ੍ਹੇ

ਗੁਲਾਬ ਨੂੰ
ਭਰ ਜੋਬਨ 'ਤੇ ਨਿਹਾਰਦੀ ਹਾਂ
ਤਾਂ ਮੈਨੂੰ ਕਸ਼ਮੀਰ ਯਾਦ ਆਉਂਦਾ ਹੈ

ਅਚਾਨਕ ਉਸ ਦੇ ਮੁੱਢ 'ਚ
ਫੁੱਲਾਂ ਦੀਆਂ ਵਿਖਰੀਆਂ
ਪੱਤੀਆਂ ਨੂੰ ਵੇਖਦੀ ਹਾਂ
ਤਾਂ ਮੈਨੂੰ
ਕਸ਼ਮੀਰ ਦੇ ਲੋਕ ਯਾਦ ਆਉਂਦੇ ਨੇ!

✶✶✶

## ਸੱਜੀ ਮੌਕਾਪ੍ਰਸਤੀ/ਜੈ ਪਾਲ

ਮਸਲਾ ਵੱਡੀ ਮੱਛੀ ਤੇ ਛੋਟੀ ਮੱਛੀ ਦਾ ਨਹੀਂ
ਛੋਟੀ ਮੱਛੀ ਤੋਂ ਹੋਰ ਵੀ ਛੋਟੀ ਮੱਛੀ ਦਾ

ਵੱਡੀ ਮੱਛੀ ਤਾਂ ਹੁਣ ਛੋਟੀ ਤੋਂ
ਭੰਨੀ ਹੋਈ ਗੁੜ ਦੀ ਭੇਲੀ 'ਚੋਂ ਹਿੱਸਾ ਭਾਲਦੀ ਐ

ਇਸ ਸੈਟਿੰਗ 'ਚ ਬਹੁਤ ਸਾਰੀਆਂ
ਛੋਟੀਆਂ ਮੱਛੀਆਂ ਹੁਣ ਵੱਡੀਆਂ ਮੱਛੀਆਂ ਹੋ ਗਈਆਂ
ਤੇ ਇਸ ਨਾਅਰੇ ਨੂੰ ਭੁਲ ਚੁੱਕੀਆਂ ਨੇ

ਦੁਨੀਆਂ ਭਰ ਦੀਆਂ ਮੱਛੀਓ ਇੱਕ ਹੋ ਜਾਉ

ਤੇ ਕਛੂ-ਕੁੰਮੇ
ਹਾਲੇ ਤੱਕ ਪਿਛਲੀ ਜਿੱਤ ਦੇ ਨਸ਼ੇ 'ਚ ਸੁੱਤੇ ਪਏ ਨੇ
ਜਦੋਂ ਕਿ
ਖਾਰੇ ਸਮੁੰਦਰ ਵੀ ਵਿਕਾਉ ਹੋ ਚੁੱਕੇ ਨੇ
ਤੇ ਖ਼ਰਗੋਸ਼ ਵੀ ਸਫ਼ੈਦ ਰਿੱਛ ਦੇ ਖ਼ੂਨੀ ਪੰਜੇ 'ਚ ਮਹਾਂਕਾਵਿ ਲਿਖ ਰਿਹਾ

ਲੜਾਈ ਕਦੋਂ ਦੀ ਬਦਲ ਚੁੱਕੀ ਐ!
✶✶✶

## ਜਦੋਂ ਸ਼ਹਿਰ ਜਲ਼ ਰਿਹਾ ਸੀ/ਸੰਤੋਖ ਸਿੰਘ ਸੁੱਖੀ

ਜਦੋਂ ਸ਼ਹਿਰ ਜਲ਼ ਰਿਹਾ ਸੀ
ਮੇਰੇ ਅੰਦਰ ਵੀ ਧੁਖ ਰਿਹਾ ਸੀ
ਬਹੁਤ ਕੁਝ

ਮੇਰੇ ਪੁਰਖੇ
ਧਰਤੀ ਦੀਆਂ ਵਿਰਲਾਂ ਵਿਚੋਂ
ਦੇਖ ਰਹੇ ਸਨ

ਮੇਰਾ ਭਵਿੱਖ
ਮੇਰੇ ਲਈ ਕਾਲਖ ਲਈ ਖੜ੍ਹਾ ਸੀ
ਦਰੱਖ਼ਤਾਂ 'ਤੇ ਕੋਈ ਪੱਤਾ, ਫੁੱਲ, ਫਲ਼ ਨਹੀਂ ਸੀ
ਬਸ ਬੇੜੀਆਂ ਸਨ
ਮੈਂ ਸਾਹ ਲੈਂਦਾ
ਅਨੰਤ ਬੇੜੀਆਂ ਮੇਰੇ ਅੰਦਰ ਜਾਂਦੀਆਂ

ਮੈਂ ਕੋਈ ਗੁਨਾਹ ਨਹੀਂ ਕੀਤਾ ਸੀ
ਮੇਰਾ ਇਤਿਹਾਸ ਹੀ ਮੇਰਾ ਗੁਨਾਹ ਸੀ
ਮੇਰਾ ਵੱਖਰੀ ਸੋਚ 'ਚ ਹੋਣਾ
ਚੰਗਾ ਨਹੀਂ ਲੱਗਦਾ ਕਿਸੇ ਨੂੰ

ਜਦੋਂ ਮੈਂ ਤੁਰਨ ਲੱਗਦਾ
ਬਹੁਤ ਸਵਾਲ ਮੇਰਾ ਪਿੱਛਾ ਕਰਦੇ
ਜੇ ਪਿੱਛਾ ਨਹੀਂ ਹੈ
ਤਾਂ ਅੱਗਾ ਕਿਵੇਂ ਹੋ ਸਕਦਾ
ਇਸ ਸਵਾਲ ਨਾਲ ਨੁੱਚੜ ਜਾਂਦਾ ਆਪਾ
ਨਾੜਾਂ 'ਚ ਜੰਮਿਆ ਲਹੂ
ਫਿਰ ਕੂਕ ਮਾਰਦਾ
ਕਿਸੇ ਪਾਸਿਉਂ ਪੈਰ ਦੀ ਬਿਆਈ ਪਾਟਦੀ
ਹਰ ਕੋਈ ਧਰਮ ਦੀ ਪੱਟੀ ਕਰਨ ਆਉਂਦਾ
ਮੱਲ੍ਹਮ ਦੀ ਬਜਾਇ
ਬਰੂਦ ਦੀ ਪੁੜੀ ਧਰ ਜਾਂਦਾ

ਸੱਧਰ ਨੂੰ ਗਸ਼ ਪੈ ਜਾਂਦੇ
ਵਿਰਾਸਤੀ ਸੰਦਾਂ ਨਾਲ ਖੁੱਲਦੀ ਕਿਤੇ ਦੰਦਲ

ਹੁਣ ਮੈਂ ਭੀੜ 'ਚ ਖੜ੍ਹਾ ਹਾਂ
ਭੀੜ ਵਿਚ ਮੈਨੂੰ ਕੁਝ ਦਿਖ ਰਹੇ ਨੇ ਬੰਦੇ
ਉਹਨਾਂ ਦੇ ਮੱਥਿਆਂ 'ਤੇ ਸਰਚ ਲਾਈਟਾਂ
ਉਹਨਾਂ ਵਿਚੋਂ ਕੁਝ ਨੀਵੀਂ ਪਾ
ਅੰਦਰੋਂ ਦੇਖਣ ਲੱਗਦੇ
ਕ੍ਰਾਂਤੀ ਦੀ ਧੀ ਚੰਘਿਆੜ ਮਾਰਦੀ ਹੈ
ਕੁਝ ਨੇ ਲਾਈਟਾਂ ਕਿਰਾਏ 'ਤੇ ਦਿੱਤੀਆਂ ਹਨ
ਕੁਝ ਭੁੱਲ ਹੀ ਗਏ
ਕਿ ਉਨ੍ਹਾਂ ਕੋਲ ਲਾਈਟਾਂ ਹਨ
ਉਹ ਮਰਿਆਂ ਵਰਗੇ ਨੇ

ਮੈਂ ਚੁੱਪ ਨਹੀਂ ਕਰਦਾ
ਮੈਨੂੰ ਬੋਲਣ ਨਹੀਂ ਦਿੱਤਾ ਜਾਂਦਾ
ਕੋਈ ਇਤਿਹਾਸ
ਮੇਰੇ ਮੂੰਹ ਵਿਚ
ਤੁੰਨ ਦੇਣ ਦੀ ਹੁੰਦੀ ਹੈ ਕੋਸ਼ਿਸ਼

ਮੈਂ ਭੱਜਦਾ ਨਹੀਂ
ਉਥੇ ਹੀ ਖੜਾ ਹਾਂ
ਜਿਹੜੀ ਅੱਖ ਨਹੀਂ ਦੇਖਣਾ ਚਾਹੁੰਦੀ
ਉਸ ਨੂੰ ਨਹੀਂ ਦਿਖਦਾ ਮੈਂ
ਕੋਈ ਭਗੌੜਾ ਆਖ ਦਿੰਦਾ ਹੈ
ਮੈਂ ਹਸ ਪੈਂਦਾ ਹਾਂ
ਉਸ ਨੂੰ ਆਖਦਾ ਹਾਂ
ਮਿੱਤਰਾ ਮੈਂ ਕਿਥੇ ਜਾਣਾ ਹੈ ?
ਕੋਈ ਨਹੀਂ ਮੇਰਾ ਟਿਕਾਣਾ
ਅੱਜ ਉਹਨਾਂ ਨਾਲ ਲੜ ਰਿਹਾ
ਕੱਲ੍ਹ ਤੇਰੇ ਨਾਲ ਹੋਵੇਗਾ ਲੜਨਾ
ਅਸੀਂ ਮਿੱਟੀ 'ਚ ਹਾਂ
ਮਿੱਟੀ ਸਾਡੇ 'ਚ ਹੈ
ਜਦੋਂ ਸ਼ਹਿਰ ਜਲ਼ ਰਿਹਾ ਸੀ
ਮੈਂ ਇਥੇ ਹੀ ਸਾਂ...

## ਧੰਨਭਾਗ/ਡਾ. ਕੁਲਦੀਪ ਸਿੰਘ ਦੀਪ

ਧੰਨਭਾਗ
ਤੁਸੀਂ ਜਿੰਦਾ ਹੋ ਅਜੇ
ਸ਼ਾਇਦ ਇਸ ਲਈ
ਕਿ ਤੁਸੀਂ ਘਰਾਂ 'ਚੋਂ ਬਾਹਰ ਨਹੀਂ ਨਿਕਲੇ ਅਜੇ
ਕਿ ਤੁਸੀਂ ਝੀਤਾਂ ਰਾਹੀਂ ਤੱਕ ਰਹੇ ਹੋ ਅਜੇ
ਕਿ ਤੁਸੀਂ ਬੁੱਲ੍ਹ ਸੀਤੇ ਹੋਏ ਨੇ ਅਜੇ
ਇਸੇ ਲਈ
ਤੁਸੀਂ ਜਿੰਦਾ ਹੋ ਅਜੇ
ਪਰ ਸੋਚੋ
ਜੇ ਤੁਸੀਂ ਜੀਭ ਦੇ ਹੁੰਦੇ ਹੋਏ ਵੀ
ਬੋਲੇ ਨਹੀਂ
ਅੱਖਾਂ ਦੇ ਹੁੰਦੇ ਹੋਏ ਵੀ
ਤੱਕਿਆ ਨਹੀਂ
ਪੈਰਾਂ ਦੇ ਹੁੰਦੇ ਹੋਏ ਵੀ
ਤੁਰੇ ਨਹੀਂ
ਕੀ ਸੱਚਮੁਚ ਜਿੰਦਾ ਹੋ ?
ਜੇ ਹੋ ਤਾਂ ਕਦ ਤਕ ?
ਉਂਞ ਤੁਸੀਂ ਮੈਨੂੰ
ਉਹਨਾਂ ਦੇ ਰਿਸ਼ਤੇਦਾਰ ਨਹੀਂ ਲੱਗਦੇ
ਜੇ ਸੱਚਮੁਚ ਰਿਸ਼ਤੇਦਾਰ ਹੋ
ਤਾਂ ਜਲਾਦ ਹੋ ਤੁਸੀਂ....
ਹੁਣ ਸੋਚੋ
ਤੁਸੀਂ ਜਲਾਦ ਹੋ ?
ਜਿਊਂਦੇ ਹੋ ?
ਜਾਂ ਮਰੇ ਹੋਏ ਹੋ ?
ਕਿਉਂਕਿ
ਇਹਨਾਂ ਤਿੰਨਾਂ ਤੋਂ
ਬਿਨਾਂ
ਹੋਰ ਕੋਈ ਆਪਸ਼ਨ ਹੀ ਨਹੀਂ ਹੈ.....
***

## ਕਵਿਤਾ/ਬਖਤਾਵਰ ਸਿੰਘ ਧਾਲੀਵਾਲ

ਤੂੰ ਪਾੜ ਦੇ ਮੇਰੀ ਸਾਰੀ ਕਵਿਤਾ,
ਜੋ ਤੇਰੇ ਅੰਦਰ ਮੇਰੇ ਪ੍ਰਤੀ ਭਰਮ
ਸਿਰਜਦੀ ਹੈ।
ਮੈਂ ਵੱਡਾ ਕਵੀ ਹਾਂ,
ਸਰਕਾਰੇ ਦਰਬਾਰੇ,
ਜਾਣਿਆ ਸਨਮਾਨਿਆਂ ਜਾਂਦਾ ਹਾਂ।
ਜੇ ਕਵਿਤਾ ਚੁੱਪ ਦੀ ਜ਼ੁਬਾਨ ਨਹੀਂ ਬਣਦੀ,
ਜੇ ਕਵਿਤਾ ਸਾਨੂੰ ਯੁੱਧ ਤੱਕ ਲੈ ਕੇ ਨਹੀਂ ਜਾ ਸਕਦੀ,
ਜੇਕਰ ਕਵਿਤਾ ਸਾਨੂੰ ਮਰਨ ਤੇ ਜਿਊਣ ਦੇ
ਅਰਥ ਨਹੀਂ ਸਮਝਾ ਸਕਦੀ।
ਫਿਰ ਕਿਉਂ ਤੂੰ ਇਸ ਨੂੰ ਪੰਨਿਆਂ ਤੋਂ ਅਗਾਂਹ
ਯਾਦਾਂ ਦੇ ਕੋਨੇ 'ਚ ਸਾਂਭ ਰੱਖਿਆ ਹੈ।
ਕਵਿਤਾ ਸਿਰਫ ਖੰਡੇ ਦੀ ਧਾਰ ਤੇ ਤੁਰਨ ਵਾਲੀ ਹੀ ਨਹੀਂ,
ਖੰਡਾ ਵੀ ਹੋਣੀ ਚਾਹੀਦੀ ਹੈ।
ਜੋ ਕਵਿਤਾ ਵਹਿੰਦੇ, ਵਹਿਣ ਸੰਗ ਵਹਿ
ਜਾਂਦੀ ਹੈ।
ਚਲਦੀ ਹਵਾ ਨਾਲ ਹੋ ਤੁਰਦੀ ਹੈ।
ਉਹ ਮਹਿਜ਼ ਸ਼ੁਗਲ ਤਾਂ ਹੋ ਸਕਦਾ ਹੈ,
ਪਰ ਕਵਿਤਾ ਨਹੀਂ।
ਜੇ ਕਵਿਤਾ ਤਖ਼ਤ ਦੇ ਪਾਵਿਆਂ ਦੀ ਖੈਰ ਸੁੱਖ 'ਚ ਮਸ਼ਰੂਫ ਹੋ ਜਾਵੇ,
ਉਹ ਸ਼ਾਹੀ ਦਰਬਾਰ ਦੀ ਸ਼ਾਨ ਤਾਂ ਹੋ ਸਕਦੀ ਹੈ।
ਪਰ ਕਵਿਤਾ ਨਹੀਂ।

***

## ਬੱਚੇ, ਫੁੱਲ, ਤਿੱਤਲੀਆਂ/ਸਤਪਾਲ ਭੀਖੀ

ਜਿੱਥੇ
ਬੱਚੇ ਕਾਗਜ਼ ਦੇ ਜਹਾਜ਼ ਬਣਾ-ਉਡਾ
ਦੌੜ ਰਹੇ ਸਨ ਜਹਾਜ਼ਾਂ ਦੇ ਪਿੱਛੇ ਪਿੱਛੇ
ਕਿਸ਼ਤੀਆਂ ਬਣਾ
ਠੇਲ ਰਹੇ ਸਨ ਪਾਣੀਆਂ ਵਿਚ
'ਤੇ ਫੁੱਲਾਂ 'ਤੇ ਉੱਡਦੀਆਂ ਤਿੱਤਲੀਆਂ ਨੂੰ

ਫੜਨ 'ਚ ਮਸ਼ਰੂਫ ਸਨ
ਉੱਥੇ
ਫ਼ੌਜੀ ਬੂਟਾਂ ਦੀ ਟਾਪ ਸੁਣਾਈ ਦਿੰਦੀ ਹੈ
ਜ਼ਹਿਰ ਉਗਲਦੇ ਨਾਅਰੇ ਗੂੰਜ ਰਹੇ ਨੇ

ਘਰਾਂ 'ਚ ਬੰਦ ਬੱਚਿਆਂ ਦੇ
ਟੀਵੀ ਤੋਂ ਕਾਰਟੂਨ
ਉਡਾ ਦਿੱਤੇ ਗਏ ਨੇ

ਬੱਚੇ ਸਕਰੀਨ 'ਤੇ
ਦੇਖ ਰਹੇ ਉਹ ਚਿਹਰਾ
ਜਿਸ ਦੀ ਜੈ ਜੈ ਕਾਰ
ਅਕਸਰ ਕਰਦੇ ਸਨ ਲੋਕ

ਉਹ ਪੁਰਸ਼
ਇਕ ਉੱਚੇ ਲੰਬੇ, ਚਿੱਟੇ ਅਮਰੀਕੀ
ਤੇ ਬਿੱਲੀ ਅੱਖੀਏ ਪੁਰਸ਼ ਨੂੰ
ਫੁੱਲ ਭੇਂਟ ਕਰ ਰਿਹਾ ਹੈ

ਇਕ ਕੱਦ ਦਿਓ ਜਿੱਡਾ
ਹੋਰ ਵਧ ਰਿਹਾ
ਇਕ ਛਾਤੀ ਚੌੜੀ-ਚੌੜੀ
ਹੋਰ ਚੌੜੀ ਹੋ ਰਹੀ

ਜਹਾਜ਼ਾਂ
ਪਣਡੁੱਬੀਆਂ
ਕਿਸ਼ਤੀਆਂ ਦੀਆਂ ਗੱਲਾਂ ਹੋ ਰਹੀਆਂ ਨੇ

ਕਮਰਿਆਂ 'ਚ ਬੰਦ ਬੱਚੇ
ਟੀ ਵੀ ਦੇਖਦੇ
ਸੋਚ ਰਹੇ ਨੇ
'ਕਿੱਥੇ ਗਏ ਸਾਡੇ ਕਾਗਜ਼ ਦੇ ਜਹਾਜ਼
ਤੈਰਦੀਆਂ ਕਿਸ਼ਤੀਆਂ
ਫੁੱਲ, ਤਿੱਤਲੀਆਂ
ਤੇ ਖੁੱਲ੍ਹਾ ਆਕਾਸ਼!'
✶✶✶

## ਅਮਰੀਕੀ ਪੰਜਾਬੀ ਕਵਿਤਾ
**(ਭਾਗ ਦੂਜਾ)**
**ਸੁਖਵਿੰਦਰ ਕੰਬੋਜ, ਰਵਿੰਦਰ ਸਹਰਾਅ, ਕੁਲਵਿੰਦਰ (ਸੰਪਾ:)**
**ਸਪਰੋਡ ਪਬਲੀਕੇਸ਼ਨ, ਪਟਿਆਲਾ**

ਅਮਰੀਕਾ ਵਾਸੀ ਪਰਵਾਸੀ ਪ੍ਰਮੁੱਖ ਤਿੰਨ ਕਵੀਆਂ ਦਾ ਇਹ ਸਮੂਹਿਕ ਯਤਨ ਮਹੱਤਵਪੂਰਨ ਹੈ। ਇਸ ਪੁਸਤਕ ਵਿਚ 59 ਕਵੀਆਂ ਦੀਆਂ ਰਚਨਾਵਾਂ ਦਰਜ ਹਨ। ਇਸ ਵਿਚ ਨਾ ਇਕ ਕਵੀ ਦੀਆਂ ਕਵਿਤਾਵਾਂ ਦੀ ਗਿਣਤੀ ਦਾ ਕੋਈ ਨਿਯਮਬੱਧ ਫਾਰਮੂਲਾ ਹੈ ਅਤੇ ਨਾ ਹੀ ਕਵਿਤਾ ਦੀ ਵੰਨਗੀ ਦਾ। ਇਸ ਵਿਚ ਇਕ ਕਵਿਤਾ ਤੋਂ ਲੈ ਕੇ ਚਾਰ ਪੰਜ ਰਚਨਾਵਾਂ ਦਾ ਕੋਈ ਬੰਧੇਜ ਨਹੀਂ ਨਾ ਹੀ ਨਜ਼ਮ, ਨਸਰ ਜਾਂ ਗ਼ਜ਼ਲ ਦਾ ਕੋਈ ਭੇਦ ਹੈ। ਕਵਿਤਾਵਾਂ ਅਮਰੀਕਾ ਵਿਚ ਰਹਿ ਰਹੇ ਕਵੀਆਂ ਦੇ ਵਿਚਾਰਾਂ ਦੀ ਗਹਿਰਾਈ ਅਤੇ ਕਲਪਨਾ ਦੀ ਉੱਚੀ ਉਡਾਣ ਦੀਆਂ ਝਲਕਾਂ ਮੌਜੂਦ ਹਨ। ਇਹ ਕਵਿਤਾਵਾਂ ਵਿਅਕਤੀ ਤੋਂ ਸਮੂਹ ਅਰਥਾਤ ਨਿੱਜ ਤੋਂ ਬ੍ਰਹਿਮੰਡ ਤਕ ਫੈਲਦੀਆਂ ਹਨ। ਅਸਲ ਵਿਚ ਇਹ ਕਵਿਤਾ ਪਿਛਲੇ ਦੋ ਦਹਾਕਿਆਂ ਦੇ ਅਮਰੀਕੀ ਸਮਾਜ ਤੋਂ ਲੈ ਕੇ ਵਿਅਕਤੀ ਦੀ ਪਰਵਾਸੀ ਚੇਤਨਾ ਦੀ ਪੀੜਾ ਦੇ ਵੱਖ-ਵੱਖ ਪਾਸਾਰਾਂ ਨੂੰ ਪੇਸ਼ ਕਰਦੀ ਹੈ। ਸੰਪਾਦਨਾ ਦਾ ਇਹ ਯਤਨ ਇਸ ਕਰਕੇ ਨਿਵੇਕਲਾ ਹੈ ਕਿਉਂਕਿ ਇਹ ਤਿੰਨੇ ਅਮਰੀਕੀ ਪਰਵਾਸੀ ਹੀ ਨਹੀਂ, ਪੰਜਾਬੀ ਸਮਾਜ ਦੇ ਪ੍ਰਮੁੱਖ ਕਵੀ ਵੀ ਹਨ। ਇਨ੍ਹਾਂ ਵਿਚ ਪਹਿਲੇ ਦੋ ਤਾਂ ਪ੍ਰਗਤੀਵਾਦੀ ਧਾਰਾ ਨਾਲ ਜੁੜੇ ਪ੍ਰਤੀਨਿਧ ਕਵੀ ਹਨ। ਇਸ ਤਰ੍ਹਾਂ ਇਹ ਅਮਰੀਕੀ ਕਾਵਿ-ਧਾਰਾ ਦਾ ਦੂਜਾ ਭਾਗ ਅਮਰੀਕੀ ਪੰਜਾਬੀ ਕਾਵਿ ਨੂੰ ਸਮਝਣ ਦਾ ਜ਼ਰੀਆ ਹੈ।

## ਜ਼ਰਖ਼ੇਜ
**(ਨਾਵਲ)**
**ਭਗਵੰਤ ਰਸੂਲਪੁਰੀ, ਪਰਵਾਜ ਪ੍ਰਕਾਸ਼ਨ, ਜਲੰਧਰ**

ਭਗਵੰਤ ਰਸੂਲਪੁਰੀ ਕਹਾਣੀ ਦੇ ਖੇਤਰ ਵਿਚ ਜਾਣਿਆ-ਪਛਾਣਿਆਂ ਨਾਂ ਹੈ। 'ਮੈਂ, ਸ਼ੈਤਾਨ ਅਤੇ ਇੰਦੂਮਣੀ' ਨਾਲ ਉਹ ਚਰਚਾ ਵਿਚ ਆ ਗਿਆ ਸੀ। ਉਸ ਤੋਂ ਬਾਅਦ ਉਹ ਲਗਾਤਾਰ ਪਾਠਕਾਂ ਵਿਚ ਆਪਣੀ ਪੈਂਠ ਸਥਾਪਿਤ ਕਰਦਾ ਗਿਆ ਅਤੇ ਫਿਰ ਦਲਿਤ ਮੁਕਤੀ ਮਾਡਲ ਨਾਲ ਜੁੜੀ ਸੰਵਾਦੀ ਕਹਾਣੀ ਦਾ ਵਾਹਕ ਬਣ ਗਿਆ। ਉਸ ਦੀਆਂ ਕਹਾਣੀਆਂ ਅਨੁਭਵਮੁਖਤਾ ਦੁਆਲੇ ਘੁੰਮਣ ਕਰਕੇ ਉਹ ਦਲਿਤ ਕਹਾਣੀਕਾਰ ਸਥਾਪਿਤ ਹੋ ਗਿਆ। ਹੁਣ ਉਸ ਦਾ ਨਾਵਲ 'ਜ਼ਰਖ਼ੇਜ' ਸਾਹਮਣੇ ਆਇਆ ਹੈ। ਇਹ ਨਾਵਲ ਥੁੜ-ਚਿਰੀ ਪਰਵਾਸ ਅਤੇ ਰੁਜ਼ਗਾਰ ਦੇ ਨਾਂ ਉੱਤੇ ਸਥਾਈ ਪਰਵਾਸ ਦੁਆਰਾ ਕੀਤੇ ਸ਼ੋਸਣ ਦਾ ਗਲਪੀ ਚਿੱਤਰ ਹੈ। ਇਹ ਨਾਵਲ ਵੀ ਰਸੂਲਪੁਰੀ ਦੇ ਅਨੁਭਵ ਦੀ ਸਾਧਾਰਨ ਪੇਸ਼ਕਾਰੀ ਹੈ। ਨਾਵਲੀ ਘਟਨਾਵਾਂ ਇਤਿਹਾਸਕ ਅੰਤਰਾਲ ਅਤੇ ਪਾਤਰ ਵਸੀਹੀਕਰਨ ਦਾ ਮਾਧਿਅਮ ਹੁੰਦੇ ਹਨ। ਡਾਕਟਰ ਪਾਤਰ ਪੰਜਾਬ ਵਿਚ ਇਲਾਜ ਕਰਨ ਦੇ ਪੇਸ਼ੇ ਨਾਲ ਜੁੜਿਆ ਹੋਇਆ ਹੈ। ਉਹ ਆਪਣੇ ਪੁੱਤਰ ਲਈ ਫ਼ੀਸ ਦਾ ਜਗਾੜ ਕਰਨ ਲਈ ਬਾਗਾਂ ਵਿਚ ਕੰਮ ਕਰਦਾ ਹੈ। ਬਾਗਬਾਨੀ ਦੇ ਛੋਟੇ-ਛੋਟੇ ਵੇਰਵੇ ਨਾਵਲ

ਦੇ ਕੈਨਵਸ ਉੱਤੇ ਫੈਲੇ ਹੋਏ ਹਨ। ਅਸਥਾਈ ਪਰਵਾਸ ਦੀ ਅਲਾਮਤ ਹੀ ਸ਼ੋਸ਼ਣ ਦਾ ਅਧਾਰ ਬਣਦੀ ਹੈ। ਭਾਰਤ ਤੋਂ ਮਹਿੰਗੀ ਪੜ੍ਹਾਈ ਕਰਨ ਦੇ ਕਾਰਨ ਨਾਵਲੀ ਬਿਰਤਾਂਤ ਵਿਚੋਂ ਗੁੰਮ ਹਨ। ਖੇਤਰ ਨਵਾਂ ਹੋਣ ਕਰਕੇ ਵਖਰੇਵਾਂ ਇਸ ਨਾਵਲ ਦਾ 'ਗਿਰ ਰਿਹਾ ਗਰਾਫ' ਨਾਵਲ ਵਾਂਗ ਵੱਖਰੀ ਪਛਾਣ ਦਾ ਹੈ।

**ਸਮਕਾਲ ਤੇ ਪਰਵਾਸ**
**(ਅਮਰੀਕੀ ਪੰਜਾਬੀ ਕਹਾਣੀ-ਸੰਗ੍ਰਹਿ)**
**ਸੁਰਿੰਦਰ ਸੋਹਲ, ਹਰਜਿੰਦਰ ਪੰਧੇਰ, ਹਰਮਿੰਦਰ ਚਹਿਲ,**
**ਲੋਕ ਗੀਤ ਪ੍ਰਕਾਸ਼ਨ, ਮੋਹਾਲੀ**

ਇਹ ਕਹਾਣੀ ਸੰਗ੍ਰਹਿ ਸੰਪਾਦਕੀ ਮੰਡਲ ਦੁਆਰਾ ਸੰਪਾਦਤ ਕੀਤਾ ਹੋਇਆ ਹੈ। ਇਹ ਤਿੰਨ ਸੱਜਣ ਹਨ, ਇਸ ਲਈ ਸੰਪਾਦਕੀ ਜਿੰਮੇਵਾਰੀ ਸਾਂਝੀ ਹੈ। ਤਿੰਨ ਇਸ ਦੇ ਸਨਕਦਾਰ ਹਨ। ਸਮਕਾਲ ਤੇ ਪਰਵਾਸ ਇਸ ਪੁਸਤਕ ਦਾ ਸਿਰਲੇਖ ਹੈ। ਸਮਕਾਲ ਨਾਲ ਕਿਸੇ ਸਨਦ ਦਾ ਕੋਈ ਸਬੰਧ ਨਹੀਂ। ਉਹ ਪਰਵਾਸ ਵਿਚ ਪਹੁੰਚਣ, ਵਸਣ ਅਤੇ ਉਥੇ ਦੇ ਦਹਾਕੇ ਪੁਰਾਣੇ ਅਨੁਭਵ ਪੰਜਾਬੀ ਕਹਾਣੀ ਦੀ ਵਸਤ ਬਣਦੇ ਆ ਰਹੇ ਹਨ। ਸਮਕਾਲੀ ਅਮਰੀਕੀ ਸਮਾਜ ਦੇ ਵੇਰਵੇ ਸਿਰਫ਼ ਰਵੀ ਸ਼ੇਰਗਿੱਲ ਦੀ ਕਹਾਣੀ 'ਚੋਂ ਹੀ ਉਭਰਦੇ ਹਨ। ਇਸ ਵਿਚ ਅਮਰੀਕਾ ਵਿਚ ਪਲ ਰਿਹਾ ਉਤਰ ਸੱਚ ਅਤੇ ਬੰਦੂਕ ਸਭਿਆਚਾਰ ਦਾ ਵਰਤਾਰਾ ਕਹਾਣੀ ਦੀ ਵਸਤ ਬਣਿਆ ਹੈ। ਇਸ ਸਥਿਤੀ ਨੇ ਪ੍ਰਕਿਤਕ ਪ੍ਰਤੱਖਣ ਨੂੰ ਕਿਵੇਂ ਪ੍ਰਭਾਵਿਤ ਕੀਤਾ ਹੈ, ਇਸ ਦਾ ਤਰਕਸ਼ੀਲ ਚਿੱਤਰ ਕਹਾਣੀ 'ਚ ਉਭਰਦਾ ਹੈ। ਪਹੁ-ਫੁਟਾਲਾ ਦਾ ਵਿਸ਼ਾ ਬਹੁਤ ਪੁਰਾਣਾ ਹੈ। ਇਹੀ ਸਥਿਤੀ ਜਦੋਂ ਗੁਰੂਤਾ ਖਿੱਚ 'ਚ ਮੁੱਕਦੀ ਹੈ, ਪਰਵਾਸ ਧਾਰਨ ਕਰਨ ਦਾ ਪੁਰਾਣਾ ਰੋਣਾ ਹੈ। ਬਲਦੇਵ ਸਿੰਘ ਗਰੇਵਾਲ ਦੀ ਵਾਪਸੀ ਹਰਜਿੰਦਰ ਪੰਧੇਰ ਦੀ ਚਾਨਣ ਪੜੀਆਂ ਜਾ ਸਕਦੀਆਂ ਹਨ। ਰਾਣੀ ਨਗਿੰਦਰ ਦੀ ਕਹਾਣੀ ਔਨ ਲਾਈਨ ਰੁਮਾਂਸ, ਦੀ ਸਮਕਾਲ ਵਿਚ ਨੈਤਿਕਤਾ ਪ੍ਰਤਿਮਾਨਾਂ ਵੱਲ ਇਸ਼ਾਰਾ ਕਰਦੀ ਹੈ। ਬਾਕੀ ਕਹਾਣੀਆਂ ਬਹੁਤ ਸਾਧਾਰਨ ਹਨ। ਜਿਲਦ ਅਤੇ ਛਪਾਈ ਚੰਗੀ ਹੈ। ਲਗੇ ਰਹੋ ਮੁਨਾਂ ਬਾਈ, ਕੁਝ ਤਾਂ ਹੋ ਰਿਹਾ ਹੈ।

**ਸੁਲਗਦੀ ਅੱਗ**
**(ਨਾਵਲ)**
**ਨਕਸ਼ਦੀਪ ਪੰਜਕੋਹਾ, ਕੇ.ਜੀ. ਗ੍ਰਾਫਿਕਸ, ਅੰਮ੍ਰਿਤਸਰ**

ਨਕਸ਼ਦੀਪ ਪੰਜਕੋਹਾ ਦੀ ਸੱਤਵੀਂ ਕਿਰਤ ਹੈ। ਇਹ ਨਾਵਲ ਬਦਲੇ ਦੀ ਅੱਗ ਅਤੇ ਸਥਿਤੀਆਂ ਵਿਚਲੀ ਬਦਲੀ ਹੋਈ ਸਥਿਤੀ ਦੀ ਗਾਥਾ ਹੈ। ਬਦਲਾ ਲੈਣਾ ਕਿਸਾਨੀ ਸਮਾਜ ਦਾ ਅਵਚੇਤਨ ਹੈ। ਗੁਰਲੀਨ ਇਸੇ ਬਦਲੇ ਦੀ ਅੱਗ ਵਿਚ ਸੜਦਾ ਹੈ। ਉਸ ਦਾ ਸਕਾ ਤਾਇਆ ਜੋ ਥਾਣੇਦਾਰ ਸੀ, ਜ਼ਮੀਨ ਕਰਕੇ ਆਪਣੇ ਸਕੇ ਭਰਾ ਅਤੇ ਗੁਰਲੀਨ ਦੇ ਪਿਉ, ਮਾਂ, ਭਰਾ ਅਤੇ ਭੈਣ ਦਾ ਕਤਲ ਕਰ ਦਿੰਦਾ ਹੈ। ਗੁਰਲੀਨ ਇਸ ਹਮਲੇ ਵਿਚ ਬਚ ਜਾਂਦਾ ਹੈ। ਗੁਰਲੀਨ ਬੰਬਈ ਪੜ੍ਹਦਾ ਹੈ ਅਤੇ ਆਪਣੇ ਪਰਿਵਾਰ ਦੇ ਕਤਲ ਦਾ ਬਦਲਾ ਲੈਣਾ ਜ਼ਿੰਦਗੀ ਦਾ ਮਨੋਰਥ ਬਣਾ ਲੈਂਦਾ ਹੈ। ਇਸ ਲਈ ਉਹ ਤਰਨਜੀਤ ਦੀ ਮੁਹੱਬਤ ਨੂੰ ਸਥਿਤੀਆਂ ਵੱਸ ਛੱਡ ਦਿੰਦਾ ਹੈ।

ਤਰਨਜੀਤ, ਉਸ ਦੀ ਅਮਰੀਕਾ ਰਹਿੰਦੀ ਭੈਣ ਉਸ ਨੂੰ ਬਦਲੇ ਦੀ ਭਾਵਨਾ ਤੋਂ ਮੁਕਤ ਕਰਨਾ ਚਾਹੁੰਦੀ ਹੈ। ਅਮਰੀਕਾ ਰਹਿੰਦਾ ਹੋਇਆਂ ਉਹ ਪਹਿਲਾਂ ਕੈਡਿਸ ਦੇ ਸੰਪਰਕ ਵਿਚ ਆਉਂਦਾ ਹੈ ਬਾਅਦ ਵਿਚ ਸਵਿੰਦਰ ਨਾਲ ਵਿਆਹ ਕਰਾ ਕੇ ਦੋ ਧੀਆਂ ਦਾ ਪਿਉ ਬਣ ਜਾਂਦਾ ਹੈ। ਹੌਲੀ-ਹੌਲੀ ਉਸ ਅੰਦਰ ਪਰਿਵਾਰ ਪ੍ਰਤੀ ਜ਼ਿੰਮੇਵਾਰੀ ਦੀ ਭਾਵਨਾ ਪ੍ਰਬਲ ਹੋਣ ਲੱਗਦੀ ਹੈ। ਮੋਰੀਨ ਉਸ ਨੂੰ ਮੁਆਫ਼ ਕਰਨ ਦੀ ਸਿੱਖਿਆ ਦਿੰਦੀ ਹੈ। ਇਨ੍ਹਾਂ ਸਥਿਤੀਆਂ ਵਿਚ ਘਿਰਿਆ ਹੋਇਆ ਉਹ ਪੰਜਾਬ ਵਿਚ ਆਪਣੇ ਸਹੁਰੇ ਦੀ ਮੌਤ ਦਾ ਅਫਸੋਸ ਕਰਨ ਆਉਂਦਾ ਹੈ। ਇਸ ਸਮੇਂ ਦੌਰਾਨ ਤਾਇਆ ਥਾਣੇਦਾਰ ਹੁਣ ਸਿਹਤ ਪੱਖੋਂ ਬਹੁਤ ਕਮਜ਼ੋਰ ਹੋ ਚੁੱਕਾ ਸੀ। ਆਪਣੇ ਪਿੰਡ ਦੇ ਸਰਪੰਚ ਦੇ ਘਰ ਆਪਣੇ ਤਾਏ ਦੇ ਥੱਪੜ ਮਾਰ ਕੇ ਅੰਦਰੋਂ ਸ਼ਾਂਤ ਹੋ ਜਾਂਦਾ ਹੈ। ਪੰਜਾਬੀ ਸ਼ੈਲੀ ਵਿਚ ਲਿਖੇ ਨਾਵਲ ਦਾ ਅੰਤ ਬਦਲੇ ਦੀ ਭਾਵਨਾ ਤੋਂ ਮੁਕਤ ਸੁਖਾਂਤਕ ਰੂਪ ਵਿਚ ਹੁੰਦਾ ਹੈ। ਨਾਵਲ ਦੀ ਬਣਤਰ ਪਰਿਵਾਰਕ ਪੈਰਾਡਾਇਮ ਉੱਤੇ ਢਲੀ ਹੋਈ ਹੈ। ਨਾਵਲ ਵਿਚ ਪੜ੍ਹਨਯੋਗਤਾ ਹੈ।

**ਲੇਖਕ, ਲਿਖਤ ਤੇ ਵਿਚਾਰਧਾਰਾ**

**(ਚਿੰਤਨ)**

**ਬਲਬੀਰ ਪਰਵਾਨਾ, ਲੋਕ ਗੀਤ ਪ੍ਰਕਾਸ਼ਨ, ਮੋਹਾਲੀ**

ਬਲਬੀਰ ਪਰਵਾਨਾ ਬਹੁਤਾ ਲਿਖਣ ਵਾਲਾ ਲੇਖਕ ਹੈ। ਉਹ ਕਈ ਵਾਰੀ ਸਾਹਿਤਕ ਕਾਮਾ ਲਗਦਾ ਹੈ। ਕਵਿਤਾ, ਮਿੰਨੀ ਕਹਾਣੀ, ਨਾਵਲਿਟ, ਕਹਾਣੀ, ਨਾਵਲ ਲਿਖੀ ਜਾ ਰਿਹਾ ਹੈ। ਅਨੁਵਾਦ ਵੀ ਕਰਦਾ ਹੈ। ਉਹ ਵਧੀਆ ਬੁਲਾਰਾ ਅਤੇ ਸਾਹਿਤ ਸੰਵਾਦ ਵੀ ਰਚਾਉਂਦਾ ਹੈ। ਹਰ ਸਮੇਂ ਸਿੱਖਣ ਅਤੇ ਲਿਖਣ ਦੇ ਅਮਲ ਵਿਚ ਲੱਗਾ ਰਹਿੰਦਾ ਹੈ। ਆਪਣੀਆਂ ਲਿਖਤਾਂ ਦੇ ਉਦੇਸ਼ ਪ੍ਰਤੀ ਸਪਸ਼ਟ ਹੈ। ਇਹ ਪੁਸਤਕ ਉਸ ਦੇ ਸਿਰਜਣੀ ਵਰਤਾਰੇ ਨੂੰ ਸਮਝਣ ਦਾ ਵਧੀਆ ਦਸਤਾਵੇਜ਼ ਹੈ। ਇਸ ਦੇ ਤਿੰਨ ਭਾਗ ਹਨ। ਪਹਿਲਾ ਸਿਰਜਣਾ ਦ੍ਰਿਸ਼ਟੀ, ਦੂਜਾ ਸਿਰਜਣ ਪ੍ਰਕਿਰਿਆ ਅਤੇ ਤੀਜਾ ਸਿਰਜਣਾਤਮਕ ਅਧਾਰ ਹੈ। ਇਸ ਵਿਚ ਉਹ ਜੀਵਨਮੂਲਕ ਵੇਰਵੇ ਹਨ ਜਿਹੜੇ ਪਰਵਾਨਾ ਦੇ ਸਿਰਜਣੀ ਅਮਲ ਦੇ ਪ੍ਰੇਰਕ ਹਨ। ਇਸ ਵਿਚ ਵੱਖ-ਵੱਖ ਝਲਕੀਆਂ ਹਨ ਜਿਵੇਂ ਪਰਿਵਾਰਕ ਪਿਛੋਕੜ, ਆਲਾ-ਦੁਆਲਾ, ਰਾਜਸੀ ਲਹਿਰਾਂ, ਜੀਵਨ ਨੂੰ ਪ੍ਰਭਾਵਿਤ ਕਰਨ ਵਾਲੇ ਸਾਧਾਰਨ ਪ੍ਰੰਤੂ ਪ੍ਰਮੁੱਖ ਵੇਰਵੇ। ਲਿਖਣ ਦਾ ਉਦੇਸ਼, ਪਾਤਰਾਂ ਦੇ ਉਹ ਵਾਸਤਵਿਕ ਵੇਰਵੇ ਜਿਹੜੇ ਰਚਨਾਕਾਰੀ ਵਿਚ ਪੈ ਕੇ ਪਾਤਰ ਬਣਦੇ ਹਨ, ਨਾਵਲ ਅਤੇ ਕਹਾਣੀ ਬਾਰੇ ਖੁੱਲ੍ਹ ਕੇ ਪ੍ਰੰਤੂ ਵਿਵੇਕਪੂਰਨ ਗੱਲਾਂ ਕੀਤੀਆਂ ਹਨ। ਦੋ ਮੁਲਾਕਾਤਾਂ ਬਹੁਤ ਮਹੱਤਵਪੂਰਨ ਹਨ। ਦੋਵੇਂ ਮੁਲਾਕਾਤੀਆਂ ਨੇ ਪੜ੍ਹ ਅਤੇ ਸਮਝ ਕੇ ਸੰਵਾਦ ਰੂਪੀ ਮੁਲਾਕਾਤਾਂ ਕੀਤੀਆਂ ਹਨ। ਪਰਵਾਨੇ ਨੂੰ ਪੜ੍ਹਨ ਅਤੇ ਉਸ ਉੱਤੇ ਖੋਜ ਕਰਨ ਵਾਲਿਆਂ ਲਈ ਇਹ ਪੁਸਤਕ ਮਹੱਤਵਪੂਰਨ ਹੈ। ਇਹ ਪਰੰਪਰਾ ਬਣਨੀ ਚਾਹੀਦੀ ਹੈ। ਇਸ ਵਿਚ ਅਸਲ ਵਿਚ ਸਵੈ-ਜੀਵਨੀ ਅੰਸ਼ ਹਨ ਜਿਹੜੇ ਚਿੰਤਨ ਦੇ ਦਬਾਅ ਥੱਲੇ ਹਨ। ਪਰ ਮੁਆਫੀ ਹੈ ਕਿਉਂਕਿ ਇਹ ਸਵੈ-ਜੀਵਨੀ ਨਹੀਂ, ਸਾਹਿਤ ਅਤੇ ਲੇਖਕ ਨੂੰ ਸਮਝਣ ਵਿਚ ਸਹਾਈ ਹੈ।

**ਤਸੀਹੇ ਕਦੇ ਬੁੱਢੇ ਨਹੀਂ ਹੁੰਦੇ**

**(ਨਾਵਲ)**

**ਦੇਸ ਰਾਜ ਕਾਲੀ, ਦੀਪਕ ਪਬਲੀਸ਼ਰਜ਼, ਜਲੰਧਰ**

ਕਾਲੀ ਪੱਤਰਕਾਰ ਹੈ, ਕਹਾਣੀਕਾਰ ਹੈ ਅਤੇ ਹੁਣ ਨਾਵਲ ਲਿਖਦਾ ਹੈ। ਉਹ ਜ਼ਿੰਦਗੀ ਅਤੇ ਲਿਖਤ 'ਚ ਤਜ਼ਰਬੇ ਕਰਦਾ ਹੈ। ਪੰਜਾਬੀ ਨਾਵਲ ਦੇ ਮੁੱਖ ਵਹਿਣ ਤੋਂ ਹਟ ਕੇ ਤੁਰਦਾ ਹੈ। ਆਪਦਾ ਪ੍ਰਚਾਰ ਆਪੇ ਕਰੀ ਜਾਂਦਾ ਹੈ। ਕਾਲੀ ਦੇ ਨਾਵਲ ਪੜ੍ਹਦੇ-ਪੜ੍ਹਦੇ ਠਹਿਰਨਾ ਪੈਂਦਾ ਹੈ। ਸਾਡਾ ਸਮਕਾਲੀ ਚਿੰਤਨ ਅਤੇ ਲੇਖਕ ਕਾਹਲੀ ਦਾ ਮਾਰਿਆ ਹੋਇਆ ਹੈ। ਹੱਥਲਾ ਨਾਵਲ ਨਾਵਲੀ ਪਰੰਪਰਾਗਤ ਬਿਰਤਾਂਤ ਵਿਧੀ ਤੋਂ ਵੱਖਰਾ ਹੈ। ਨਾਵਲੀ ਵਰਤਾਰੇ ਨੂੰ ਸਮਝਣ ਦੀ ਚੇਸ਼ਟਾ ਹੈ। ਵਾਸਤਵਿਕ ਜੀਵਨ ਲੇਖਕ ਦੇ ਆਸ ਪਾਸ ਫੈਲਿਆ ਹੋਇਆ ਹੈ। ਇਹ ਘਟਨਾਵਾਂ ਗਲਪ ਦੀਆਂ ਪ੍ਰੇਰਕ ਹਨ। ਸੰਜ਼ਮੀ ਸ਼ੈਲੀ ਔਖਾ ਕਾਰਜ ਹੈ, ਪ੍ਰੰਤੂ ਇਸ ਨੂੰ ਬਹੁ-ਪਰਤੀ ਬਣਾਉਣਾ ਹੋਰ ਵੀ ਔਖਾ ਹੈ। ਕਾਫੀ ਇਸ ਤੋਂ ਪਿਛੇ ਰਹਿ ਗਿਆ। ਉਹ ਸਮਾਜਿਕ ਵਰਤਾਰੇ ਚੋਂ ਤਸੀਹੇ ਤਲਾਸ਼ਦਾ ਹੈ ਜਿਹੜੇ ਮਨੁੱਖੀ ਜੀਵਨ ਨੂੰ ਗਤੀ ਨਹੀਂ ਦਿੰਦੇ ਸਗੋਂ ਪੀੜਾ ਦਾ ਅਹਿਸਾਸ ਵੀ ਕਰਾਉਂਦੇ ਹਨ। ਇਹ ਤਸੀਹੇ ਪੰਜਾਬ ਸੰਕਟ, ਹਾਸ਼ੀਆਗਤ ਧਿਰਾਂ (ਦਲਿਤ ਅਤੇ ਨਾਰੀ) ਵਿਚੋਂ ਤਲਾਸ਼ਦਾ ਹੈ। ਕਾਲੀ ਦੇ ਪਾਤਰ ਤਸੀਹਿਆਂ ਵਿਚੋਂ ਬਲਵਾਨ ਹੋ ਕੇ ਨਿਕਲਦੇ ਹਨ। ਦਰਸ਼ਨ ਇਸ ਦਾ ਵਾਹਕ ਹੈ। ਸੰਤ ਪ੍ਰੇਰਕ ਹੈ। ਅਸਲ ਵਿਚ ਇਹ ਦਸਤਾਵੇਜ਼ (ਜਿਸ ਨੂੰ ਕਾਲੀ ਆਪੇ ਨਾਵਲ ਕਹਿੰਦਾ ਹੈ ਉਸ ਦੀ ਸਿਰਜਣਾ ਦੇ ਪ੍ਰੇਰਕ ਹਨ। ਇਹ ਕਿਤਾਬ ਅਧਾਰ ਹੈ ਨਾਵਲ ਅਜੇ ਬਣਨਾ ਹੈ। ਹਰ ਭਾਸ਼ਾ ਦੇ ਨਾਵਲ ਦੀ ਇਕ ਆਭਾ ਹੁੰਦੀ ਹੈ।) ਕਾਲੀ ਇਸ ਨੂੰ ਸਮਝੇ। ਉਸ ਵਿਚ ਅਥਾਹ ਸ਼ਕਤੀ ਹੈ ਪ੍ਰੰਤੂ ਧੀਰਜ ਦਰਕਾਰ ਹੈ।

**ਡਾ. ਕੁਲਵੰਤ ਸਿੰਘ ਸੰਧੂ**


5ਆਬ ਇਕ ਪ੍ਰਕਾਸ਼ਨ ਹੀ ਨਹੀਂ ਸਗੋਂ ਸਾਹਿਤ, ਚਿੰਤਨ ਅਤੇ ਸਭਿਆਚਾਰ ਦੇ ਖੇਤਰ ਵਿਚ ਇਕ ਲਹਿਰ ਹੈ। ਹੁਣ ਤਕ ਅਸੀਂ ਲਗਭਗ ਸਾਢੇ ਤਿੰਨ ਦੇ ਕਰੀਬ ਟਾਈਟਲ ਛਾਪ ਚੁੱਕੇ ਹਾਂ। ਇਨ੍ਹਾਂ ਵਿਚ ਸਾਹਿਤ ਚਿੰਤਨ ਅਤੇ ਰਾਜਨੀਤੀ ਨਾਲ ਸੰਬੰਧਤ ਪੁਸਤਕਾਂ ਵੀ ਸ਼ਾਮਲ ਹਨ। ਅਸੀਂ ਇਹ ਸੋਚਦੇ ਹਾਂ ਕਿ ਪ੍ਰਕਾਸ਼ਨ ਸਿਰਫ਼ ਇਕ ਕਿੱਤਾ ਨਹੀਂ ਸਗੋਂ ਲੋਕਾਂ ਨੂੰ ਉੱਤਮ ਸਾਹਿਤ ਅਤੇ ਅਗਾਂਹਵਧੂ ਰਾਜਨੀਤੀ ਅਤੇ ਚਿੰਤਨ ਦੇ ਫੈਲਾਅ ਦਾ ਮਾਧਿਅਮ ਵੀ ਹੈ। ਅਸੀਂ ਇਸ ਵਿਚਾਰ ਨੂੰ ਧਿਆਨ ਵਿਚ ਰੱਖ ਕੇ ਪ੍ਰਕਾਸ਼ਨ ਦੇ ਕੰਮ ਵਿਚ ਉੱਤਰੇ ਹਾਂ। ਹੁਣ ਤਕ ਅਗਾਂਹਵਧੂ ਲੇਖਕਾਂ ਅਤੇ ਸੁਹਿਰਦ ਸਿਰਜਣਕਾਰਾਂ ਵੱਲੋਂ ਭਾਰੂ ਹੁੰਗਾਰਾ ਮਿਲਿਆ ਹੈ। ਇਸੇ ਹੁੰਗਾਰੇ ਨੂੰ ਧਿਆਨ ਵਿਚ ਰੱਖਦੇ ਹੋਏ ਅਸੀਂ ਪ੍ਰਕਾਸ਼ਨ ਨਾਲ ਸੰਬੰਧਿਤ ਕੁਝ ਪ੍ਰਤਿਮਾਨ ਸਥਾਪਤ ਕਰਨ ਦੀ ਕੋਸ਼ਿਸ਼ ਕੀਤੀ ਹੈ। ਉਮੀਦ ਹੈ ਸੁਹਿਰਦ ਲੇਖਕ ਤੇ ਪਾਠਕ ਇਸ ਨੂੰ ਭਰਪੂਰ ਹੁੰਗਾਰਾ ਦੇਣਗੇ। **ਕੇਸਰ ਸਿੰਘ**

**ਸੰਚਾਲਕ 5ਆਬ ਪ੍ਰਕਾਸ਼ਨ**

**1,2 ਦੇਸ਼ ਭਗਤ ਯਾਦਗਾਰ ਬਿਲਡਿੰਗ, ਜੀ.ਟੀ. ਰੋਡ ਜਲੰਧਰ**

**ਮੋਬਾਇਲ: 98140-87063**

## ਪਾਠਕ ਪ੍ਰਤੀਕਿਰਿਆ

### ਪਰਵਾਸੀ ਕਹਾਣੀ ਗੋਸ਼ਟੀ 2019

ਹਰ ਸਾਲ ਵਾਂਗ ਪਿਛਲੇ ਸਾਲ ਨਵੰਬਰ 2019 'ਚ ਵੀ ਅਦਾਰਾ ਪ੍ਰਵਚਨ ਦੇ ਸਹਿਯੋਗ ਨਾਲ ਡਲਹੌਜ਼ੀ 'ਚ ਪਰਵਾਸੀ ਪੰਜਾਬੀ ਕਹਾਣੀ ਤੇ ਗੋਸ਼ਟੀ ਕਰਵਾਈ ਗਈ। ਇਸ ਗੋਸ਼ਟੀ 'ਚ ਜੁੜੇ ਸਾਹਿਤਕਾਰਾਂ ਵਲੋਂ ਪਰਵਾਸੀ ਕਹਾਣੀ ਤੇ ਨਿਠ ਕੇ ਚਰਚਾ ਕੀਤੀ ਗਈ। ਇਸ ਗੋਸ਼ਟੀ 'ਚ ਵਿਚਾਰ ਗੋਚਰੇ ਮੇਰੀ ਵੀ ਕਹਾਣੀ ਸੀ। ਭਾਵੇਂ ਮੈਂ ਇਸ ਗੋਸ਼ਟੀ ਤੇ ਪਹੁੰਚਣ ਦਾ ਪ੍ਰੋਗਰਾਮ ਪੂਰੀ ਤਰ੍ਹਾਂ ਬਣਾਇਆ ਹੋਇਆ ਸੀ ਪਰ ਅਚਾਨਕ ਕੁੱਝ ਦਿਨ ਪਹਿਲਾਂ ਸਿਹਤ ਵਿਗੜਨ ਕਰਕੇ ਮੈਂ ਪਹੁੰਚ ਨਹੀਂ ਸਾਂ ਸਕਿਆ। ਸਭ ਤੋਂ ਪਹਿਲਾਂ ਮੈਂ ਸਾਰੇ ਹੀ ਵਿਦਵਾਨਾਂ ਦਾ ਤਹਿ ਦਿਲੋਂ ਧੰਨਵਾਦੀ ਹਾਂ ਜਿਨ੍ਹਾਂ ਆਪਣੇ ਰੁਝੇਵਿਆਂ ਭਰੀ ਜ਼ਿੰਦਗੀ 'ਚੋਂ ਸਮਾਂ ਕੱਢ ਕੇ ਵਿੱਤ ਅਨੁਸਾਰ ਆਪਣੀ ਰਾਏ ਦੇ ਕੇ ਯੋਗਦਾਨ ਪਾਇਆ। ਮੈਨੂੰ ਇਹ ਸਵੀਕਾਰਨ 'ਚ ਕੋਈ ਦਿੱਕਤ ਨਹੀਂ ਕਿ ਇਨ੍ਹਾਂ ਚੌਂਹ ਕਹਾਣੀਆਂ 'ਚੋਂ ਮੇਰੀ ਕਹਾਣੀ ਚੌਥੇ ਨੰਬਰ ਦੀ ਸੀ। ਮੈਂ ਇਸਦੀ ਕੋਈ ਸਫਾਈ ਵੀ ਨਹੀਂ ਦੇਣੀ ਚਾਹਾਂਗਾ। ਮੇਰੀ ਇਹ ਸੋਚ ਵੀ ਹੈ ਕਿ ਜੇ ਮੇਰੀਆਂ ਕਹਾਣੀਆਂ ਤੇ ਵਿਦਵਾਨਾਂ ਨੇ ਬਹੁਤ ਵਾਰੀ ਚੰਗੇ ਹੋਣ ਦੀ ਪਹਿਲੋਂ ਮੋਹਰ ਵੀ ਲਾਈ ਸੀ ਤੇ ਮੈਨੂੰ ਚੰਗਾ ਵੀ ਲੱਗਾ ਸੀ ਤੇ ਹੁਣ ਉਨ੍ਹਾਂ ਦੀ ਇਸ ਕਹਾਣੀ ਬਾਰੇ ਦਿੱਤੀ ਰਾਏ ਦੀ ਵੀ ਕਦਰ ਕਰਨੀ ਚਾਹੀਦੀ ਹੈ। ਸਾਰੇ ਹੀ ਵਿਦਵਾਨਾਂ ਨੇ ਆਪਣੀ ਸੂਝ ਮੁਤਾਬਿਕ ਜੋ ਕੁਝ ਵੀ ਕਿਹਾ ਉਹ ਮੈਨੂੰ ਬਹੁਤਾ ਦਰੁਸਤ ਹੀ ਲੱਗਾ ਤੇ ਬਿਨਾਂ ਕਿਸੇ ਕਿੰਤੂ-ਪ੍ਰੰਤੂ ਤੋਂ ਸਵੀਕਾਰਦਾ ਹਾਂ। ਪਰ ਇੱਕ ਦੋਂਹ ਨੇ ਮੇਰੇ ਅੰਗ੍ਰੇਜ਼ੀ ਦੇ ਵਰਤੇ ਲਫਜ਼ (Third Gender) ਬਾਰੇ ਤੇ ਮੈਨੂੰ ਇਸਦੇ ਅਰਥਾਂ ਦਾ ਨਾ ਪਤਾ ਹੋਣ ਦੀ ਵੀ ਗੱਲ ਕੀਤੀ ਸੀ। ਮੈਂ ਇਸ ਨਾਲ ਬਿਲਕੁਲ ਸਹਿਮਤ ਨਹੀਂ ਹਾਂ। ਸ਼ਾਇਦ ਏਨੇ ਵਰ੍ਹੇ ਇੰਗਲੈਂਡ ਵਿਚ ਰਹਿਣ ਤੇ 20 ਸਾਲ ਤੋਂ ਵੀ ਬਹੁਤਾ ਚਿਰ ਇੱਥੋਂ ਦੇ ਵਿਦਿਅਕ ਢਾਂਚੇ ਨਾਲ ਜੁੜੇ ਰਹਿਣ ਮਗਰੋਂ ਵੀ ਇਸ ਦੇ ਅਰਥਾਂ ਦਾ ਪਤਾ ਨਾ ਹੋਣ ਦੀ ਗੱਲ ਕਰਨੀ, ਇਹ ਮੈਨੂੰ ਮੇਰੇ ਨਾਲ ਜ਼ਿਆਦਤੀ ਮਹਿਸੂਸ ਹੋਈ ਹੈ ਤੇ ਉਨ੍ਹਾਂ ਦੀ ਆਪਣੇ ਵਿਦਵਾਨ ਹੋਣ ਦੀ ਨਿੱਜੀ-ਚਾਸ਼ਣੀ 'ਚ ਵਲੇਟੀ ਗਲਤ-ਫਹਿਮੀ ਵੀ ਹੋ ਸਕਦੀ ਹੈ। 'ਵ' ਤੇ 'ਬ' ਦੀ ਵਰਤੋਂ ਤੇ ਮੈਨੂੰ ਸਦਾ ਹੀ ਹਲੂਣਿਆ ਜਾਂਦਾ ਹੈ ਪਰ ਮੈਂ ਫੇਰ ਵੀ ਗਲਤੀ ਕਰਦਾ ਹੀ ਰਹਿੰਦਾ ਹਾਂ। ਸ਼ਾਇਦ ਦੁਆਬੀਆ ਹੋਣ ਕਰਕੇ ਇਹ ਬਲਾ ਟਲਦੀ ਨਜ਼ਰ ਨਹੀਂ ਆਉਂਦੀ। ਸਾਰਿਆਂ ਹੀ ਕਹਾਣੀਆਂ ਬਾਰੇ ਆਪੋ-ਆਪਣੇ ਵਿਚਾਰ ਦਿੱਤੇ ਤੇ ਊਣਤਾਈਆਂ 'ਤੇ ਉਂਗਲੀ ਧਰੀ, ਮੈਨੂੰ ਪਰਵਾਨ ਹੈ ਤੇ ਮੈਂ ਸ਼ੁਕਰਗੁਜ਼ਾਰ ਹਾਂ। ।ਬਲਬੀਰ ਪਰਵਾਨਾ ਤੇ ਰਜਨੀਸ਼ ਬਹਾਦਰ ਕੁਝ ਸੰਕੋਚ ਕਰ ਗਏ, ਮੈਨੂੰ ਇਹ ਵੀ ਮਹਿਸੂਸ ਹੋਇਆ ਹੈ। ਉਨ੍ਹਾਂ ਨੂੰ ਵੀ ਖੁਲ੍ਹ ਕੇ ਕਹਿ ਦੇਣਾ ਚਾਹੀਦਾ ਸੀ। ਮੈਂ ਤਹਿ ਦਿਲੋਂ ਸਭ ਦਾ ਰਿਣੀ ਹਾਂ ਤੇ ਸ਼ਾਇਦ ਉਨ੍ਹਾਂ ਦੀਆਂ ਦਿੱਤੀਆਂ ਟਿੱਪਣੀਆਂ, ਜੇ ਹੋਰ ਲਿਖ ਸਕਿਆ ਤਾਂ, ਅਗਾਂਹ ਲਈ ਮੈਨੂੰ ਚੰਗੀ ਕਹਾਣੀ ਲਿਖਣ ਲਈ ਸਹਾਈ ਹੋਣਗੀਆਂ। ਅਫਸੋਸ ਇੱਕ ਗੱਲ ਦਾ ਥੋਹੜਾ ਜਿਹਾ ਹੋਰ ਵੀ ਹੈ ਕਿ ਕਿਸੇ ਨੇ ਕਿ ਇੱਕ ਚੰਗੀ ਕਹਾਣੀ, ਕਿਹੋ ਜਹੀ ਹੋਣੀ ਚਾਹੀਦੀ ਹੈ ਤੇ ਕੋਈ ਬਹੁਤਾ ਨਿੱਗਰ ਸੁਝਾਅ ਵੀ ਨਹੀਂ ਦਿਤਾ। ਇਹ ਵੀ ਹੋ ਸਕਦਾ ਹੈ ਕਿ ਉਨ੍ਹਾਂ ਨੂੰ ਕਹਾਣੀਆਂ ਤੇ ਸਿਰਫ ਆਪਣੇ ਵਿਚਾਰ ਦੇਣ ਨੂੰ ਹੀ ਕਿਹਾ ਗਿਆ ਹੋਵੇ, ਸੁਝਾਅ ਦੇਣ ਲਈ ਨਹੀਂ। ਮੈਂ ਜੋ ਕੁਝ ਮਸੂਿਸ ਕੀਤਾ ਉਹ ਬਿਨਾਂ ਕਿਸੇ ਝਿਝਕ ਦੇ ਕਹਿ ਰਿਹਾ ਹਾਂ। ਜੇ ਕੁਝ ਵਾਧੂ ਕਿਹਾ ਗਿਆ ਹੋਵੇ ਤਾਂ ਪਹਿਲੋਂ ਹੀ ਖਿਮਾ ਮੰਗ ਲੈਂਦਾ ਹਾਂ।

**ਸੰਤੋਖ ਧਾਲੀਵਾਲ**

ਸੰਪਾਦਕ ਪ੍ਰਵਚਨ,

ਮੈਂ ਪ੍ਰਵਚਨ, ਦਾ ਪੰਦਰਾਂ ਸਾਲ ਤੋਂ ਪਾਠਕ ਹਾਂ। ਪ੍ਰਵਚਨ ਅਤੇ ਸਿਰਜਣਾ ਨੇ ਆਪਣਾ ਮਿਆਰ ਕਾਇਮ ਰੱਖਿਆ ਹੋਇਆ ਹੈ। ਇਸੇ ਲਈ ਇਨ੍ਹਾਂ ਨੂੰ ਮਸ਼ਹੂਰੀ ਦੀ ਲੋੜ ਨਹੀਂ। ਇਹ ਪਰਚਾ ਨਿਰੋਲ ਆਪਣੇ ਮਿਆਰੀ ਮੈਟਰ ਕਰਕੇ ਖੜਾ ਹੈ। ਪਰਚੇ ਦੀ ਪਛਾਣ ਉਸਦੇ ਸੰਪਾਦਕ ਨਾਲ ਬਣਦੀ ਹੈ। ਪ੍ਰਵਚਨ ਲਈ ਸ਼ੁਭ ਇਛਾਵਾਂ।

**-ਗੁਰਦੇਵ ਸਿੰਘ ਗਿੱਲ, ਮੋਗਾ**

ਸਤਿਕਾਰਤ ਸੰਪਾਦਕ ਜੀ,


ਡਲਹੌਜੀ ਗੋਸ਼ਟੀ ਵਿਸ਼ੇਸ਼ ਅੰਕ ਸਾਂਭਣਯੋਗ ਦਸਤਾਵੇਜ਼ ਹੈ। ਉਂਝ ਤਾਂ ਪੰਜੇ ਕਹਾਣੀਆਂ ਠੀਕ ਹਨ ਪ੍ਰੰਤੂ ਹਰਪ੍ਰੀਤ ਸੇਖਾਂ ਦੀ ਕਹਾਣੀ, ਉਹ ਰਾਤ ਅਤੇ ਸੰਤੋਖ ਧਾਰੀਵਾਲ ਦੀ ਕਹਾਣੀ 'ਕਿਸਮਸ ਈਵ' ਸਮੱਸਿਆ ਦੇ ਦੋ ਪੱਖਾਂ ਨੂੰ ਪੇਸ਼ ਕਰਦੀਆਂ ਹਨ। ਬਹਿਸ ਬਹੁਤ ਮਹੱਤਵਪੂਰਨ ਹੈ। ਕਹਾਣੀਆਂ ਦੇ ਬਹਾਨੇ ਪਰਵਾਸੀ ਕਹਾਣੀ ਬਾਰੇ ਬਹੁਤ ਵਧੀਆਂ ਗੱਲਾਂ ਹੋਈਆਂ ਹਨ। ਪੜ੍ਹ ਕੇ ਪਰਵਾਸੀ ਕਹਾਣੀ ਦਾ ਇਕ ਦ੍ਰਿਸ਼ ਸਾਹਮਣੇ ਸਾਕਾਰ ਹੋ ਗਿਆ। 'ਪ੍ਰਵਚਨ' ਪੰਜਾਬੀ ਸਾਹਿਤ ਦਾ ਮਹੱਤਵਪੂਰਨ ਪਰਚਾ ਹੈ। ਇਸ ਵਿਚ ਨਵੇਂ ਸਕਾਲਰਾਂ ਦੇ ਸਿੱਖਣ ਲਈ ਬਹੁਤ ਕੁਝ ਹੈ।

**-ਸਮਸ਼ੇਰ ਸਿੰਘ**
**ਬਸਤੀ ਗਣੇਸ਼ਾਂ, ਬਠਿੰਡਾ**

ਸੰਪਾਦਕ ਜੀ,

'ਪ੍ਰਵਚਨ' ਦਾ ਗੋਸ਼ਟੀ ਅੰਕ ਸਾਹਮਣੇ ਹੈ। ਪਰਵਾਸੀ ਕਹਾਣੀਆਂ ਦੀ ਚੀਰ ਫਾੜ ਬਹੁਤ ਬੇਰਹਿਮੀ ਨਾਲ ਹੋਈ ਹੈ। ਅੰਕ ਇਹ ਵੀ ਬਾਕੀ ਗੋਸ਼ਟੀ ਅੰਕਾਂ ਵਾਂਗ ਸਾਂਭਣਯੋਗ ਹੈ। ਪਰ ਕੁਝ ਗੱਲਾਂ ਵਧੀਆ ਹਨ ਅਤੇ ਕੁਝ ਚੁੱਭਵੀਆਂ ਹਨ। ਸੰਪਾਦਕੀ ਵਿਚਲੇ ਮੁੱਦੇ ਹਰ ਵਾਰ ਵਾਂਗ ਕਮਾਲ ਹਨ। ਪੰਜੇ ਕਹਾਣੀਆਂ ਲਗਭਗ ਇਕੋ ਜਿਹੀਆਂ ਹਨ। ਪਰਵਾਸੀ ਕਹਾਣੀ ਇਕ ਪੜੋ ਜਾਂ ਪੰਜਾਹ ਸੀਮਤ ਮੁੱਦਿਆਂ ਦੁਆਲੇ ਘੁੰਮਦੀਆਂ ਹਨ। ਪੰਜਾਬੀਆਂ ਦੇ ਪੰਜਾਬ ਵਰਗੇ ਮੁੱਦੇ ਗੋਰਿਆਂ ਬਾਰੇ ਸੱਠਵਿਆਂ ਦੀਆਂ ਬਣੀਆਂ ਧਾਰਨਾਵਾਂ ਸਭ ਇਕੋ ਜਿਹਾ। ਧਨਵੰਤ ਕੌਰ ਦਾ ਪੇਪਰ ਅਕਾਦਮਿਕ ਜਿਹਾ ਹੈ। ਬਹਿਸ ਕਰਨ ਵਾਲਿਆਂ ਵਿਚ ਇੱਜੜ ਪ੍ਰਵਿਰਤੀ ਭਾਰੂ ਹੈ। ਜੇ ਜੱਖਣਾ ਵੱਢਣ ਲਗਦੇ ਹਨ ਸਾਰੇ ਉਸੇ ਪਾਸੇ ਤੁਰਦੇ ਹਨ। ਕਿਤੇ-ਕਿਤੇ ਸੰਵਾਦ ਤੁਰਦਾ ਲਗਦਾ ਹੈ। ਗੇੜੇ ਵਾਲੇ ਪਰਵਾਸੀਆਂ ਦੀ ਪ੍ਰਸੰਗਾਂ ਤੋਂ ਇਹ ਗੋਸ਼ਟੀ ਮੁਕਤ ਹੈ। ਇਹ ਗੱਲ ਵਧੀਆ ਹੈ। ਕਹਾਣੀ ਗੋਸ਼ਟੀ ਦੇ ਸਿੱਟਿਆਂ ਵਾਲਾ ਹਿੱਸਾ ਵਧੀਆ ਹੈ। ਕੁਲ ਮਿਲਾ ਕੇ ਯਤਨ ਵਧੀਆ ਹੈ।

**-ਅਨਮੋਲ ਕੁਮਾਰ**
**ਸੰਤ ਨਗਰ, ਪਟਿਆਲਾ।**




ਡਾ. ਰਜਨੀਸ਼ ਬਹਾਦਰ ਸਿੰਘ ਸਮਕਾਲੀ ਪੰਜਾਬੀ ਆਲੋਚਨਾ ਦੇ ਖੇਤਰ ਵਿਚ ਨਿਰੰਤਰ ਕਾਰਜਸ਼ੀਲ ਉਹ ਆਲੋਚਕ ਹੈ ਜਿਸਨੇ ਆਪਣੀ ਸਾਰੀ ਊਰਜਾ ਪੰਜਾਬੀ ਗਲਪ ਦੇ ਅਧਿਐਨ ਉੱਤੇ ਲਗਾਈ ਹੈ। ਉਸ ਦੀ ਸਮੀਖਿਆ ਦ੍ਰਿਸ਼ਟੀ ਮਾਰਕਸਵਾਦੀ ਚਿੰਤਨ ਵਿਚੋਂ ਆਕਾਰ ਗ੍ਰਹਿਣ ਕਰਦੀ ਹੈ ਪਰ ਉਹ ਸਿਧਾਂਤਕ ਹੱਠਧਰਮੀ ਦੀ ਥਾਂ ਬਦਲੀਆਂ ਸਥਿਤੀਆਂ ਨੂੰ ਹੁੰਗਾਰਾ ਦੇਣ ਦੀ ਬਿਰਤੀ ਕਾਰਣ ਗਤਿਸ਼ੀਲ ਮਾਰਕਸੀ ਪਹੁੰਚ ਦਾ ਧਾਰਣੀ ਪ੍ਰਤੀਤ ਹੁੰਦਾ ਹੈ। ਨਾਵਲੀ ਪਾਠਾਂ ਦਾ ਅਧਿਐਨ ਕਰਦਿਆਂ ਉਹ ਨਾਵਲੀ ਸੰਸਾਰ ਨੂੰ ਠੋਸ ਇਤਿਹਾਸਕ ਸੰਦਰਭਾਂ ਨਾਲ ਜੋੜ ਕੇ ਵਿਆਖਿਆਉਂਦਾ ਹੈ ਪਰ ਨਾਲ ਹੀ ਉਹ ਨਾਵਲੀ ਰੂਪ-ਵਿਧਾ ਅਤੇ ਕਥਾ-ਭਾਸ਼ਾ ਦੇ ਮਸਲਿਆਂ ਨੂੰ ਅੱਖੋਂ ਪਰੋਖੇ ਨਹੀਂ ਕਰਦਾ। ਡਾ. ਰਜਨੀਸ਼ ਬਹਾਦਰ ਨੇ ਆਪਣੀ ਇਸ ਕਿਤਾਬ ਵਿਚ ਨਾਵਲ ਦੀ ਵਿਧਾ, ਪੰਜਾਬੀ ਨਾਵਲ ਪਰੰਪਰਾ ਅਤੇ ਇਸ ਪਰੰਪਰਾ ਨੂੰ ਨਿਰੰਤਰਤਾ ਬਖ਼ਸ਼ਣ ਅਤੇ ਰੂਪਾਂਤਰਿਤ ਕਰਨ ਵਾਲੇ ਸੱਤ ਨਾਵਲਕਾਰਾਂ ਦੇ ਪ੍ਰਤਿਨਿਧ ਨਾਵਲੀ ਪਾਠਾਂ ਦਾ ਗਹਿਰ ਗੰਭੀਰ ਵਿਸ਼ਲੇਸ਼ਣ ਪ੍ਰਸਤੁਤ ਕੀਤਾ ਹੈ। ਉਹ ਨਾਵਲ ਦੀ ਵਿਧਾ ਅਤੇ ਪੰਜਾਬੀ ਨਾਵਲ ਪਰੰਪਰਾ ਦੇ ਸਰੂਪ ਨਾਲ ਜੁੜੇ ਬੁਨਿਆਦੀ ਸਵਾਲਾਂ ਨੂੰ ਇੱਕ ਵਾਰ ਫ਼ਿਰ ਉਠਾਉਂਦਾ ਹੈ ਅਤੇ ਆਪਣੀ ਸਮਝ ਅਨੁਸਾਰ ਤਰਕਪੂਰਣ ਵਿਸ਼ਲੇਸ਼ਣ ਉਪਰੰਤ ਉਨ੍ਹਾਂ ਦੇ ਜਵਾਬ ਦਿੰਦਾ ਹੈ। ਉਸ ਨੇ ਪੰਜਾਬੀ ਨਾਵਲ ਪਰੰਪਰਾ ਦੀਆਂ ਮੁੱਲਵਾਨ ਕ੍ਰਿਤੀਆਂ 'ਸੁੰਦਰੀ' (ਭਾਈ ਵੀਰ ਸਿੰਘ), 'ਚਿੱਟਾ ਲਹੂ' (ਨਾਨਕ ਸਿੰਘ), 'ਰਾਤ ਬਾਕੀ ਹੈ' (ਜਸਵੰਤ ਸਿੰਘ ਕੰਵਲ), 'ਮੜ੍ਹੀ ਦਾ ਦੀਵਾ' (ਗੁਰਦਿਆਲ ਸਿੰਘ) ਦਾ ਅਧਿਐਨ ਤਾਂ ਕੀਤਾ ਹੀ ਹੈ ਪਰ ਇਨ੍ਹਾਂ ਦੇ ਨਾਲ ਉਸ ਨੇ ਅਗਲੇ ਦੌਰ ਦੀਆਂ ਨਾਵਲੀ ਕਿਰਤਾਂ 'ਕੰਜਕਾਂ' (ਸਵਰਨ ਚੰਦਨ), 'ਕਾਲ ਕਥਾ' (ਮਨਮੋਹਨ ਬਾਵਾ) ਅਤੇ 'ਬਹੁਤ ਸਾਰੇ ਚੁਰੱਸਤੇ' (ਬਲਬੀਰ ਪਰਵਾਨਾ) ਨੂੰ ਵੀ ਉਨ੍ਹਾਂ ਜਿੰਨਾ ਹੀ ਮਹੱਤਵ ਪ੍ਰਦਾਨ ਕੀਤਾ ਹੈ। ਇਨ੍ਹਾਂ ਨਾਵਲਾਂ ਦਾ ਅਧਿਐਨ ਕਰਦਿਆਂ ਉਸ ਨੇ ਨਾਵਲੀ ਪਾਠਾਂ ਵਿਚ ਯਥਾਰਥ ਦੀ ਗਤੀਸ਼ੀਲਤਾ ਨੂੰ ਗ੍ਰਹਿਣ ਕਰਨ ਅਤੇ ਉਨ੍ਹਾਂ ਦੀ ਬਰਤਾਂਤਕ ਪੇਸ਼ਕਾਰੀ ਦੇ ਮਸਲਿਆ ਨੂੰ ਕੇਂਦਰ ਵਿਚ ਰੱਖਿਆ ਹੈ ਅਤੇ ਪੰਜਾਬੀ ਨਾਵਲ ਦੇ ਵਿਕਾਸ ਦੀਆਂ ਸਮੱਸਿਆਵਾਂ ਨੂੰ ਵਿਚਾਰਿਆ ਹੈ। ਡਾ. ਰਜਨੀਸ਼ ਬਹਾਦਰ ਦੀ ਇਹ ਪੁਸਤਕ ਪੰਜਾਬੀ ਨਾਵਲ ਦੇ ਵਿਦਿਆਰਥੀਆਂ ਅਤੇ ਖੋਜੀਆਂ ਲਈ ਵਿਸ਼ੇਸ਼ ਮਹੱਤਵ ਰੱਖਦੀ ਹੈ। **-ਡਾ. ਸੁਰਜੀਤ**

ਪ੍ਰਕਾਸ਼ਕ: ਚੇਤਨਾ ਪ੍ਰਕਾਸ਼ਨ, ਲੁਧਿਆਣਾ